Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ ਅਤੇ ਹੀਰ-ਕਾਵਿ ਪਰੰਪਰਾ

ਤਰਲੋਚਨ ਸਿੰਘ ਰੰਧਾਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
गुरुकुल कांगड़ी विश्वविद्यालय

DONATION

Forwarded free of Cost, and with the Compliments of Deptt of Education, Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय

ਪੰਜਾਬੀ ਸਭਿਆਚਾਰ
ਅਤੇ
ਹੀਰ ਕਾਵਿ ਪਰੰਪਰਾ

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਵਾਰਿਸਸ਼ਾਹ ਫਾਉਂਡੇਸ਼ਨ ਬਾਰੇ

ਵਾਰਿਸਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ 'ਵਾਰਿਸਸ਼ਾਹ' ਉਤੇ ਖਾਸ ਕਰਕੇ ਅਤੇ ਪੰਜਾਬੀ ਕਿੱਸਾ ਕਾਵਿ ਉੱਤੇ ਆਮ ਕਰਕੇ ਅਧਿਐਨ ਅਤੇ ਖੋਜ ਦਾ ਕਾਰਜ ਕਰਵਾਉਣ ਅਤੇ ਮਹੱਤਵਪੂਰਣ ਗ੍ਰੰਥਾਂ ਨੂੰ ਪ੍ਰਕਾਸ਼ਿਤ ਕਰਨ ਹਿਤ ਕਾਇਮ ਕੀਤੀ ਗਈ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ
ਅਤੇ
ਹੀਰ ਕਾਵਿ ਪਰੰਪਰਾ

पुस्तकालय

DONATION

8303

ਪ੍ਰੋ. ਤ੍ਰਲੋਚਨ ਸਿੰਘ ਰੰਧਾਵਾ
ਐਮ. ਫਿਲ.

Forwarded free of Cost, and with the Compliments of Deptt. of Education, Govt. of India, New Delhi.

ਵ ਫ ਵਾਰਿਸਸ਼ਾਹ ਫਾਉਂਡੇਸ਼ਨ
ਅੰਮ੍ਰਿਤਸਰ—143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

PUNJABI SABHIACHAR ATE HEER-KAV PARAMPRA
(Punjabi Culture and Tradition of Heer Poetry)
Prof. Tarlochan Singh Randhawa, M. Phil.

1992

ਮੁੱਲ : 75 ਰੁਪਏ

ਪ੍ਰਕਾਸ਼ਕ
ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ-143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕ ਪੁਰਾ, ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय गुरुकुल कांगड़ी विश्वविद्यालय

ਤਤਕਰਾ

DONATION

– ਦੋ ਸ਼ਬਦ 7–8

1. ਸਭਿਆਚਾਰ ਕੀ ਹੈ ? 9–32

ਉਪ-ਸਭਿਆਚਾਰ–13, ਸਭਿਆਚਾਰੀਕਰਣ–14, ਸਾਹਿਤ ਤੇ ਸਭਿਆਚਾਰ–17, ਸਾਹਿਤ, ਲੋਕ-ਸਾਹਿਤ ਅਤੇ ਕਿੱਸਾ ਕਾਵਿ–20, ਕਿੱਸਾ ਕਾਵਿ ਵਿਚ ਯਥਾਰਥ ਦਾ ਸੰਕਲਪ–24.

2. ਹੀਰ ਦਮੋਦਰ ਵਿਚ ਪ੍ਰਤਿਬਿੰਬਿਤ ਪੰਜਾਬੀ ਸਭਿਆਚਾਰ 33–53

ਰਾਜਨੀਤਕ ਸਥਿਤੀ–35, ਧਾਰਮਿਕ ਸਥਿਤੀ–36, ਸੂਫ਼ੀਆਨਾ ਪ੍ਰਭਾਵ–38, ਸਿੱਖ ਧਰਮ ਦਾ ਪ੍ਰਭਾਵ–39, ਸਮਾਜਕ ਸਥਿਤੀ–40, ਆਰਥਿਕ ਸਥਿਤੀ–41, ਭਾਸ਼ਾ ਤੇ ਬੋਲੀ–41, ਪਦਾਰਥਕ ਲੱਛਣ–42, ਪਹਿਰਾਵਾ ਅਤੇ ਹਾਰ ਸ਼ਿੰਗਾਰ–43, ਕਿੱਤੇ, ਆਵਾਜਾਈ ਦੇ ਸਾਧਨ, ਰਹਿਣ ਸਹਿਣ–45, ਮਨੋਰੰਜਨ ਤੇ ਦਿਲ ਪ੍ਰਚਾਵਾ, ਰਸਮੋ ਰਿਵਾਜ–46, ਦਾਨ-ਪੁੰਨ, ਬ੍ਰਾਹਮਣ ਦੀ ਕਦਰ, ਮਾਈਂਏ ਪਾਉਣਾ–47, ਪ੍ਰਾਹੁਣਾ-ਚਾਰੀ–48, ਵਹਿਮ ਭਰਮ ਤੇ ਜੋਗੀ–49, ਕਾਨੂੰਨ ਤੇ ਅਦਾਲਤਾਂ–50.

3. ਹੀਰ ਮੁਕਬਲ ਵਿਚ ਪ੍ਰਤਿਬਿੰਬਿਤ ਪੰਜਾਬੀ ਸਭਿਆਚਾਰ 54–72

ਭਾਸ਼ਾ ਤੇ ਬੋਲੀ–56, ਪਦਾਰਥਕ ਲੱਛਣ, ਖਾਣ ਪੀਣ, ਸ਼ਿਕਾਰ ਖੇਡਣਾ–57, ਪਹਿਰਾਵਾ, ਹਾਰ ਸ਼ਿੰਗਾਰ ਤੇ ਗਹਿਣੇ–58, ਕਿੱਤੇ–59, ਮਨੋਰੰਜਨ ਅਤੇ ਦਿਲ ਪਰਚਾਵਾ–60, ਮਿਥਿਹਾਸ ਅਤੇ ਧਰਮ–61, ਪੰਜ-ਪੀਰ–62, ਜੋਗਮਤ ਦਾ ਪ੍ਰਭਾਵ–63, ਸੂਫ਼ੀਮਤ ਦਾ ਪ੍ਰਭਾਵ, ਸ਼ਗਨ ਪਾਉਣਾ–64, ਤੇਲ ਚੋਣਾ, ਮਹਿੰਦੀ ਲਾਉਣੀ, ਵੱਟਣਾ ਮੱਲਣਾ, ਪਾਣੀ ਵਾਰਨਾ, ਸਿੱਠਣੀਆਂ–65, ਪਰਦਾ ਜਾਂ ਘੁੰਡ, ਚੂਰੀ ਵੰਡਣੀ, ਲੱਸੀ ਮੁੰਦਰੀ, ਦਾਜ–66, ਪ੍ਰਾਹੁਣਾਚਾਰੀ, ਵਹਿਮ ਭਰਮ ਤੇ ਜੋਗੀ–67, ਕਾਨੂੰਨ ਅਤੇ ਨਿਆਂ ਪ੍ਰਣਾਲੀ–68, ਇਸਤਰੀ ਦੀ ਦਸ਼ਾ–69.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਹੀਰ ਦਮੋਦਰ ਅਤੇ ਹੀਰ ਮੁਕਬਲ ਦਾ ਤੁਲਨਾਤਮਕ ਸਭਿਆ-ਚਾਰਕ ਅਧਿਐਨ 73–99

ਕਹਾਣੀ ਦੇ ਆਧਾਰ ਉੱਤੇ : ਦਮੋਦਰ ਅਨੁਸਾਰ ਹੀਰ ਦੀ ਕਹਾਣੀ-74, ਮੁਕਬਲ ਅਨੁਸਾਰ ਹੀਰ ਦੀ ਕਹਾਣੀ-75, ਦੋਹਾਂ ਦਾ ਅੰਤਰ-77, ਦੋਹਾਂ ਵਿਚ ਸਾਂਝ-80, ਪਾਤਰ ਉਸਾਰੀ ਦੇ ਆਧਾਰ ਉਤੇ : ਦਮੋਦਰ ਦੇ ਪਾਤਰ, ਪ੍ਰਮੁੱਖ ਮਰਦ ਪਾਤਰ, ਪ੍ਰਮੁੱਖ ਇਸਤਰੀ ਪਾਤਰ, ਮੁਕਬਲ ਦੇ ਪਾਤਰ-82, ਪ੍ਰਮੁੱਖ ਮਰਦ ਪਾਤਰ, ਪ੍ਰਮੁੱਖ ਇਸਤਰੀ ਪਾਤਰ, ਦਮੋਦਰ ਅਤੇ ਮੁਕਬਲ ਦੀ ਪਾਤਰ ਉਸਾਰੀ ਦੀ ਤੁਲਨਾ-83, ਪਰਾਸਰੀਰਕ ਅੰਸ਼ ਅਤੇ ਪਾਤਰ, ਵਿਚਾਰਧਾਰਾਈ ਜੀਵਨ ਫਿਲਾਸਫ਼ੀ ਦੇ ਆਧਾਰ ਉੱਤੇ-86, ਛੰਦ ਪ੍ਰਬੰਧ-88, ਇਸ਼ਕ ਦਾ ਸੰਕਲਪ-89, ਦੋਹਾਂ ਵਿਚ ਤੁਲਨਾ-92,

5. ਨਿਸ਼ਕਰਸ਼ 100–104

– ਪੁਸਤਕ ਸੂਚੀ 105–108

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਸ਼ਬਦ

ਕਿੱਸਾ ਕਾਵਿ ਪਰੰਪਰਾ ਮੱਧਕਾਲੀਨ ਪੰਜਾਬੀ ਕਾਵਿ ਦੀ ਇਕ ਪ੍ਰਮੁੱਖ ਕਾਵਿ ਧਾਰਾ ਹੈ। ਇਹ ਕਾਵਿ ਧਾਰਾ ਪੰਜਾਬੀ ਕਾਵਿ ਸਾਹਿਤ ਉਤੇ ਲਭ ਭਗ ਚਾਰ ਸਦੀਆਂ ਛਾਈ ਰਹੀ। ਬੇਸ਼ਕ ਕਿੱਸਾ ਕਾਵਿ ਦੇ ਥੀਮ ਇਸ਼ਕ ਤੋਂ ਇਲਾਵਾ ਰੁਮਾਂਸ, ਤਿਆਗ ਭਗਤੀ, ਸੂਰਮਗਤੀ ਤੇ ਉਪਦੇਸ਼ਾਤਮਕ ਵੀ ਕਾਫੀ ਮਕਬੂਲ ਹੋਏ, ਪਰ ਇਨ੍ਹਾਂ ਵਿਚੋਂ ਇਸ਼ਕ ਦੇ ਕਿੱਸਿਆਂ ਦਾ ਕੋਈ ਵੀ ਸਾਨੀ ਨਾ ਬਣ ਸਕਿਆ। ਕੋਈ ਸਮਾਂ ਸੀ ਜਦੋਂ 'ਕਿੱਸੇ' ਲਈ 'ਇਸ਼ਕ' ਸ਼ਬਦ ਹੀ ਰੂੜ੍ਹ ਹੋ ਗਿਆ ਸੀ। ਇਸ਼ਕ ਦੇ ਕਿੱਸਿਆਂ ਵਿਚੋਂ ਸਭ ਤੋਂ ਪਹਿਲਾ ਕਿੱਸਾ 'ਹੀਰ ਰਾਂਝਾ' ਰਚਿਤ ਦਮੋਦਰ ਗੁਲਾਟੀ ਮਿਲਦਾ ਹੈ। ਉਪਰੰਤ ਕਿੱਸਿਆਂ ਦੀ ਅਜੇਹੀ ਝੜੀ ਲੱਗੀ ਕਿ ਸੌ ਤੋਂ ਵੱਧ ਕਿੱਸਾ ਕਵੀਆਂ ਨੇ 'ਹੀਰ ਰਾਂਝੇ' ਦੀ ਗਾਥਾ ਉਤੇ ਕਲਮ ਦੀ ਅਜ਼ਮਾਇਸ਼ ਕੀਤੀ। ਮੱਧਕਾਲ ਵਿਚ 'ਹੀਰ ਰਾਂਝੇ' ਦੀ ਗਾਥਾ ਲੋਕਾਂ ਵਿਚ ਏਨੀ ਹਰਮਨ ਪਿਆਰੀ ਸੀ ਕਿ ਲਗ ਭਗ ਹਰੇਕ ਕਿੱਸਾ ਕਵੀ ਨੇ ਇਸ ਉਤੇ ਕਿੱਸਾ ਲਿਖਣਾ ਚਾਹਿਆ ਜਾਂ ਲਿਖਿਆ। ਸ਼ਾਇਦ ਉਸ ਸਮੇਂ ਹੀਰ ਰਾਂਝੇ ਉਤੇ ਕਿੱਸਾ ਲਿਖਣਾ ਕਿੱਸਾਕਾਰ ਹੋਣ ਦੀ ਕਸਵੱਟੀ ਬਣ ਗਿਆ ਸੀ। ਇਸੇ ਗਾਥਾ ਉਤੇ ਸੱਯਦ ਵਾਰਿਸ ਸ਼ਾਹ ਨੇ ਆਪਣੀ ਇਕੋ ਇਕ ਸ਼ਾਹਕਾਰੀ ਰਚਨਾ 'ਕਿੱਸਾ ਹੀਰ ਰਾਂਝਾ' ਲਿਖ ਕੇ ਸੰਸਾਰ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਇਆ।

ਕਿੱਸਾ ਕਾਵਿ ਪਰੰਪਰਾ ਆਮ ਕਰਕੇ ਅਤੇ ਹੀਰ ਕਾਵਿ ਪਰੰਪਰਾ ਖ਼ਾਸ ਕਰ ਕੇ ਮਧਕਾਲੀਨ ਪੰਜਾਬੀ ਸਭਿਆਚਾਰ ਦਾ ਦਰਪਣ ਪੇਸ਼ ਕਰਦੀ ਹੈ। ਉਸ ਸਮੇਂ ਦੇ ਇਤਿ-ਹਾਸਕ, ਸਮਾਜਕ, ਆਰਥਕ, ਭਾਈਚਾਰਕ ਤੇ ਸਭਿਆਚਾਰਕ ਜੀਵਨ ਉਤੇ ਹੀਰ ਦਮੋਦਰ, ਹੀਰ ਮੁਕਬਲ, ਹੀਰ ਵਾਰਿਸ ਆਦਿ ਵੱਡ ਮੁੱਲੀਆਂ ਦਸਤਾਵੇਜ਼ੀ ਰਚਨਾਵਾਂ ਹਨ। ਪ੍ਰੋ. ਤਰਲੋਚਨ ਸਿੰਘ ਰੰਧਾਵਾ ਨੇ ਪਿਛਲੇ ਕੁਝ ਸਮੇਂ ਵਿਚ ਪੰਜਾਬੀ ਕਿੱਸਾ ਕਾਵਿ ਨੂੰ ਆਪਣੇ ਅਧਿਐਨ ਦਾ ਵਿਸ਼ੇਸ਼ ਖੇਤਰ ਬਣਾਇਆ ਹੈ। ਹਥਲੀ ਰਚਨਾ ਵਿਚ ਉਸ ਨੇ ਹੀਰ ਕਾਵਿ ਪਰੰਪਰਾ ਨਾਲ ਸੰਬੰਧਿਤ 'ਹੀਰ ਦਮੋਦਰ' ਤੇ 'ਹੀਰ ਮੁਕਬਲ' ਨੂੰ ਆਧਾਰ ਬਣਾ ਕੇ ਇਨ੍ਹਾਂ ਦੋਹਾਂ ਰਚਨਾਵਾਂ ਵਿਚ ਪ੍ਰਤਿਬਿੰਬਿਤ ਪੰਜਾਬੀ ਸਭਿਆਚਾਰ ਦਾ ਅਧਿਐਨ ਤੇ ਵਿਸ਼ਲੇਸ਼ਣ ਕੀਤਾ ਹੈ। ਅਸਲ ਵਿਚ ਪੰਜਾਬੀ ਦੇ ਇਹ ਕਿੱਸੇ ਪੰਜਾਬੀ ਸਭਿਆਚਾਰ ਦਾ ਵੱਡਮੁੱਲਾ ਖ਼ਜ਼ਾਨਾ ਹਨ। ਇਨ੍ਹਾਂ ਦੇ ਅਧਿਐਨ ਤੇ ਵਿਸ਼ਲੇਸ਼ਣ ਲਈ ਬੜੇ ਵੱਡੇ ਪ੍ਰਾਜੈਕਟ ਤਿਆਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੇ ਜਾ ਸਕਦੇ ਹਨ। ਇਕ ਇਕ ਰਚਨਾ ਦਾ ਪਾਸਾਰਾ ਅਥਾਹ ਹੈ। ਪ੍ਰੋ. ਤਰਲੋਚਨ ਸਿੰਘ ਦੇ ਅਧਿਐਨ ਦੀਆਂ ਬੰਦਸ਼ਾਂ ਕਾਰਣ ਉਸ ਦਾ ਖੇਤਰ ਸੀਮਿਤ ਹੈ। ਉਸ ਨੇ ਇਨ੍ਹਾਂ ਬੰਦਸ਼ਾਂ ਵਿਚ ਰਹਿੰਦੇ ਹੋਏ ਇਸ ਕਾਵਿ ਪਰੰਪਰਾ ਦੇ ਪੰਜਾਬੀ ਸਭਿਆਚਾਰ, ਦੀ ਮੁੱਢਲੀ ਪਰ ਵਡਮੁੱਲੀ ਜਾਣਕਾਰੀ ਪੇਸ਼ ਕੀਤੀ ਹੈ। ਲੇਖਕ ਨੇ ਸਭਿਆਚਾਰ ਦੇ ਸਿਧਾਂਤਕ ਪਰਿਪੇਖ ਨਾਲ ਜਾਣ ਪਛਾਣ ਕਰਵਾ ਕੇ ਉਸ ਦੇ ਕਿੱਸਾ ਕਾਵਿ ਨਾਲ ਸੰਬੰਧਾਂ ਦਾ ਵਿਸ਼ਲੇਸ਼ਣ ਕੀਤਾ ਹੈ। ਉਪਰੰਤ ਦਮੋਦਰ ਤੇ ਮੁਕਬਲ ਦੀਆਂ ਹੀਰਾਂ ਵਿਚਲੇ ਪ੍ਰਤਿਬਿੰਬਿਤ ਪੰਜਾਬੀ ਸਭਿਆ-ਚਾਰ ਨੂੰ ਉਜਾਗਰ ਕਰਨ ਦਾ ਸ਼ਲਾਘਾ ਯੋਗ ਕੰਮ ਕੀਤਾ ਹੈ। ਇਸ ਖੇਤਰ ਵਿਚ ਕਰਨਯੋਗ ਵਡੇਰੇ ਕਾਰਜਾਂ ਲਈ ਇਸ ਰਚਨਾ ਨੂੰ ਆਧਾਰਸ਼ਿਲਾ ਕਿਹਾ ਜਾ ਸਕਦਾ ਹੈ। ਪ੍ਰੋ. ਰੰਧਾਵਾ ਇਸ ਲਈ ਵਧਾਈ ਦਾ ਹੱਕਦਾਰ ਹੈ।

ਅੰਮ੍ਰਿਤਸਰ

ਬਿਕਰਮ ਸਿੰਘ ਘੁੰਮਣ (ਡਾ.)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਹੈ ਕੀ ?

ਸਭਿਆਚਾਰ ਇਕ ਅਜਿਹਾ ਦਰਪਣ ਹੈ ਜਿਸ ਵਿਚ ਅਸੀਂ ਕਿਸੇ ਕੌਮ ਦੀ ਸਮੁੱਚੀ ਨੁਹਾਰ ਵੇਖ ਸਕਦੇ ਹਾਂ। ਕਿਸੇ ਕੌਮ ਦੀ ਸਮਾਜਕ, ਰਾਜਨੀਤਿਕ, ਆਰਥਿਕ ਤੇ ਮਾਨਸਿਕ ਅਮੀਰੀ ਦਾ ਪ੍ਰਤੀਬਿੰਬ ਉਸ ਦੀ ਸਭਿਆਚਾਰਕ ਸਥਿਤੀ ਤੋਂ ਗਿਆਤ ਕਰ ਸਕਦੇ ਹਾਂ। ਸਭਿਆਚਾਰ ਮਨੁੱਖ ਜਾਤੀ ਦਾ ਸਮਾਜਕ ਵਿਰਸਾ ਹੈ। ਕਿਸੇ ਵੀ ਸਮਾਜਕ ਸੰਗਠਨ ਦਾ ਅਧਿਐਨ ਕਰਨ ਲਈ ਉਸ ਸਮਾਜ ਦੇ ਸਭਿਆਚਾਰ ਨੂੰ ਪੂਰੀ ਨੀਝ ਲਾ ਕੇ ਵੇਖਣਾ ਪੈਂਦਾ ਹੈ। ਸਭਿਆਚਾਰ ਇਕ ਅਜਿਹਾ ਸ਼ਬਦ ਹੈ ਜਿਸ ਦਾ ਪ੍ਰਯੋਗ ਪੜ੍ਹੇ ਲਿਖੇ ਸਭਿਆ ਲੋਕ ਕਰਦੇ ਹਨ। ਹਰੇਕ ਸਮਾਜ ਵਿਚ ਸਭਿਆ ਮਨੁੱਖ ਦੀ ਹੀ ਕਦਰ ਹੁੰਦੀ ਹੈ।

ਸਭਿਆਚਾਰ ਦੇ ਸ਼ਬਦੀ ਅਰਥ ਸਭਿਆ+ਅਚਾਰ ਹਨ। 'ਸਭਿਆ' ਦਾ ਅਰਥ ਹੈ ਸੁਲਝਾਇਆ ਹੋਇਆ ਅਤੇ 'ਅਚਾਰ' ਦਾ ਅਰਥ ਹੈ ਆਚਰਨ । ਭਾਵ ਸੁਲਝਿਆ ਆਚਰਨ ਹੀ ਸਭਿਆਚਾਰ ਹੈ। ਹਿੰਦੀ ਭਾਸ਼ਾ ਵਿਚ ਇਸ ਨੂੰ 'ਸੰਸਕ੍ਰਿਤੀ' ਕਿਹਾ ਜਾਂਦਾ ਹੈ। ਸ਼ਬਦ 'ਸੰਸਕ੍ਰਿਤੀ' ਸੁਧਰੀ, ਸੰਵਾਰੀ, ਉਚੇਰੀ ਅਵਸਥਾ ਵੱਲ ਸੰਕੇਤ ਕਰਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਇਸ ਨੂੰ 'ਕਲਚਰ' ਕਿਹਾ ਜਾਂਦਾ ਹੈ। ਸ਼ਬਦ 'ਕਲਚਰ' ਪਾਲਣਾ, ਪੋਸਣਾ, ਸਾਧਨਾਂ ਨਾਲ ਸੰਬੰਧਿਤ ਹੈ।

ਹਰ ਸਮਾਜ ਦਾ ਆਪੋ ਆਪਣਾ ਜੀਵਨ ਢੰਗ ਹੁੰਦਾ ਹੈ ਜਿਸ ਨੂੰ ਸਭਿਆਚਾਰ ਕਿਹਾ ਜਾਂਦਾ ਹੈ। ਇਹ ਸਭਿਆਚਾਰ ਉਸ ਸਮਾਜ ਦੇ ਕੰਮ, ਸੋਚ, ਕ੍ਰਿਆ ਤੇ ਭਾਵਨਾ ਨੂੰ ਸਪਸ਼ਟ ਕਰਦਾ ਹੈ। ਸਭਿਆਚਾਰ ਵਿਕਾਸ ਕਰਦਾ ਹੈ ਅਤੇ ਇਸ ਵਿਕਾਸ ਪਿਛੇ ਉਸ ਸਮਾਜ ਦਾ ਹਜ਼ਾਰਾਂ ਸਾਲਾਂ ਦਾ ਇਤਿਹਾਸ ਤੇ ਜੀਵਨ ਤਜ਼ਰਬਾ ਹੁੰਦਾ ਹੈ। ਸਾਨੂੰ ਸਭਿਆਚਾਰ ਦੀਆਂ ਕੁਝ ਪਰਿਭਾਸ਼ਾਵਾਂ ਦਾ ਅਧਿਐਨ ਕਰਨਾ ਲਾਭਦਾਇਕ ਸਿੱਧ ਹੋਵੇਗਾ। ਸਭ ਤੋਂ ਪਹਿਲਾਂ ਸਮਾਜ ਵਿਗਿਆਨੀ ਈ. ਬੀ. ਟੇਲਰ ਵਲੋਂ ਸਭਿਆਚਾਰ ਦੀ ਪਰਿਭਾਸ਼ਾ ਵੇਖਾਂਗੇ :

> ਸਭਿਆਚਾਰ ਜਾਂ ਸਭਿਅਤਾ ਉਹ ਜਟਿਲ ਇਕਾਈ ਹੈ, ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੀਤੀ, ਨਿਯਮ, ਰਿਵਾਜ ਅਤੇ ਹੋਰ ਯੋਗਤਾਵਾਂ ਰਹਿੰਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਅਤੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਮਨੁੱਖ ਹਮੇਸ਼ਾਂ ਗ੍ਰਹਿਣ ਕਰਦਾ ਰਹਿੰਦਾ ਹੈ ।[1]

ਟੇਲਰ ਅੱਗੇ ਹੋਰ ਕਹਿੰਦਾ ਹੈ :

> ਸਭਿਆਚਾਰ, ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ ਅਤੇ ਰਿਵਾਜਾਂ ਆਦਿ ਦਾ ਸੰਗ੍ਰਹਿ ਹੈ ।[2]

ਹਰੇਕ ਵਿਅਕਤੀ ਦੀ ਸ਼ਖਸੀਅਤ ਦਾ ਪ੍ਰਗਟਾਵਾ ਉਸ ਦੇ ਸਭਿਆਚਾਰ ਰਾਹੀਂ ਹੁੰਦਾ ਹੈ । ਡਾ. ਸਵਰਨ ਸਿੰਘ ਨੇ ਵਾਇਟ ਵਿਦਵਾਨ ਦੇ ਹਵਾਲੇ ਨਾਲ ਲਿਖਿਆ ਹੈ ਕਿ :

> ਸ਼ਖਸੀਅਤ ਦਾ ਪ੍ਰਗਟਾਵਾ ਸਭਿਆਚਾਰ ਰਾਹੀਂ ਹੀ ਹੋ ਸਕਦਾ ਹੈ । ਵਿਅਕਤੀ ਇਕ ਬਰਤਨ ਹੈ, ਸਭਿਆਚਾਰ ਉਸ ਵਿਚ ਪਈ ਵਸਤੂ ।[3]

ਜੌਹਨ ਕਿਊਬਰ ਨੇ ਸਭਿਆਚਾਰ ਦੇ ਕੁਝ ਲੱਛਣ ਦੱਸੇ ਹਨ ਜੋ ਦੁਨੀਆਂ ਦੇ ਹਰੇਕ ਸਮਾਜ ਦੇ ਲੱਛਣ ਹੋ ਸਕਦੇ ਹਨ । ਉਸ ਅਨੁਸਾਰ "ਸਭਿਆਚਾਰ ਵਿਚ ਬੋਲੀ, ਵਿਆਹ, ਪਰਿਵਾਰਕ ਢਾਂਚਾ, ਸਰਕਾਰ, ਧਰਮ, ਗਿਆਨ, ਆਰਥਿਕ ਢਾਂਚਾ, ਮਨੋਰੰਜਕ ਕ੍ਰਿਆਵਾਂ ਅਤੇ ਕਲਾ ਸਭ ਲੱਛਣ ਆਉਂਦੇ ਹਨ" ।[4]

ਬੋਸ ਅਨਸਾਰ "ਸਭਿਆਚਾਰ ਮਨੁੱਖ ਜਾਤੀ ਦੀਆਂ ਸਮਾਜਕ ਆਦਤਾਂ ਨੂੰ ਪ੍ਰਗਟਾਉਂਦਾ ਹੈ । ਇਸੇ ਤਰ੍ਹਾਂ ਇਹ ਸਮੂਹ ਅਤੇ ਵਿਅਕਤੀ ਦੀਆਂ ਪਰਸਪਰ ਆਦਤਾਂ ਦੀ ਪ੍ਰਤਿਕ੍ਰਿਆ ਨੂੰ ਵੀ ਪ੍ਰਗਟਾਉਂਦਾ ਹੈ । ਸਭਿਆਚਾਰ ਇਨ੍ਹਾਂ ਆਦਤਾਂ ਰਾਹੀਂ ਨਜਿੱਠਿਆ ਮਨੁੱਖੀ ਕ੍ਰਿਆਵਾਂ ਦੀ ਉਪਜ ਦਾ ਵੀ ਪ੍ਰਗਟਾਵਾ ਹੈ ।[5]

ਪ੍ਰਸਿੱਧ ਸਮਾਜ ਸ਼ਾਸਤਰੀ ਕਰੋਬਰ ਤੇ ਕਲਕਹਨ ਨੇ ਸਮਾਜ ਸ਼ਾਸਤਰੀਆਂ, ਮਨੋਵਿਗਿਆਨੀਆਂ ਅਤੇ ਮਾਨਸਿਕ ਰੋਗਾਂ ਦੇ ਵਿਸ਼ੇਸ਼ਗਾਂ ਦੀਆਂ ਸਭਿਆਚਾਰ ਦੀਆਂ ਪਰਿਭਾਸ਼ਾਵਾਂ ਦਾ ਵਿਸ਼ਲੇਸ਼ਣ ਕਰਕੇ ਇਹ ਪਰਿਭਾਸ਼ਾ ਦਿਤੀ —"ਸਭਿਆਚਾਰ ਦੀ ਜੜ੍ਹ ਪਰੰਪਰਾਗਤ ਵਿਚਾਰਾਂ ਅਤੇ ਉਨ੍ਹਾਂ ਨਾਲ ਜੁੜੀਆਂ ਕੀਮਤਾਂ ਵਿਚੋਂ ਲੱਭੀ ਜਾ ਸਕਦੀ ਹੈ । ਇਹ ਕ੍ਰਿਆ ਦੀ ਉਪਜ ਵੀ ਹੈ ਅਤੇ ਰਾਹਨੁਮਾਅ ਵੀ" ।[6]

ਕੁਝ ਭਾਰਤੀ ਵਿਦਵਾਨਾਂ ਨੇ ਵੀ ਸਭਿਆਚਾਰ ਨੂੰ ਪਰਿਭਾਸ਼ਤ ਕੀਤਾ ਹੈ । ਵਾਸਦੇਵ ਸ਼ਰਣ ਅਗਰਵਾਲ ਅਨੁਸਾਰ ਸਭਿਆਚਾਰ ਮਨੁੱਖ ਦੇ ਭੂਤ, ਵਰਤਮਾਨ ਅਤੇ ਭਾਵੀ ਜੀਵਨ ਦੀ ਸਮੁੱਚੀ ਵਿਧੀ ਨੂੰ ਆਖਦੇ ਹਨ ਅਤੇ ਸਾਡੇ ਜੀਵਨ ਦਾ ਢੰਗ ਸਾਡਾ ਸਭਿਆਚਾਰ ਹੈ ।[7]

ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ ਅਨੁਸਾਰ "ਸਭਿਆਚਾਰ ਜੀਊਣ ਦਾ ਇਕ ਢੰਗ ਹੈ, ਜਿਸ ਨੂੰ ਸਮਾਜਕ ਅਤੇ ਸੁਚੇਤ ਜੀਵਨ ਕਹਿੰਦੇ ਹਾਂ । ਉਸ ਦੇ ਵੱਖ ਵੱਖ ਪਹਿਲੂ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਦੇ ਵੱਖ ਵੱਖ ਪੱਖ ਹਨ" ।[8]

ਭਗਵਤ ਸਰਣ ਉਪਧਿਆਇ ਲਿਖਦੇ ਹਨ ਕਿ 'ਜੋ ਕੁਝ ਮਨੁੱਖ ਆਪਣੀਆਂ ਸਰੀਰਕ ਅਤੇ ਮਾਨਸਿਕ ਲੋੜਾਂ ਲਈ ਬਣਾਉਂਦਾ ਹੈ ਜਾਂ ਵਿਕਾਸ ਕਰਦਾ ਹੈ, ਉਸ ਨੂੰ ਸਭਿਆਚਾਰ ਆਖਦੇ ਹਨ" ।[9]

ਡਾ. ਦੇਵ ਰਾਜ ਤਾਂ ਸਭਿਆਚਾਰ ਉਸ ਬੋਧ ਜਾਂ ਚੇਤਨਾ ਨੂੰ ਆਖਦੇ ਹਨ ਜਿਸ ਦੀ ਉਪਯੋਗਤਾ ਸਾਰਾ ਸੰਸਾਰ ਸਵੀਕਾਰ ਕਰਦਾ ਹੋਵੇ ਅਤੇ ਜਿਸ ਦਾ ਵਿਸ਼ਾ ਵਸਤੂ ਹੋਂਦ ਦੇ ਉਹ ਪਹਿਲੂ ਹੋਣ ਜੋ ਨਿਰਲੇਪ ਰੂਪ ਵਿਚ ਅਰਥ ਰੱਖਦੇ ਹੋਣ ।[10]

ਕੁਝ ਹੋਰ ਵਿਦਵਾਨ ਤੇ ਸਮਾਜ ਵਿਗਿਆਨੀਆਂ ਸਭਿਆਚਾਰ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਹੈ । ਕਿੰਗਜ਼ਲੇ ਡੇਵਿਸ ਅਨੁਸਾਰ, "ਸਭਿਆਚਾਰ ਉਹ ਮਹੱਤਵਪੂਰਣ ਮਲਕੀਅਤ ਹੈ ਜੋ ਸਾਰੇ ਮਨੁੱਖੀ ਜੀਵਨ ਵਿਚ ਖਿੱਲਰੀ ਰਹਿੰਦੀ ਹੈ ਅਤੇ ਮਨੁੱਖ ਦੇ ਸਾਰੇ ਬੇ-ਮੇਚ ਗੁਣ ਏਸੇ ਤੇ ਆਧਾਰਿਤ ਹਨ । ਇਹ ਮਨੁੱਖੀ ਹੋਂਦ ਵਿਚ ਇਕ ਹੋਰ ਵਾਧਾ ਕਰਦਾ ਹੈ ਤੇ ਉਸ ਨੂੰ ਮਨੁੱਖ ਬਣਾਉਂਦਾ ਹੈ, ਜਿਸ ਨੇ ਇਸ ਦੀ ਅਣਹੋਂਦ ਵਿਚ ਇਕ ਪਸ਼ੂ ਹੋਣਾ ਸੀ" ।[11] ਇਸੇ ਵਿਦਵਾਨ ਅਨੁਸਾਰ ਮਨੁੱਖ ਜੋ ਕਿ ਇਕ ਸਮਾਜਕ ਪਸ਼ੂ ਹੀ ਹੈ, ਨੇ ਸਭਿਆਚਾਰਕ ਉੱਨਤੀ ਕਰਕੇ ਹੀ ਪਦ ਹਾਸਲ ਕੀਤਾ ਹੈ ਨਹੀਂ ਤਾਂ ਮਨੁਖ ਨੇ ਪਸ਼ੂ ਹੀ ਰਹਿਣਾ ਸੀ । ਇਹੋ ਵਿਦਵਾਨ ਅੱਗੇ ਫਿਰ ਲਿਖਦਾ ਹੈ, 'ਪੰਛੀਆਂ ਵਿਚ ਆਹਲਣਾ ਬਣਾਉਣ ਦਾ ਨਮੂਨਾ ਵਿਰਸੇ ਦੁਆਰਾ ਨਿਸ਼ਚਿਤ ਹੁੰਦਾ ਹੈ ਤੇ ਮਨੁੱਖ ਵਿਚ ਘਰ ਬਣਾਉਣ ਦਾ ਨਮੂਨਾ ਸਭਿਆਚਾਰ ਦੁਆਰਾ ਨਿਸ਼ਚਿਤ ਹੁੰਦਾ ਹੈ" ।[12] ਭਾਵ ਇਹ ਹੋਇਆ ਕਿ ਮਨੁੱਖੀ ਵਿਕਾਸ ਵਿਚ ਸਭਿਆਚਾਰ ਦਾ ਬਹੁਤ ਮਹੱਤਵ ਹੈ ।

ਸਭਿਆਚਾਰ ਦੇ ਲੱਛਣਾਂ ਜਾਂ ਪੱਖਾਂ ਬਾਰੇ ਇਹ ਵਿਦਵਾਨ ਅੱਗੇ ਚੱਲ ਕੇ ਫਿਰ ਲਿਖਦਾ ਹੈ "ਸਭਿਆਚਾਰ ਦੇ ਬੇਅੰਤ ਪੱਖ ਹਨ...ਇਸ ਵਿਚ ਹੁਨਰ, ਸੰਗੀਤ, ਸ਼ਿਲਪ ਕਲਾ, ਸਾਹਿਤ, ਵਿਗਿਆਨ, ਟੈਕਨਾਲੋਜੀ, ਫਿਲਾਸਫੀ, ਮਜ਼੍ਹਬ ਤੇ ਹੋਰ ਲੱਖਾਂ ਚੀਜ਼ਾਂ ਸ਼ਾਮਿਲ ਹਨ । ਸਭਿਆਚਾਰ ਦੇ ਪੂਰਨ ਅਧਿਐਨ ਲਈ ਇਕ ਮਹਾਨ ਵਿਸ਼ਵ ਕੋਸ਼ ਤੇ ਵਿਸ਼ੇਸ਼ਗਾਂ ਦੀ ਫੌਜ ਦੀ ਲੋੜ ਹੋਵੇਗੀ" ।[13]

ਸਵਿੰਦਰਜੀਤ ਕੋਰ ਨੇ ਵਿਦਵਾਨ ਰਿਊਟਰ ਤੇ ਹਾਰਟ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ "ਸਭਿਆਚਾਰ ਮਨੁੱਖ ਦਾ ਸਿਖਿਆ ਹੋਇਆ ਵਿਵਹਾਰ ਹੈ ਜਦੋਂ ਮਨੁੱਖ ਜਨਮ ਲੈਂਦਾ ਹੈ ਤਾਂ ਉਸ ਦੀਆਂ ਕੁਝ ਬੁਨਿਆਦੀ ਲੋੜਾਂ ਹੁੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਆਵੱਸ਼ਕ ਹੈ । ਮਨੁੱਖ ਇਨ੍ਹਾਂ ਦੀ ਪੂਰਤੀ ਆਪ ਦੀ ਸਮਾਜਕ ਹੋਂਦ ਬਣਾਈ ਰੱਖਣ ਲਈ ਕਰਦਾ ਹੈ । ਸੋ ਉਹ ਉਨ੍ਹਾਂ ਲੋੜਾਂ ਦੀ ਪੂਰਤੀ ਲਈ ਆਪਣੇ ਜੀਵਨ ਨੂੰ ਸਮੇਂ ਅਨੁਸਾਰ ਢਾਲਣ ਲਈ ਕਈ ਨਵੇਂ ਢੰਗ ਸਿਖਦਾ ਹੈ, ਕਿਸੇ ਨਾ ਕਿਸੇ ਵਿਵਸਥਾ ਨੂੰ ਵਿਕਸਿਤ ਅਤੇ ਸਥਾਪਿਤ ਕਰਦਾ ਹੈ ਅਤੇ ਇਸ ਸੰਪੂਰਣ ਵਿਵਸਥਾ ਨੂੰ ਹੀ ਸਭਿਆਚਾਰ ਆਖਦੇ ਹਨ" ।[14] ਜਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮਾਜ ਦਾ ਜਿਸ ਤਰ੍ਹਾਂ ਸਭਿਆਚਾਰ ਹੁੰਦਾ ਹੈ ਉਸ ਤਰ੍ਹਾਂ ਦਾ ਹੀ ਉਥੋਂ ਦੇ ਮਨੁੱਖਾਂ ਦਾ ਵਿਅਕਤਿਤਵ ਹੁੰਦਾ ਹੈ ।[15]

ਸਭਿਆਚਾਰ ਦੇ ਕਲਾਵੇ ਵਿਚ ਕੀ ਕੁਝ ਆ ਸਕਦਾ ਹੈ ਇਸ ਬਾਰੇ ਕਲਾਰਕ ਵਿਸਲਰ ਨੇ ਆਪਣੀ ਪੁਸਤਕ ਵਿਚ "ਸਭਿਆਚਾਰ ਦੀ ਰੂਪ ਰੇਖਾ" ਸਿਰਲੇਖ ਹੇਠ ਕੁਝ ਸਭਿਆਚਾਰਕ ਤੱਤਾਂ ਦਾ ਵਰਨਣ ਕੀਤਾ ਹੈ ਜੋ ਇਸ ਤਰ੍ਹਾਂ ਹਨ :

1. ਬੋਲੀ, ਭਾਸ਼ਾਵਾਂ ਤੇ ਉਨ੍ਹਾਂ ਦਾ ਲਿਖਣ ਢੰਗ ਆਦਿ ।

2. ਪਦਾਰਥਕ ਲੱਛਣ ।
   - ੳ. ਭੋਜਨ ਸੰਬੰਧੀ ਆਦਤਾਂ
   - ਅ. ਸਿਰ ਦੀ ਛੱਤ
   - ੲ. ਢੋਆ ਢੁਆਈ ਤੇ ਆਵਾਜਾਈ
   - ਸ. ਪਹਿਰਾਵਾ
   - ਹ. ਭਾਂਡੇ, ਸੰਦ ਆਦਿ
   - ਕ. ਹਥਿਆਰ
   - ਖ. ਕਿੱਤੇ, ਸਨਅਤ

3. ਕਲਾ : ਖੁਦਾਈ, ਚਿੱਤਰਕਾਰੀ, ਰੇਖਾਕਾਰੀ, ਸੰਗੀਤ ਆਦਿ

4. ਮਿਥਿਹਾਸ ਤੇ ਵਿਗਿਆਨਕ ਬੋਧ

5. ਧਾਰਮਿਕ ਰਵਾਇਤਾਂ ।
   - ੳ. ਅਨੁਸ਼ਨਾਨਿਕ ਰੂਪ (ਰੀਤਾਂ ਰਸਮਾਂ)
   - ਅ. ਰੋਗਾਂ ਦਾ ਇਲਾਜ
   - ੲ. ਮੌਤ ਸੰਸਕਾਰ

6. ਪਰਿਵਾਰਕ ਤੇ ਸਮਾਜਿਕ ਪ੍ਰਬੰਧ :
   - ੳ. ਵਿਆਹ ਦੇ ਢੰਗ
   - ਅ. ਰਿਸ਼ਤੇ ਨਾਤੇ ਸਥਾਪਿਤ ਕਰਨ ਦੇ ਢੰਗ
   - ੲ. ਵਿਰਸਾ
   - ਸ. ਸਮਾਜਕ ਸੰਜਮ
   - ਹ. ਖੇਲ, ਤਮਾਸ਼ੇ

7. ਜਾਇਦਾਦ :
   - ੳ. ਸਮੁੱਚੀ ਤੇ ਨਿੱਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅ. ਕਦਰਾਂ ਕੀਮਤਾਂ ਤੇ ਲੈਣ ਦੇਣ ਦੇ ਮਾਪ ਦੰਡ

ੲ. ਵਪਾਰ

8. ਸਰਕਾਰ :

ੳ. ਰਾਜਨੀਤਿਕ ਰੂਪ

ਅ. ਨਿਆਇਕ ਤੇ ਕਾਨੂੰਨੀ ਤੌਰ ਤਰੀਕੇ

9. ਜੰਗ ।[16]

ਉਪਰੋਕਤ ਪਰਿਭਾਸ਼ਾਵਾਂ ਦੀ ਰੌਸ਼ਨੀ ਵਿਚ ਸਭਿਆਚਾਰ ਕਿਸੇ ਕੌਮ ਦੀ ਜੀਉਂਦੀ ਜਾਗਦੀ ਤਸਵੀਰ ਹੁੰਦਾ ਹੈ। ਇਸ ਵਿਚ ਉਸ ਕੌਮ ਦੇ ਅਕੀਦੇ, ਕਦਰਾਂ-ਕੀਮਤਾਂ, ਰੀਤਾਂ-ਰਿਵਾਜ ਆ ਜਾਂਦੇ ਹਨ ਅਤੇ ਕਲਾ, ਨੈਤਿਕਤਾ, ਦੇਸ਼ ਅਤੇ ਮਾਂ ਬੋਲੀ ਪ੍ਰਤੀ ਪਿਆਰ ਦੀ ਭਾਵਨਾ ਵੀ ਪ੍ਰਕਾਸ਼ਮਾਨ ਹੁੰਦੀ ਹੈ। ਸਭ ਕੌਮਾਂ ਅਤੇ ਕੌਮੀਅਤਾਂ ਦੇ ਆਪੋ ਆਪਣੇ ਸਭਿਆਚਾਰ ਹੁੰਦੇ ਹਨ। ਕਿਸੇ ਸਮੂਹ ਦੇ ਸਭਿਆਚਾਰ ਦੀ ਵਿਸ਼ੇਸ਼ਤਾ ਉਸ ਦੀਆਂ ਸ਼੍ਰੋਮਣੀ ਕਦਰਾਂ-ਕੀਮਤਾਂ ਦੇ ਅੱਖਰਾਂ ਵਿਚ ਹੋ ਸਕਦੀ ਹੈ। ਵੱਖ ਵੱਖ ਕੌਮਾਂ ਤੇ ਵੱਖ ਵੱਖ ਦੇਸ਼ ਵੱਖਰੀਆਂ ਵੱਖਰੀਆਂ ਵਸਤਾਂ ਨੂੰ ਉੱਤਮ ਮੰਨਦੇ ਹਨ ਤਾਹੀਉਂ ਸੰਸਾਰ ਵਿਚ ਵੱਖ ਵੱਖ ਸਭਿਆਚਾਰ ਹਨ।

ਉਪ-ਸਭਿਆਚਾਰ :

ਸਭਿਆਚਾਰ ਦੇ ਵਿਸ਼ਲੇਸ਼ਣ ਤੋਂ ਬਾਅਦ ਗੱਲ ਉਪ-ਸਭਿਆਚਾਰ (Sub-culture) ਦੀ ਵੀ ਕਰਨੀ ਹੈ। ਹਰ ਕੌਮ ਦਾ ਇਕ ਕੇਂਦਰੀ ਸਭਿਆਚਾਰ ਹੁੰਦਾ ਹੈ ਅਤੇ ਉਸ ਦੇ ਅੱਗੇ ਕਈ ਉਪ-ਸਭਿਆਚਾਰ ਹੁੰਦੇ ਹਨ। ਉਪ-ਸਭਿਆਚਾਰ ਵੱਖ ਵੱਖ ਸਭਿਆਚਾਰਾਂ ਦੇ ਸੰਘਰਸ਼ ਵਿਚੋਂ ਉਤਪੰਨ ਹੁੰਦੇ ਹਨ ਕਿਉਂਕਿ ਉਨ੍ਹਾਂ ਦੋਹਾਂ ਦਾ ਰਹਿਣ-ਸਹਿਣ ਅਰਥਾਤ ਜੀਵਨ-ਢੰਗ ਵਖੋ ਵੱਖਰਾ ਹੁੰਦਾ ਹੈ। ਮਿਸਾਲ ਵਜੋਂ ਜੇ ਕੁਝ ਲੋਕ ਦੋ ਵੱਖ ਵੱਖ ਖੇਤਰਾਂ ਵਿਚ ਵੱਖ ਵੱਖ ਰਹਿ ਰਹੇ ਹੋਣ ਪਰ ਬਾਅਦ ਵਿਚ ਉਨ੍ਹਾਂ ਨੂੰ ਕਿਸੇ ਇਕ ਵਿਸ਼ੇਸ਼ ਖੇਤਰ ਅੰਦਰ ਮਿਲ ਕੇ ਇਕੱਠਿਆਂ ਰਹਿਣਾ ਪਵੇ ਤਾਂ ਦੋਹਾਂ ਸਭਿਆਚਾਰਾਂ ਦਾ ਸਭਿਆਚਾਰਕ ਸੰਘਰਸ਼ ਹੋਣਾ ਜ਼ਰੂਰੀ ਅਤੇ ਸੁਭਾਵਕ ਹੁੰਦਾ ਹੈ ਕਿਉਂਕਿ ਉਨ੍ਹਾਂ ਲੋਕਾਂ ਦਾ ਸਭਿਆਚਾਰ ਵੱਖ ਵੱਖ ਹੁੰਦਾ ਹੈ।

ਸਭਿਆਚਾਰ ਸੰਸਕਾਰਾਂ ਅਤੇ ਅਚਾਰਾਂ-ਵਿਚਾਰਾਂ ਦਾ ਸਿਰਫ਼ ਜੋੜ ਫਲ ਹੀ ਨਹੀਂ ਸਗੋਂ ਇਸ ਦੇ ਭਿੰਨ ਭਿੰਨ ਤੱਤ ਇਕ ਦੂਜੇ ਨਾਲ ਅੰਤਰ ਸੰਬੰਧਿਤ ਹੁੰਦੇ ਹਨ ਤਾਹੀਉਂ ਤਾਂ ਸਭਿਆਚਾਰ ਇਕ ਜਟਿੱਲ ਸਮੁੱਚ ਅਖਵਾਉਂਦਾ ਹੈ। ਇਨ੍ਹਾਂ ਤੱਤਾਂ ਦੇ ਅੰਤਰ ਸੰਬੰਧਿਤ ਹੋਣ ਕਰਕੇ ਸਭਿਆਚਾਰ ਦੇ ਵੱਖਰੇ ਵੱਖਰੇ ਤੱਤ ਇਕ ਦੂਜੇ ਦਾ ਸੁਭਾਅ ਨਿਸ਼ਚਿਤ ਕਰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਇਕ ਜਟਿਲ ਇਕਾਈ ਦਾ ਰੂਪ ਧਾਰਨ ਕਰ ਚੁੱਕਾ ਹੈ। ਸਭਿਆਚਾਰ ਦੇ ਵੱਖ ਵੱਖ ਤੱਤਾਂ ਦੀ ਵੱਖ ਵੱਖ ਪ੍ਰਕ੍ਰਿਤੀ ਹੈ। ਇਹ ਤੱਤ ਅੰਤਰ-ਨਿਰਭਰ, ਸਹਿ-ਸੰਬੰਧਿਤ, ਪਰਸਪਰ ਵਿਰੋਧੀ ਤੇ ਸਵੈ ਵਿਰੋਧੀ ਹੋ ਸਕਦੇ ਹਨ। ਤਾਹੀਉਂ ਸਭਿਆਚਾਰ ਦੇ ਕਿਸੇ ਵੀ ਪੱਖ ਦਾ ਅਧਿਐਨ ਉਸ ਦੇ ਪਾਸਾਰਾਂ ਨੂੰ ਜਾਨਣ ਤੋਂ ਬਿਨਾਂ ਸੰਭਵ ਨਹੀਂ ਹੈ ਕਿਉਂਕਿ ਸਭਿਆਚਾਰ ਦੇ ਦੋ ਸਮਰੂਪ ਤੇ ਸਮਾਨਾਰਥਕ ਤੱਤ ਵੀ ਵੱਖਰੇ ਵੱਖਰੇ ਪ੍ਰਭਾਵ ਦੇ ਸਕਦੇ ਹਨ ਜਾਂ ਫਿਰ ਇਕ ਤੱਤ ਦੋ ਪ੍ਰਭਾਵ ਵੀ ਦੇ ਸਕਦਾ ਹੈ। ਸਭਿਆਚਾਰ ਦੇ ਅਜੋਕੇ ਰੂਪ ਵਿਚੋਂ ਕਈ ਸਹਿ-ਰੂਪ ਉਤਪੰਨ ਹੋ ਚੁੱਕੇ ਹਨ ਜਿਨ੍ਹਾਂ ਨੂੰ ਅਸੀਂ ਉਪ-ਸਭਿਆਚਾਰ ਆਖ ਸਕਦੇ ਹਾਂ। ਇਨ੍ਹਾਂ ਉਪ-ਸਭਿਆਚਾਰਾਂ ਕਰਕੇ ਸਭਿਆਚਾਰਕ ਅਧਿਐਨ ਦੀਆਂ ਸਮੱਸਿਆਵਾਂ ਵੱਧ ਚੁੱਕੀਆਂ ਹਨ।

ਇਸ ਲਈ ਸਭਿਆਚਾਰਾਂ ਦੇ ਸੰਕਲਪਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਗਿਆ ਹੈ ਜਿਵੇਂ ਕਿਸੇ ਸਮੁੱਚੇ ਸਮਾਜ ਦਾ ਇਕ ਸਭਿਆਚਾਰ ਹੈ ਜਿਹੜਾ ਉਸ ਸਮਾਜ ਦੇ ਸਾਰੇ ਮੈਂਬਰਾਂ ਲਈ ਸਾਂਝਾ ਹੁੰਦਾ ਹੈ ਪਰ ਉਸ ਸਮਾਜ਼ ਵਿਚ ਕਈ ਵੱਖਰੇ ਵੱਖਰੇ ਗਰੁੱਪ ਹੁੰਦੇ ਹਨ ਜਿਨ੍ਹਾਂ ਨੂੰ ਉਪ-ਗਰੁੱਪ ਕਿਹਾ ਜਾ ਸਕਦਾ ਹੈ। ਇਨ੍ਹਾਂ ਉਪ-ਗਰੁੱਪਾਂ ਦਾ ਆਪੋ-ਆਪਣਾ ਜੀਵਨ ਢੰਗ ਵੀ ਹੁੰਦਾ ਹੈ ਜਿਸ ਨੂੰ ਉਪ-ਸਭਿਆਚਾਰ ਕਿਹਾ ਜਾ ਸਕਦਾ ਹੈ। ਮਿਸਾਲ ਵਜੋਂ ਭਾਰਤੀ ਸਮਾਜ ਵਿਚ ਹਿੰਦੂ ਧਰਮ ਇਕ ਗਰੁੱਪ ਹੈ ਅਤੇ ਇਸ ਧਰਮ ਵਿਚ ਵੱਖ ਵੱਖ ਜਾਤਾਂ ਅਤੇ ਉਪ-ਜਾਤਾਂ ਦੇ ਕਈ ਉਪ-ਗਰੁੱਪ ਹਨ ਜਿਨ੍ਹਾਂ ਦਾ ਆਪੋ ਆਪਣਾ ਵੱਖਰਾ ਵੱਖਰਾ ਜੀਵਨ ਢੰਗ ਵੀ ਹੈ ਭਾਵ ਵੱਖਰਾ ਸਭਿਆਚਾਰ ਵੀ ਹੈ ਅਤੇ ਇਹ ਸਾਰੇ ਇਕ ਸਾਂਝੇ ਸਭਿਆਚਾਰ ਦੇ ਅੰਗ ਵੀ ਹਨ। ਸਭਿਆਚਾਰ ਦਾ ਇਹ ਵੀ ਇਕ ਲੱਛਣ ਹੈ ਕਿ ਕਿਸੇ ਇਕ ਗਰੁਪ ਜਾਂ ਉਪ-ਗਰੁੱਪ ਦੇ ਸਾਂਝੇ ਅਨੁਭਵ ਦਾ ਸਿੱਟਾ ਹੁੰਦਾ ਹੈ। ਸਭਿਆਚਾਰ ਤਾਂ ਇਕ ਸਾਂਝਾ ਅਨੁਭਵ ਹੈ। ਇਸ ਦਾ ਘੜਨਹਾਰਾ ਕੋਈ ਇਕ ਵਿਅਕਤੀ ਵਿਸ਼ੇਸ਼ ਨਹੀਂ ਹੋ ਸਕਦਾ।

ਸਭਿਆਚਾਰੀ ਕਰਣ :

ਸਭਿਆਚਾਰੀ ਕਰਣ (Acculturation) ਜੁਗਤ ਅਮਰੀਕਨ ਸਮਾਜ ਵਿਗਿਆਨੀਆਂ ਰਾਹੀਂ ਉਨ੍ਹਾਂ ਤਬਦੀਲੀਆਂ ਨੂੰ ਦਰਸਾਉਣ ਲਈ ਵਰਤੀ ਗਈ ਹੈ ਜੋ ਵੱਖ ਵੱਖ ਸਭਿਆਚਾਰਾਂ ਦੀਆਂ ਪਰੰਪਰਾਵਾਂ ਦੇ ਆਪਸੀ ਮੇਲ ਕਾਰਣ ਹੋਂਦ ਵਿਚ ਆਉਂਦੀਆਂ ਹਨ। "ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ਼" ਅਨੁਸਾਰ ਸਭਿਆਚਾਰੀ-ਕਰਣ ਸਭਿਆਰਾਰਕ ਇਕਾਈਆਂ ਦੀ ਇਕ ਦੂਜੇ ਨਾਲ ਆਦਾਨ-ਪ੍ਰਦਾਨ ਦੀ ਪ੍ਰਕ੍ਰਿਆ ਹੈ। ਅਸਲ ਵਿਚ ਸਭਿਆਚਾਰੀਕਰਣ ਉਨ੍ਹਾਂ ਪਰਪੰਚਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ, ਜਿਨ੍ਹਾਂ ਅਨੁਸਾਰ ਵੱਖ ਵੱਖ ਸਭਿਆਚਾਰਾਂ ਦੇ ਵਿਅਕਤੀ-ਸਮੂਹ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਹਨ ਅਤੇ ਨਤੀਜੇ ਵਜੋਂ ਇਕ ਜਾਂ ਦੋਹਾਂ ਸਭਿਆਚਾਰਾਂ ਦੀਆਂ ਰੂਪ ਵਿਧੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
(Patterns) ਵਿਚ ਤਬਦੀਲੀਆਂ ਵਾਪਰਦੀਆਂ ਹਨ ।[17]

ਸਭਿਆਚਾਰ ਦੀ ਉਤਪਤੀ ਵਿਕਾਸ ਨਾਲ ਹੁੰਦੀ ਹੈ ਕਿਉਂਕਿ ਮਨੁੱਖ ਨੇ ਹੌਲੀ ਹੌਲੀ ਆਪਣੀ ਸੂਝ ਮੁਤਾਬਿਕ ਆਪਣੇ ਆਪ ਨੂੰ ਜੰਗਲੀ ਜੀਵਨ ਤੋਂ ਨਿਖੇੜ ਕੇ ਪਿੰਡਾਂ ਤੇ ਸ਼ਹਿਰਾਂ ਵਲ ਵੱਧਣਾ ਸ਼ੁਰੂ ਕਰ ਦਿੱਤਾ । ਇਸੇ ਅਮਲ ਵਿਚ ਸਭਿਆਚਾਰ ਦਾ ਜਨਮ ਹੋਇਆ ਹੈ । ਭਿੰਨ ਭਿੰਨ ਸਭਿਆਚਾਰਾਂ ਦੇ ਸੁਮੇਲ ਤੋਂ ਸਹਿਜੇ ਨਵੇਂ ਸਭਿਆਚਾਰ ਉਤਪੰਨ ਹੁੰਦੇ ਹਨ ਅਤੇ ਪੁਰਾਣੇ ਸਭਿਆਚਾਰ ਵਿਚ ਸਮੇਂ, ਲੋੜ, ਅਵਸਥਾ ਅਤੇ ਹੋਰ ਅਨੇਕਾਂ ਕਾਰਣਾਂ ਕਰਕੇ ਹੌਲੀ ਹੌਲੀ ਪਰਿਵਰਤਨ ਆਉਂਦਾ ਹੈ । ਕਰੋਬਰ ਅਨੁਸਾਰ "ਸਭਿਆਚਾਰੀ-ਕਰਣ ਦਾ ਅਮਲ ਇਸ ਤਰ੍ਹਾਂ ਹੁੰਦਾ ਹੈ ਕਿ ਵੱਖ ਵੱਖ ਸਭਿਆਚਾਰਾਂ ਦੇ ਲੋਕ-ਸਮੂਹ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਹਨ ਤਾਂ ਉਨ੍ਹਾਂ ਦੇ ਵਾਸਤਵਿਕ ਮੁੱਲਾਂ ਅਤੇ ਰੂਪ ਵਿਧੀਆਂ ਵਿਚ ਪਰਿਵਰਤਨ ਆ ਜਾਂਦਾ ਹੈ । ਇਹ ਵੀ ਸੰਭਵ ਹੈ ਕਿ ਇਸ ਅੰਤਰ ਕ੍ਰਿਆ ਦੇ ਤਨਾਓ ਵਿਚੋਂ ਕੋਈ ਨਵਾਂ ਤੱਤ ਜਾਂ ਨਵੀਂ ਸਮਾਨਤਾ ਉਤਪੰਨ ਹੋ ਜਾਵੇ । ਇਸ ਤਰ੍ਹਾਂ ਸਭਿਆਚਾਰੀ-ਕਰਣ ਨਾਲ ਉਹ ਪਰਿਵਰਤਨ ਸੰਭਵ ਹਨ ਜੋ ਇਕ ਸਭਿਆਚਾਰ ਉਪਰ ਦੂਜੇ ਸਭਿਆ-ਚਾਰ ਦੇ ਪ੍ਰਭਾਵ ਵਜੋਂ ਪੈਦਾ ਹੁੰਦੇ ਹਨ, ਜਿਨ੍ਹਾਂ ਸਦਕਾ ਕੋਈ ਨਵੀਂ ਸਮਰੂਪਤਾ ਹੋਂਦ ਵਿਚ ਆ ਜਾਂਦੀ ਹੈ" ।[18]

ਸਭਿਆਚਾਰੀਕਰਣ ਦਾ ਆਧਾਰ ਕੁਝ ਨਵਾਂ ਗ੍ਰਹਿਣ ਕਰਨਾ ਹੁੰਦਾ ਹੈ । ਸਭਿਆ-ਚਾਰ ਗ੍ਰਹਿਣ ਕੀਤੀ ਹੋਈ ਨਵ-ਪੱਧਤੀ ਨੂੰ ਆਪਣੇ ਸੁਭਾਅ ਅਨੁਸਾਰ ਢਾਲ ਲੈਂਦਾ ਹੈ । ਇਸ ਪ੍ਰਤੀਕਰਮ ਵਜੋਂ ਨਵ-ਪੱਧਤੀ ਵਿਚ ਸੁਧਾਰ ਹੋ ਜਾਂਦਾ ਹੈ । ਨਵ-ਪੱਧਤੀਆਂ ਦੇ ਸੰਚਾਰ ਰਾਹੀਂ ਇਕ ਸਭਿਆਚਾਰ ਦੇ ਤੱਤ ਦੂਸਰੇ ਸਭਿਆਚਾਰ ਵਿਚ ਦਾਖਲ ਹੋ ਜਾਂਦੇ ਹਨ । ਸਿੱਟੇ ਵਜੋਂ ਸਭਿਆਚਾਰੀ ਕਰਣ ਦੀ ਪ੍ਰਕ੍ਰਿਆ ਹੋਂਦ ਵਿਚ ਆ ਜਾਂਦੀ ਹੈ । ਸਭਿਆਚਾਰੀਕਰਣ ਦੇ ਸਿੱਟੇ ਇਹ ਹੁੰਦੇ ਹਨ :

ੳ. ਸਵੀਕਾਰਤਾ

ਅ. ਅਨੁਕੂਲਤਾ

ੲ. ਪ੍ਰਤੀਕਰਮ[19]

ਸਭਿਆਚਾਰੀਕਰਣ ਨਾਲ ਜਿਥੇ ਨਵੀਆਂ ਜੀਵਨ-ਕੀਮਤਾਂ ਪ੍ਰਵਾਨ ਚੜ੍ਹਦੀਆਂ ਹਨ ਉਥੇ ਪੁਰਾਣੀਆਂ ਤੇ ਮੌਲਿਕ ਕੀਮਤਾਂ ਨੂੰ ਉਪਰ ਚੁੱਕਣ ਦਾ ਅਹਿਸਾਸ ਵੀ ਜਾਗਦਾ ਹੈ ਜਿਵੇਂ ਭਾਰਤ ਵਿਚ ਈਸਾਈ ਮਿਸ਼ਨਰੀਆਂ ਦੇ ਪ੍ਰਵੇਸ਼ ਨਾਲ ਹਿੰਦੂ ਸਿੱਖ ਤੇ ਮੁਸਲਿਮ ਸੰਪਰਦਾਵਾਂ ਵਿਚ ਨਵ-ਚੇਤਨਾ ਆਈ । ਸਭਿਆਚਾਰੀਕਰਣ ਦੀ ਗਤੀ ਦਾ ਅਮਲ ਇਕ ਦਮ ਨਹੀਂ ਹੁੰਦਾ, ਸਗੋਂ ਇਹ ਹੌਲੀ ਹੌਲੀ ਵਾਪਰਦਾ ਹੈ । ਸਭਿਆਚਾਰੀਕਰਣ ਦੇ ਅਮਲ ਵਜੋਂ ਸਭਿਆਚਾਰਕ ਤਬਦੀਲੀ ਇਕ ਵਿਆਪਕ ਅਸਰ ਹੈ । ਜਦੋਂ ਦੋ ਜਾਂ ਦੋ ਤੋਂ ਵੱਧ ਸਭਿਆਚਾਰ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਹਨ ਤਾਂ ਉਨ੍ਹਾਂ ਦਾ ਇਕ ਦੂਜੇ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਾਵਿਤ ਹੋਣਾ ਜ਼ਰੂਰੀ ਹੁੰਦਾ ਹੈ । ਹਰੇਕ ਸਭਿਆਚਾਰ ਕਿਸੇ ਦੂਜੇ ਤੋਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਪ੍ਰਭਾਵਿਤ ਹੋ ਕੇ ਆਪਣੀ ਹੋਂਦ ਬਣਾਈ ਰੱਖਦਾ ਹੈ ।

ਮੁਸਲਮਾਨ ਹਮਲਾਵਰ ਬਣ ਕੇ ਆਏ ਸਨ ਤੇ ਇਥੇ ਪੰਜਾਬ ਵੀ ਧਰਤੀ ਉੱਤੇ ਵੱਸ ਗਏ । ਗੈਰ-ਮੁਸਲਮਾਨਾਂ ਨੇ ਉਨ੍ਹਾਂ ਦੇ ਸਭਿਆਚਾਰ ਤੋਂ ਬਹੁਤ ਕੁਝ ਗ੍ਰਹਿਣ ਕਰ ਲਿਆ । ਕਵਾਲੀ, ਗ਼ਜ਼ਲ, ਸਾਰੰਗੀ, ਸਿਤਾਰ ਆਦਿ ਮੁਸਲਿਮ ਸਭਿਆਚਾਰ ਦੀ ਦੇਣ ਹੈ । ਹਿੰਦੂ-ਸਭਿਆਚਾਰ ਵਿਚ ਲਾੜੇ ਨੂੰ ਸਿਹਰੇ ਲਾਉਣੇ, ਲਾੜੀ ਨੂੰ ਨੱਥ ਪਾਉਣੀ ਤੇ ਸ਼ਹਿਨਾਈਆਂ ਦੀ ਆਵਾਜ ਵਿਚ ਮੰਗਲ ਗੀਤ ਗਾਉਣੇ ਮੁਸਲਿਮ ਸਭਿਆਚਾਰ ਦਾ ਹੀ ਪ੍ਰਭਾਵ ਹੈ । ਭਗਵਤ ਸ਼ਰਣ ਉਪਾਧਿ ਆਇ ਅਨੁਸਾਰ, "ਇਸਲਾਮ ਨੇ ਹਿੰਦੂ ਸਮਾਰੋਹਾਂ, ਸਮਾਜਕ ਰੀਤੀਆਂ, ਵਿਚਾਰ ਤੇ ਆਦਰਸ਼, ਭਾਸ਼ਾ ਤੇ ਸਾਹਿਤ, ਕਲਾ ਤੇ ਵਿਗਿਆਨ ਨੂੰ ਡੂੰਘੇ ਰੂਪ ਵਿਚ ਪ੍ਰਭਾਵਿਤ ਕੀਤਾ" ।[20]

ਇਹੋ ਵਿਦਵਾਨ ਇਸਲਾਮ ਧਰਮ ਦੇ ਭਾਰਤ ਪ੍ਰਵੇਸ਼ ਨਾਲ ਇਕ ਸਾਂਝਾ ਸਭਿਆਚਾਰ ਹੋਂਦ ਵਿਚ ਆਉਣਾ ਮੰਨਦੇ ਹਨ । ਈਰਾਨ, ਤੁਰਕ ਤੇ ਅਫ਼ਗਾਨ ਸੰਪਰਕ ਨਾਲ ਨਿਰੋਲ ਇਸਲਾਮ ਕੁਝ ਨਾ ਕੁਝ ਜ਼ਰੂਰ ਬਦਲ ਗਿਆ ਸੀ । ਇਸ ਤਰ੍ਹਾਂ ਪੰਜਾਬ ਤੇ ਭਾਰਤ ਵਿਚ ਆ ਕੇ ਇਸ ਤੇ ਪੰਜਾਬੀ ਅਤੇ ਹਿੰਦੁਸਤਾਨੀ ਪਾਨ ਚੜ੍ਹਨ ਲੱਗੀ ।[21] ਸਭਿਆਚਾਰੀਕਰਣ ਕਈ ਕਾਰਣਾਂ ਕਰਕੇ ਪ੍ਰਭਾਵਿਤ ਹੁੰਦਾ ਹੈ । ਹਮਲਾਵਰ ਸਭਿਆਚਾਰ ਆਪਣੇ ਡਰ, ਜ਼ਬਰ, ਜ਼ੁਲਮ ਤੇ ਕਾਨੂੰਨ ਨਾਲ ਸਭਿਆਚਾਰੀਕਰਣ ਦੇ ਅਵਸਰ ਉਤਪੰਨ ਕਰਦਾ ਹੈ । ਪੰਜਾਬੀ ਸਭਿਆਚਾਰ ਵਿਚ ਪ੍ਰਦੇਸੀ ਹਮਲਾਵਰਾਂ ਜਿਵੇਂ ਈਰਾਨੀ, ਯੂਨਾਨੀ, ਸਿਥੀਅਨ, ਪਾਰਥੀਅਨ, ਹੂਣਾਂ, ਤੁਰਕਾਂ ਤੇ ਮੁਗਲਾਂ ਨੇ ਆ ਕੇ ਆਪਣਾ ਪ੍ਰਭਾਵ ਪਾਇਆ । ਫਿਰ ਪੰਜਾਬ ਵਿਚ ਅੱਠਵੀਂ ਸਦੀ ਤੋਂ ਮੁਸਲਮਾਨਾਂ ਦੀ ਹਕੂਮਤ ਸ਼ੁਰੂ ਹੋ ਗਈ । ਮੁਲਤਾਨ ਮੁਸਲਿਮ ਸਭਿਆ-ਚਾਰ ਦਾ ਕੇਂਦਰ ਬਣ ਗਿਆ । ਲੋਧੀ ਘਰਾਣੇ ਪਿਛੋਂ ਬਾਬਰ ਨੇ ਮੁਗਲ ਘਰਾਣੇ ਦੀ ਸਥਾਪਨਾ ਕੀਤੀ । ਮੁਗ਼ਲ ਬਾਦਸ਼ਾਹ ਪੰਜਾਬ ਵਿਚ ਉਚੇਚੀ ਦਿਲਚਸਪੀ ਪ੍ਰਗਟ ਕਰਦੇ ਰਹੇ ਅਤੇ ਕਾਫ਼ੀ ਸਮੇਂ ਤਕ ਲਾਹੌਰ ਇਨ੍ਹਾਂ ਦਾ ਸਦਰਮੁਕਾਮ ਵੀ ਰਿਹਾ । ਅਕਬਰ ਤਾਜਪੋਸ਼ੀ ਪੰਜਾਬ ਦੇ ਇਕ ਨਗਰ ਕਲਾਨੌਰ ਵਿਚ ਹੋਈ । ਮੁਗ਼ਲ ਘਰਾਣੇ ਵਿਚ...ਕੁਝ ਉਦਾਰਚਿਤ ਤੇ ਰਵਾਦਾਰੀ-ਪਸੰਦ ਬਾਦਸ਼ਾਹ ਹੋਏ, ਜਿਨ੍ਹਾਂ ਦੇ ਸਮੇਂ ਇਸਲਾਮੀ ਸਭਿਆਚਾਰ ਦੇ ਨਾਲੋਂ ਨਾਲ ਹਿੰਦੂ ਸੰਸਕ੍ਰਿਤੀ ਵੀ ਖੁੱਲ੍ਹੀ ਤਰ੍ਹਾਂ ਵਧੀ ਫੁੱਲੀ ਤੇ ਦੋਹਾਂ ਸੰਸਕ੍ਰਿਤੀਆਂ ਦਾ ਆਪੋ ਵਿਚ ਚੋਖਾ ਲੈਣ ਦੇਣ ਵੀ ਹੋਇਆ ।[22]

ਪੰਜਾਬੀ ਸਭਿਆਚਾਰ ਤਬਦੀਲੀਆਂ ਭਰਪੂਰ ਸਭਿਆਚਾਰ ਹੈ । ਮੁਗ਼ਲ ਸਭਿਆਚਾਰ ਨੇ ਪੰਜਾਬੀ ਸਭਿਆਚਾਰ ਨਾਲ ਆਪਣਾ ਆਪ ਵਟਾਇਆ ਤੇ ਸਾਂਝਾ ਕੀਤਾ । ਹਿੰਦੂ ਤੇ ਮੁਸਲਮਾਨ ਦੋਵੇਂ ਪੰਜਾਬੀ ਸਭਿਆਚਾਰ ਦਾ ਅੰਗ ਬਣ ਗਏ । ਡਾ. ਕਰਨੈਲ ਸਿੰਘ ਥਿੰਦ ਅਨੁਸਾਰ "ਪੰਜਾਬ ਨੇ ਸਭਿਆਚਾਰੀਕਰਣ ਦੇ ਕਈ ਅਮਲ ਆਪਣੇ ਪਿੰਡੇ ਤੇ ਹੰਢਾਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਇਹ ਦੂਜਿਆਂ ਰੰਗਾਂ ਨੂੰ ਆਪਣੇ ਵਿਚ ਜਜ਼ਬ ਕਰਨਾ ਜਾਣਦਾ ਹੈ ਤੇ ਆਪਣੇ ਰੰਗ ਨਾਲ ਦੂਜਿਆਂ ਨੂੰ ਰੰਗਣਾ ਵੀ ਜਾਣਦਾ ਹੈ। ਸਭਿਆਚਾਰੀਕਰਣ ਦੇ ਵੱਖ ਵੱਖ ਪ੍ਰਭਾਵਾਂ ਦੇ ਸੁਆਮੀ ਪੰਜਾਬੀ ਸਭਿਆਚਾਰ ਨੂੰ ਏਸੇ ਕਰਕੇ ਮਿਸ਼ਰਤ ਸਭਿਆਚਾਰ ਕਿਹਾ ਗਿਆ ਹੈ" ।[23]

ਮਿਸ਼ਰਤ ਸਭਿਆਚਾਰ ਬਾਰੇ ਡਾ. ਵਣਜਾਰਾ ਬੇਦੀ ਵੀ ਲਿਖਦੇ ਹਨ ਕਿ "ਪੰਜਾਬੀ ਸਭਿਆਚਾਰ ਵੀ ਕਈ ਸੰਸਕ੍ਰਿਤੀਆਂ ਦਾ ਮਿਸ਼ਰਣ ਹੈ। ਬਾਹਰੋਂ ਆਈ ਹਰ ਸੰਸਕ੍ਰਿਤੀ ਆਪਣੀਆਂ ਕੁਝ ਰੂੜ੍ਹੀਆਂ ਇਥੋਂ ਦੀ ਮੂਲ ਸੰਸਕ੍ਰਿਤੀ ਵਿਚ ਰਚਾਂਦੀ ਰਹੀ ਹੈ। ਸਭਿਆ-ਚਾਰਕ ਤੌਰ ਤੇ ਪੰਜਾਬ ਇਕ ਅਜਿਹੀ ਫੁਲਵਾੜੀ ਹੈ ਜਿਸ ਵਿਚ ਵੰਨ-ਸੁਵੰਨੇ ਪੌਦੇ ਤੇ ਫੁੱਲ ਆਪਣੀ ਵੱਖਰੀ ਹੋਂਦ ਤੇ ਵਿਲੱਖਣਤਾ ਦੇ ਬਾਵਜੂਦ ਵੀ ਸਮੁੱਚੀ ਇਕਾਈ ਦਾ ਪ੍ਰਭਾਵ ਪਾਉਂਦੇ ਹਨ" ।[24]

ਉਪਰੋਕਤ ਚਰਚਾ ਤੋਂ ਸਿੱਧ ਹੋ ਜਾਂਦਾ ਹੈ ਕਿ ਇਸਲਾਮ ਦੇ ਸਮੁੱਚੇ ਪ੍ਰਭਾਵ ਨਾਲ ਪੰਜਾਬ ਵਿਚ ਇਕ ਸਾਂਝੇ ਸਭਿਆਚਾਰਕ ਜੀਵਨ ਦੀ ਨੀਂਹ ਬੱਝੀ। ਹਿੰਦੂ ਤੇ ਮੁਸਲਮਾਨ ਪੰਜਾਬੀ ਸਭਿਆਚਾਰ ਦੇ ਅੰਗ ਬਣ ਗਏ। ਇਸ ਪ੍ਰਭਾਵ ਨੂੰ ਪੰਜਾਬੀ ਕਿੱਸਾ-ਕਾਵਿ ਨੇ ਵੀ ਕਬੂਲਿਆ ਕਿਉਂਕਿ ਕਵੀ ਸਮਾਜ ਵਿਚ ਰਹਿੰਦਾ ਹੋਇਆ ਆਪਣੀ ਰਚਨਾ ਦੀ ਸਾਮਗ੍ਰੀ ਉਸ ਸਮਾਜ ਵਿਚੋਂ ਲੈਂਦਾ ਹੈ ਜਿਥੇ ਕਿ ਉਹ ਰਹਿ ਰਿਹਾ ਹੋਵੇ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ, "ਕਿੱਸਾ ਕਾਵਿ ਵਿਚ ਤੇ ਖਾਸ ਕਰਕੇ ਦਮੋਦਰ ਦੇ ਕਿੱਸੇ ਵਿਚ ਇਸ ਸਾਂਝੀ ਜੀਵਨ ਜਾਂਚ ਦੇ ਦਰਸ਼ਨ ਹੁੰਦੇ ਹਨ। ਮੁਸਲਮਾਨਾਂ ਵਿਚ ਕਈ ਹਿੰਦੂ ਰੀਤਾਂ ਤੇ ਵਿਸ਼ਵਾਸ ਪ੍ਰਵੇਸ਼ ਕਰ ਗਏ ਸਨ ਜਿਵੇਂ ਪੀਰਾਂ ਨੂੰ ਮੰਨਣਾ ਤੇ ਪੂਜਣਾ, ਦੈਵੀ-ਸ਼ਕਤੀਆਂ ਵਿਚ ਵਿਸ਼ਵਾਸ, ਮੁਸਲਮਾਨ ਫ਼ਕੀਰਾਂ ਦੁਆਰਾ ਸਮਾਧੀਆਂ ਤੇ ਧੂਣੀਆਂ ਰਮਾਉਣਾ ਆਦਿ। ਮਾਤਾ ਰਾਣੀ, ਦੁਰਗਾ ਭਵਾਨੀ ਤੇ ਦੇਵਤਿਆਂ ਦੀ ਪੂਜਾ ਦੇ ਵੀ ਸੰਕੇਤ ਮਿਲਦੇ ਹਨ। ਸ਼ਾਹ ਜਹਾਨ ਦੇ ਸਮੇਂ ਹਿੰਦੂ-ਮੁਸਲਮਾਨਾਂ ਦੇ ਵਿਆਹ ਸ਼ਾਦੀ ਦੇ ਰਿਵਾਜ ਸ਼ੁਰੂ ਹੋ ਜਾਣ ਬਾਰੇ ਪਤਾ ਲੱਗਦਾ ਹੈ।[25] ਇਸੇ ਵਿਚਾਰ ਦੀ ਪੁਸ਼ਟੀ ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਕਰਦਿਆਂ ਲਿਖਿਆ ਹੈ ਕਿ ਸੂਫ਼ੀਆਂ ਦੁਆਰਾ ਜੰਤਰ-ਮੰਤਰ, ਟੂਣਾ-ਟਾਮਣ, ਸੁਆਹ ਦੀਆਂ ਚੁਟਕੀਆਂ ਤੇ ਤਾਵੀਜ਼ ਤੇ ਧਾਗੇ ਦੇਣਾ ਦਸਿਆ ਹੈ।[26]

ਸੰਖੇਪ ਵਿਚ ਵਿਚ ਕਿਹਾ ਜਾ ਸਕਦਾ ਹੈ ਕਿ ਸਭਿਆਚਾਰੀਕਰਣ ਉਹ ਪ੍ਰਕ੍ਰਿਆ ਹੈ ਜਿਹੜੀ ਦੋ ਸਭਿਆਚਾਰਾਂ ਦੇ ਆਪਸੀ ਮੇਲ ਤੇ ਟਕਰਾ ਕਰਕੇ ਹੋਂਦ ਵਿਚ ਆਉਂਦੀ ਹੈ। ਇਕ ਸਭਿਆਚਾਰ ਦੂਜੇ ਸਭਿਆਚਾਰ ਤੋਂ ਕੁਝ ਲੈਂਦਾ ਵੀ ਹੈ ਤੇ ਕੁਝ ਦੇਂਦਾ ਵੀ ਹੈ।

ਸਾਹਿਤ ਤੇ ਸਭਿਆਚਾਰ :

ਸਾਹਿਤ ਸਭਿਆਚਾਰ ਦਾ ਪ੍ਰਗਟਾਅ ਹੁੰਦਾ ਹੈ। ਸਾਹਿਤ ਮਨੁੱਖ ਦੇ ਕਾਫ਼ੀ ਵਿਕਾਸ ਕਰਨ ਤੋਂ ਪਿਛੋਂ ਹੋਂਦ ਵਿਚ ਆਇਆ। ਜਦੋਂ ਮਨੁੱਖ ਨੂੰ ਸੁੰਦਰਤਾ ਮਾਨਣਾ, ਸੁੰਦਰਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਚਣਾ ਅਤੇ ਸੁੰਦਰਤਾ ਨੂੰ ਪ੍ਰਗਟ ਕਰਨਾ ਆਦਿ ਪ੍ਰਕ੍ਰਿਆਵਾਂ ਵਿਚੋਂ ਲੰਘਣਾ ਪਿਆ ਹੋਵੇਗਾ ਤਾਂ ਸਾਹਿਤ ਦੀ ਉਤਪਤੀ ਹੋਈ ਹੋਵੇਗੀ। ਸਾਹਿਤ ਦਾ ਪਹਿਲਾ ਰੂਪ ਮੌਖਿਕ ਸਾਹਿਤ ਹੈ ਜੋ ਜ਼ਿਆਦਾਤਰ ਲੋਕ ਸਾਹਿਤ ਹੀ ਹੈ। ਭਾਸ਼ਾ ਵਾਂਗ ਸਾਹਿਤ ਵੀ ਇਕ ਵੱਖਰਾ ਅਤੇ ਆਪਣੇ ਆਪ ਵਿਚ ਪੂਰਨ ਸਿਸਟਮ ਹੈ ਪਰ ਸਭਿਆਚਾਰ ਦਾ ਅੰਗ ਹੈ। ਕਿਉਂਕਿ ਸਾਹਿਤ ਸਭਿਆਚਾਰ ਦਾ ਇਕ ਮਹੱਤਵਪੂਰਣ ਅੰਗ ਵੀ ਹੈ ਅਤੇ ਇਸ ਦਾ ਸੰਚਾਰ ਮਾਧਿਅਮ ਵੀ। ਸਾਹਿਤ ਤੇ ਸਭਿਆਚਾਰ ਦਾ ਇਹ ਦੂਹਰਾ ਸੰਬੰਧ ਇਸ ਨੂੰ ਸਭਿਆਚਾਰ ਦੇ ਬਾਕੀ ਅੰਗਾਂ ਦੇ ਮੁਕਾਬਲੇ ਵਿਚ ਇਕ ਵਿਸ਼ੇਸ਼ ਸਥਾਨ ਪ੍ਰਦਾਨ ਕਰਦਾ ਹੈ। ਸਭਿਆਚਾਰ ਦਾ ਇਕ ਮਹੱਤਵਪੂਰਣ ਅੰਗ ਹੋਣ ਦੇ ਨਾਤੇ ਇਸ ਦਾ ਵਿਕਾਸ ਸਭਿਆਚਾਰ ਦੇ ਵਿਕਾਸ ਦਾ ਸੂਚਕ ਹੈ ਅਤੇ ਸੰਚਾਰ ਮਾਧਿਅਮ ਦੇ ਰੂਪ ਵਿਚ ਇਹ ਸਭਿਆਚਾਰਕ ਕੀਮਤਾਂ ਦਾ ਕੇਵਲ ਪਰਸਾਰ ਹੀ ਨਹੀਂ ਕਰਦਾ ਸਗੋਂ ਇਸ ਪ੍ਰਕ੍ਰਿਆ ਵਿਚ ਇਨ੍ਹਾਂ ਕੀਮਤਾਂ ਨੂੰ ਭੰਨਦਾ ਤੋੜਦਾ ਵੀ ਹੈ ਅਤੇ ਨਵੀਆਂ ਕੀਮਤਾਂ ਵੀ ਸਿਰਜਦਾ ਹੈ। ਇਸ ਪ੍ਰਸੰਗ ਵਿਚ ਨਵੀਆਂ ਸਭਿਆਚਾਰਕ ਕੀਮਤਾਂ ਦੀ ਉਸਾਰੀ ਨੂੰ ਨਿਰਸੰਦੇਹ ਸਾਹਿਤ ਦਾ ਸਰਵੋਤਮ ਕਰਤੱਵ ਕਿਹਾ ਜਾ ਸਕਦਾ ਹੈ।

ਸਾਹਿਤ ਤੇ ਸਭਿਆਚਾਰ ਇਕ ਦੂਜੇ ਦੇ ਪੂਰਕ ਵੀ ਹੁੰਦੇ ਹਨ ਜਦ ਕਦੀ ਵੀ ਸਭਿਆਚਾਰ ਦਾ ਵਿਕਾਸ ਸ਼ੁਰੂ ਹੋਵੇ ਤਾਂ ਸਾਹਿਤ ਸਭਿਆਚਾਰਕ ਤੱਤਾਂ ਨੂੰ ਗ੍ਰਹਿਣ ਕਰਕੇ, ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ, ਉਨ੍ਹਾਂ ਨੂੰ ਰਸਮਈ ਢੰਗਾਂ ਨਾਲ ਆਮ ਲੋਕਾਂ ਦੇ ਗ੍ਰਹਿਣ ਕਰਨ ਦੇ ਯੋਗ ਬਣਾਉਂਦਾ ਹੈ। ਸਾਹਿਤ ਸਭਿਆਚਾਰ ਦੀ ਪ੍ਰਯੋਗਸ਼ਾਲਾ ਹੁੰਦੀ ਹੈ ਜਿਥੇ ਸਭਿਆਚਾਰ ਦੇ ਤੱਤਾਂ ਦੀ ਵਿਵਹਾਰਕ ਯੋਗਤਾ ਦਾ ਵਿਸ਼ਲੇਸ਼ਣ ਹੁੰਦਾ ਹੈ।

ਕਿਸੇ ਕੌਮ ਜਾਂ ਦੇਸ਼ ਦਾ ਸਾਹਿਤ ਉਸ ਦਾ ਸਭਿਆਚਾਰਕ ਵਿਰਸਾ ਹੁੰਦਾ ਹੈ। ਇਤਿਹਾਸ ਸਾਡੇ ਸਭਿਆਚਾਰ ਦੀ ਤਸਵੀਰ ਉਜਾਗਰ ਕਰਦਾ ਹੈ। ਜਿੰਨਾਂ ਕੋਈ ਸਭਿਆ-ਚਾਰ ਕਿਸੇ ਕੌਮ ਦੀ ਇਤਿਹਾਸਕ ਅਨੁਭਵਤਾ ਦੇ ਨੇੜੇ ਤੇੜੇ ਹੁੰਦਾ ਹੈ ਉਨਾਂ ਹੀ ਉਸ ਦੇ ਸਾਹਿਤ ਵਿਚ ਇਨ੍ਹਾਂ ਗੁਣਾਂ ਦਾ ਵੱਧ ਸੰਚਾਰ ਹੁੰਦਾ ਹੈ। ਸਾਹਿਤ ਅਤੇ ਸਭਿਆਚਾਰ ਦਾ ਆਪਸੀ ਸੰਬੰਧ ਬੜਾ ਡੂੰਘਾ ਅਤੇ ਅਨਿੱਖੜ ਹੁੰਦਾ ਹੈ। ਸਾਹਿਤ ਸਭਿਆਚਾਰ ਦਾ ਇਕ ਅੰਗ ਹੈ। ਹਰੇਕ ਸਾਹਿਤਕ ਰੂਪ ਦਾ ਸੰਬੰਧਿਤ ਸਭਿਆਚਾਰ ਵਿਚਲੇ ਲੋਕਾਂ ਦੀ ਨਿੱਤ ਦੀ ਜ਼ਿੰਦਗੀ, ਉਨ੍ਹਾਂ ਦੀਆਂ ਜਿੱਤਾਂ-ਹਾਰਾਂ, ਹਾਸੇ-ਰੋਸੇ, ਰੋਣੇ-ਧੋਣੇ, ਵਹਿਮ-ਭਰਮ ਅਤੇ ਉਨ੍ਹਾਂ ਦੀਆਂ ਸਧਰਾਂ-ਉਮੰਗਾਂ ਨਾਲ ਬੜਾ ਨੇੜੇ ਦਾ ਸੰਬੰਧ ਹੁੰਦਾ ਹੈ।

ਖਾਸ ਕਰਕੇ ਲੋਕ ਸਾਹਿਤ ਆਪਣੇ ਸਭਿਆਚਾਰ ਵਿਚ ਉਸਰੇ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਲੋਕ-ਬੋਲੀ ਵਿਚ ਪ੍ਰਤੀਬਿੰਬਤ ਹੁੰਦਾ ਹੈ। ਇਸੇ ਲਈ ਹੀ ਲੋਕ ਸਾਹਿਤ, ਲੋਕ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹੁੰਦਾ ਹੈ। ਪੰਜਾਬ ਦਾ ਲੋਕ ਸਾਹਿਤ ਪੰਜਾਬੀ ਸਭਿਆਚਾਰ ਨਾਲ ਜੁੜਿਆ ਹੋਣ ਕਰਕੇ ਹੀ ਪੰਜਾਬੀ ਸਮਾਜ, ਲੋਕ ਤੇ ਕੁਦਰਤ ਬਾਰੇ ਸਮਝ ਦਾ ਦਰਪਣ ਹੈ। ਸਾਹਿਤ ਆਪਣੇ ਸਮੇਂ ਦੀਆਂ ਸਭਿਆਚਾਰਕ ਗਤੀ ਵਿਧੀਆਂ ਨਾਲ

CC-0. In Public Domain. Gurukul Kangri Collection, Haridwar

ਅਨਿੱਖੜ ਜੋੜ ਕੇ ਜੁੜਿਆ ਹੁੰਦਾ ਹੈ । ਸਾਹਿਤ ਸਭਿਆਚਾਰਕ ਕੀਮਤਾਂ ਦੀ ਭੰਨ-ਤੋੜ ਅਤੇ ਉਨ੍ਹਾਂ ਦੀ ਨਵ-ਉਸਾਰੀ ਵੀ ਕਰਦਾ ਹੈ, ਭਾਵੇਂ ਉਹ ਕਿਸੇ ਹੋਰ ਵੀ ਉਦੇਸ਼ ਨੂੰ ਸਾਹਮਣੇ ਰੱਖ ਕੇ ਕਿਉਂ ਨਾ ਰਚਿਆ ਗਿਆ ਹੋਵੇ ।

Digitized by Arya Samaj Foundation Chennai and eGangotri

ਸਾਹਿਤ ਦਾ ਵਿਸ਼ੇ ਖੇਤਰ ਸਭਿਆਚਾਰ ਦਾ ਕੋਈ ਵੀ ਅੰਗ ਹੋ ਸਕਦਾ ਹੈ । ਸਾਹਿਤ ਲਈ ਮਨੁੱਖ ਦੀ ਜੀਵੀ ਜਾ ਰਹੀ ਜ਼ਿੰਦਗੀ ਤੋਂ ਵੱਖਰੇ ਸਭਿਆਚਾਰ ਦੀ ਕੋਈ ਹੋਂਦ ਨਹੀਂ । ਸਭਿਆਚਾਰ ਇਕ ਅਜਿਹਾ ਸੱਚਾ ਹੈ ਜਿਸ ਵਿਚ ਕਿਸੇ ਵਿਅਕਤੀ ਦੀ ਸ਼ਖਸੀਅਤ ਉਘੜਦੀ ਹੈ । ਖਰਾ ਸਾਹਿਤ ਆਪਣੇ ਪਾਤਰਾਂ ਨੂੰ ਸਮੇਂ ਦੀਆਂ ਸਮਾਜਕ ਤੇ ਸਭਿਆਚਾਰਕ ਕੀਮਤਾਂ ਵਿਚੋਂ ਉਸਾਰ ਕੇ ਪੇਸ਼ ਕਰਦਾ ਹੈ । ਇਸ ਲਈ ਉਹ ਜ਼ਿੰਦਗੀ ਦੀਆਂ ਢਹਿੰਦੀਆਂ ਜਾਂ ਉਸਰਦੀਆਂ ਕੀਮਤਾਂ ਦੇ ਪ੍ਰਤੀਨਿਧ ਬਣਦੇ ਹਨ ।

ਸਾਹਿਤ ਕਿਸ ਕੌਮ ਜਾਂ ਪ੍ਰਾਂਤ ਦੀ ਸੁਧਰੀ ਸਭਿਆਚਾਰਕ ਜੀਵਨੀ ਦਾ ਇਕ ਸੁੰਦਰ ਚਿੱਤਰ ਹੁੰਦਾ ਹੈ, ਤਾਹੀਉਂ ਤਾਂ ਸਾਹਿਤ ਨੂੰ ਸਮਾਜ ਦਾ ਦਰਪਣ ਕਿਹਾ ਜਾਂਦਾ ਹੈ ਜਾਂ ਜੀਵਨ ਦੀ ਆਲੋਚਨਾ । ਜੀਵਨ ਦੇ ਅਨੇਕ ਦ੍ਰਿਸ਼ਟੀ ਕੋਣਾਂ ਤੋਂ ਸਮਾਜ, ਸਭਿਆਚਾਰ ਅਤੇ ਸਾਹਿਤ ਦਾ ਪਰਸਪਰ ਸੰਬੰਧ ਬਹੁਤ ਹੀ ਨੇੜੇ ਵਾਲਾ ਅਤੇ ਇਕ ਦੂਜੇ ਉਤੇ ਨਿਰਭਰ ਕਰਨ ਵਾਲਾ ਹੁੰਦਾ ਹੈ । ਸਾਹਿਤਕਾਰ ਲੋਕਾਂ ਦੀਆਂ ਭਾਵਨਾਵਾਂ ਸਾਹਿਤ ਰੂਪੀ ਪਰਦੇ ਉਪਰ ਕਈ ਰੂਪ ਅਤੇ ਰੰਗਾਂ ਵਿਚ ਪੇਸ਼ ਕਰਦਾ ਹੈ ਤਾਹੀਉਂ ਤਾਂ ਸਾਹਿਤ ਨੂੰ ਲੋਕਾਂ ਦੇ ਦਿਲਾਂ ਦਾ ਪ੍ਰਤੀਬਿੰਬ ਮੰਨਿਆ ਜਾਂਦਾ ਹੈ । ਕਵੀ ਮਨੁੱਖ ਹੋਣ ਦੇ ਨਾਤੇ ਸਮਾਜ ਅਤੇ ਸਮਾਜ਼ ਵਿਚ ਵਸਦੇ ਮਨੁੱਖਾਂ ਨੂੰ ਅਖੋਂ-ਪਰੋਖੇ ਨਹੀਂ ਕਰ ਸਕਦਾ ਕਿਉਂਕਿ ਕਵੀ ਉਪਰ ਉਸ ਸਮੇਂ ਦੀਆਂ ਸਮਾਜਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਹਾਲਤਾਂ ਦਾ ਡੂੰਘਾ ਅਸਰ ਪੈਂਦਾ ਹੈ ।

ਕਵੀ (ਸਾਹਿਤਕਾਰ) ਖੁਦ ਇਕ ਸਮਾਜ ਦਾ ਅਟੁੱਟ ਅੰਗ ਹੁੰਦਾ ਹੈ । ਇਸ ਲਈ ਉਸ ਦਾ ਰਚਿਆ ਸਾਹਿਤ ਖਾਸ ਅਰਥਾਂ ਵਿਚ ਸਮਾਜ ਦੀਆਂ ਅਨੁਭੂਤੀਆਂ, ਆਸਾਂ, ਘਟਨਾਵਾਂ, ਦੁੱਖਾਂ ਅਤੇ ਕੀਮਤਾਂ ਦਾ ਬੜਾ ਡੂੰਘਾ ਲੇਖਾ ਜੋਖਾ ਹੁੰਦਾ ਹੈ । ਪੰਜਾਬੀ ਦੇ ਕਿੱਸਾ ਕਾਵਿ ਵਿਚ ਪ੍ਰੇਮ-ਕਹਾਣੀਆਂ ਦਾ ਵਰਨਣ ਕਰਦਿਆਂ ਹੋਇਆਂ ਕਿੱਸਾਕਾਰਾਂ ਨੇ ਸਮਾਜ ਨੂੰ ਤੇ ਸਭਿਆਚਾਰ ਨੂੰ ਅਖੋਂ ਪਰੋਖੇ ਕਰਨ ਦਾ ਯਤਨ ਨਹੀਂ ਕੀਤਾ ਸਗੋਂ ਥਾਂ ਪਰ ਥਾਂ ਸਮਾਜ ਦਾ ਬੜਾ ਵਿਸਤਾਰਮਈ ਵਰਨਣ ਕੀਤਾ ਹੈ । ਇਹੋ ਕਾਰਣ ਹੈ ਕਿ ਜਦੋਂ ਪੰਜਾਬੀ ਵਿਚ ਕਿੱਸਾਕਾਰੀ ਸ਼ੁਰੂ ਹੋਈ ਤਾਂ ਦਮੋਦਰ, ਪੀਲੂ, ਅਹਿਮਦ, ਹਾਫਜ਼ ਬਰਖੁਰਦਾਰ, ਮੁਕਬਲ ਅਤੇ ਵਾਰਿਸ ਆਦਿ ਨੇ ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ ਆਦਿ ਪ੍ਰੇਮ ਕਹਾਣੀਆਂ ਨੂੰ ਕਿੱਸਿਆਂ ਵਿਚ ਲਿਖ ਕੇ ਪੰਜਾਬ ਦੇ ਪਿੰਡਾਂ ਦੇ ਜੀਵਨ ਨੂੰ ਸਦਾ ਲਈ ਅਮਰ ਕਰ ਦਿੱਤਾ ।

ਪੰਜਾਬੀ ਸਾਹਿਤ ਵਿਚ ਖਾਸ ਕਰਕੇ ਸਾਡਾ ਕਿੱਸਾ ਸਾਹਿਤ ਪੰਜਾਬੀ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹੈ । ਸਾਡੇ ਪੰਜਾਬੀ ਕਿੱਸਾਕਾਰ ਪੰਜਾਬ ਦੀ ਸਮਾਜਕ ਜ਼ਿੰਦਗੀ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਏਨੇ ਜੁੜੇ ਰਹੇ ਹਨ ਕਿ ਉਨ੍ਹਾਂ ਦੇ ਕਿੱਸਿਆਂ ਵਿਚ ਉਸ ਸਮੇਂ ਦੇ ਕਿਰਸਾਨੀ, ਜਾਗੀਰਦਾਰੀ, ਕਮੀ-ਕਮੀਣ, ਜੋਗੀ-ਪੀਰਾਂ ਦੇ ਜੀਵਨ ਦੇ ਝਲਕਾਰੇ ਨਜ਼ਰੀਂ ਪੈ ਜਾਂਦੇ ਹਨ। ਸਾਡੇ ਕਿੱਸਾਕਾਰ ਉਸ ਸਮੇਂ ਦੀ ਸਭਿਆਚਾਰਕ ਜ਼ਿੰਦਗੀ ਦੇ ਅਮਲ ਦੀ ਵਫ਼ਾਦਾਰ ਪੇਸ਼ਕਾਰੀ ਸਦਕਾ ਹੀ ਸਾਡ੍ਹੇ ਸਾਹਮਣੇ ਮਹਾਨ ਕਿਰਤਾਂ ਰਚਣ ਵਿਚ ਸਫ਼ਲ ਹੋਏ ਹਨ।

ਉਕਤ ਚਰਚਾ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਸਾਹਿਤ ਤੇ ਸਭਿਆਚਾਰ ਦਾ ਆਪਸੀ ਸੰਬੰਧ ਇਕ ਅਨਿੱਖੜਤਾ ਵਾਲਾ ਸੰਬੰਧ ਹੈ। ਸਾਹਿਤ ਆਪਣੀ ਸਾਮਗ੍ਰੀ ਸਭਿਆਚਾਰਕ ਪਰੰਪਰਾਵਾਂ ਤੇ ਸਭਿਆਚਾਰਕ ਤੱਤਾਂ ਵਿਚੋਂ ਹੀ ਹਾਸਲ ਕਰਦਾ ਹੈ। ਇਸ ਲਈ ਸਾਹਿਤ ਤੇ ਸਭਿਆਚਾਰ ਦਾ ਆਪਸੀ ਰਿਸ਼ਤਾ ਨਹੁੰ-ਮਾਸ ਵਾਲਾ ਰਿਸ਼ਤਾ ਹੈ ਜੋ ਇਕ ਦੂਜੇ ਦੀ ਹੋਂਦ ਤੋਂ ਬਿਨਾਂ ਜੀਊ ਨਹੀਂ ਸਕਦੇ।

ਸਾਹਿਤ, ਲੋਕ-ਸਾਹਿਤ ਅਤੇ ਕਿੱਸਾ-ਕਾਵਿ :

ਸਾਹਿਤ, ਲੋਕ ਸਾਹਿਤ ਅਤੇ ਕਿੱਸਾ ਕਾਵਿ ਦਾ ਆਪਸੀ ਸੰਬੰਧ ਗਿਆਤ ਕਰਨ ਦੀ ਵੀ ਲੋੜ ਹੈ। ਸਰੀਰਕ ਲੋੜਾਂ ਵਾਂਗ ਸਾਹਿਤ ਵੀ ਮਨੁੱਖੀ ਜੀਵਨ ਦੀ ਇਕ ਮਾਨਸਿਕ ਲੋੜ (ਭੁੱਖ) ਹੈ ਕਿਉਂਕਿ ਆਦਿ ਕਾਲ ਤੋਂ ਹੀ ਮਾਨਵ ਜਾਤੀ ਸਾਹਿਤਕ ਲੋੜ ਦੀ ਪੂਰਤੀ ਕਿਸੇ ਨਾ ਕਿਸੇ ਢੰਗ ਰਾਹੀਂ ਕਰਦੀ ਆ ਰਹੀ ਹੈ। ਸਭ ਤੋਂ ਪਹਿਲਾਂ ਸਾਹਿਤ ਦਾ ਰੂਪ ਮੌਖਿਕ ਸਾਹਿਤ ਹੀ ਹੋਵੇਗਾ ਜੋ ਕਿ ਲੋਕ ਸਾਹਿਤ ਵਧੇਰੇ ਸੀ। ਪੰਜਾਬੀ ਸਭਿਆਚਾਰ ਵਿਚ ਲੋਕ ਸਾਹਿਤ ਦੀ ਬੜੀ ਮਹਾਨਤਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ, "ਪੰਜਾਬੀ ਸਾਹਿਤ ਦਾ ਇਕ ਬੜਾ ਖੂਬਸੂਰਤ ਤੇ ਸਮ੍ਰਿਧ ਰੂਪ ਲੋਕ ਸਾਹਿਤ ਹੈ। ਜਿਸ ਦਾ ਆਨੰਦ ਪੜ੍ਹੇ ਲਿਖੇ, ਅਨਪੜ੍ਹ ਸਾਰੇ ਪੰਜਾਬੀ ਹਮੇਸ਼ਾਂ ਹੀ ਬੜੇ ਸਰੂਰ ਨਾਲ ਮਾਣਦੇ ਰਹੇ ਹਨ। ਇਹ ਸਾਹਿਤ ਪੰਜਾਬੀਆਂ ਦੀਆਂ ਭਾਵਨਾਵਾਂ, ਰੀਝਾਂ ਤੇ ਸਧਰਾਂ-ਸੁਪਨਿਆਂ ਨਾਲ ਇਕ ਸੁਰ ਹੋਣ ਕਰਕੇ ਤੇ ਰੀਤੀ ਰਿਵਾਜ਼ਾਂ, ਧਾਰਨਾਵਾਂ, ਸੰਕਲਪਾਂ ਤੇ ਵਿਸ਼ਵਾਸਾਂ ਦੀ ਰੂੜੀ ਵਿਚੋਂ ਉਗਮਿਆਂ ਹੋਣ ਕਰਕੇ ਲੋਕ ਸੰਸਕ੍ਰਿਤੀ ਦਾ ਅਨਿੱਖੜ ਅੰਗ ਹੈ ਅਤੇ ਇਸ ਦੇ ਖਲਵਾੜ ਪੰਜਾਬ ਦੇ ਹਰ ਗਲੀ ਮੁਹੱਲੇ ਤੇ ਪਿੰਡ ਵਿਚ ਖਿੱਲਰੇ ਪਏ ਹਨ"।[27]

ਲੋਕ ਸਾਹਿਤ ਵਿਚ ਸਿੱਧ ਪੱਧਰੀਆਂ ਰਚਨਾਵਾਂ ਹੁੰਦੀਆਂ ਹਨ ਜੋ ਕਿ ਆਮ ਲੋਕ ਪਸੰਦ ਕਰਦੇ ਹਨ। ਡਾ. ਬਲਦੇਵ ਰਾਜ ਗੁਪਤਾ ਨੇ ਲੋਕ ਸਾਹਿਤ ਬਾਰੇ ਇੰਜ ਕਿਹਾ ਹੈ, "ਲੋਕ ਸਾਹਿਤ ਦੀ ਵਿਆਪਕ ਪਰਿਭਾਸ਼ਾ ਹੇਠ ਲੋਕਾਂ ਦੇ ਜਨ-ਜੀਵਨ ਨਾਲ ਸੰਬੰਧਿਤ ਲੋਕਾਂ ਦੁਆਰਾ ਰਚਿਆ ਹਰ ਪ੍ਰਕਾਰ ਦਾ ਸਾਹਿਤ ਅਤੇ ਸਾਹਿਤਕ ਕਲਾਵਾਂ (ਲੋਕ ਨਾਚ, ਗਿੱਧਾ), ਲੋਕ ਰਸਮਾਂ, ਲੋਕ ਭਰਮ ਆਦਿ ਸਭ ਕੁਝ ਆ ਸਕਦਾ ਹੈ"।[28] ਲੋਕ ਸਾਹਿਤ ਦੀ ਪਰਿਭਾਸ਼ਾ ਦੇਂਦਿਆਂ ਡਾ. ਵਣਜਾਰਾ ਬੇਦੀ ਵੀ ਲਿਖਦੇ ਹਨ ਕਿ "ਮਨੁੱਖੀ ਜਜ਼ਬਿਆਂ, ਭਾਵਨਾਵਾਂ ਤੇ ਅਨੁਭਵਾਂ ਨੂੰ ਪ੍ਰਗਟਾਉਂਦੀ ਪਰੰਪਰਾ ਦੇ ਅੰਸ਼ਾਂ ਨਾਲ ਭਰੀ ਉਹ ਰਚਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਨੂੰ ਸਰਲਚਿਤ ਤੇ [illegible] ਬੁੱਧੀ ਲੋਕ [illegible] ਕਰਕੇ ਪੀੜ੍ਹੀਉ ਪੀੜ੍ਹੀ ਅੱਗੇ ਤੋਰਦਾ ਹੈ"[29] ਲੋਕ ਸਾਹਿਤ ਸਭਿਆਚਾਰ ਵਿਚ ਬਹੁਤ ਸਹਾਈ ਹੁੰਦਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ ਹੀ "ਲੋਕ ਸਾਹਿਤ ਇਕ ਅਜਿਹੀ ਸੰਪਤੀ ਹੈ ਜਿਸ ਉਪਰ ਹਰੇਕ ਕੌਮ ਮਾਣ ਕਰ ਸਕਦੀ ਹੈ ਕਿਉਂਕਿ ਲੋਕ ਸਾਹਿਤ ਉਹ ਸ਼ੀਸ਼ਾ ਹੈ ਜਿਸ ਦੇ ਵਿਚ ਝਾਤੀ ਮਾਰ ਕੇ ਕੋਈ ਸਮਾਜ ਆਪਣੇ ਮੂੰਹ ਦੇ ਦ੍ਰਿਸ਼ਟੀਗੋਚਰ ਨੈਣ ਨਕਸ਼ ਹੀ ਨਹੀਂ ਅੰਤਰ-ਘਟ ਤਕ ਦੀ ਹਰ ਅਦ੍ਰਿਸ਼ਟ ਰੇਖਾ ਨੂੰ ਵੀ ਵੇਖ ਸਕਦਾ ਹੈ।[30]

ਡਾ. ਬਿਕਰਮ ਸਿੰਘ ਘੁੰਮਣ ਨੇ ਵੀ ਲੋਕ ਸਾਹਿਤ ਦੀ ਮਹੱਤਤਾ ਬਾਰੇ ਲਿਖਿਆ ਹੈ ਕਿ ਕਿਸੇ ਦੇਸ਼ ਦੇ ਸਭਿਆਚਾਰ ਦੀ ਭਰਪੂਰ ਜਾਣਕਾਰੀ ਉਸ ਦੇਸ਼ ਦੇ ਲੋਕਯਾਨ ਤੇ ਲੋਕ ਸਾਹਿਤ ਰਾਹੀਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਸਾਹਿਤ ਸੰਸਕ੍ਰਿਤੀ ਦਾ ਸ਼ੀਸ਼ਾ ਹੁੰਦਾ ਹੈ।[31]

8303

ਇਥੇ ਸਾਨੂੰ ਇਹ ਜਾਨਣਾ ਪਵੇਗਾ ਕਿ ਸਾਹਿਤ ਤੇ ਲੋਕ ਸਾਹਿਤ ਦਾ ਆਪਸੀ ਕੀ ਰਿਸ਼ਤਾ ਹੈ? ਲੋਕ ਸਾਹਿਤ ਤੇ ਸਾਹਿਤ ਵਿਚ ਅੰਤਰ ਵੀ ਹਨ ਅਤੇ ਸੰਬੰਧ ਵੀ। ਦੋਹਾਂ ਵਿਚ ਅੰਤਰ ਇਹ ਹਨ :

- ਲੋਕ ਸਾਹਿਤ ਨਾਲ ਕਿਸੇ ਵੀ ਲੇਖਕ ਦਾ ਨਾਂ ਨਹੀਂ ਜੁੜਿਆ ਹੁੰਦਾ ਜਦੋਂ ਕਿ ਲਿਖਤੀ ਸਾਹਿਤ ਵਿਚ ਲੇਖਕ ਦਾ ਨਾਂ ਹੁੰਦਾ ਹੈ।
- ਲੋਕ ਸਾਹਿਤ ਦੂਜੇ ਸਾਹਿਤ ਵਾਂਗ ਲਿਖਣ ਜਾਂ ਛਾਪਣ ਸਾਮਗ੍ਰੀ ਨਹੀਂ ਭਾਲਦਾ, ਇਹ ਤਾਂ ਲੋਕਾਂ ਦੇ ਦਿਲਾਂ ਦੀ ਹੂਕ ਵਿਚ ਲੁਕਿਆ ਤੇ ਸਮੋਇਆ ਹੁੰਦਾ ਹੈ।
- ਲੋਕ ਸਾਹਿਤ ਲੋਕਾਂ ਦੇ ਜੀਵਨ ਨਾਲ ਇਕ ਮਿਕ ਹੋਣ ਕਰਕੇ ਲੋਕਾਂ ਦੇ ਸਹਾਰੇ ਜੀਊਂਦਾ ਹੈ ਪਰ ਲਿਖਤੀ ਸਾਹਿਤ ਦੇ ਵਿਸ਼ੇ ਤੇ ਸ਼ੈਲੀ ਉਪਰ ਕਿਸੇ ਲੇਖਕ ਦੀ ਸ਼ਖਸੀਅਤ ਦੀ ਵੱਖਰੀ ਛਾਪ ਲੱਗੀ ਹੁੰਦੀ ਹੈ।
- ਲੋਕ ਸਾਹਿਤ ਦਾ ਖਜ਼ਾਨਾ ਸਿੱਧੇ ਸਾਦੇ ਅਨਪੜ੍ਹ ਗੱਭਰੂ ਤੇ ਮੁਟਿਆਰਾਂ, ਹਾਲੀਆਂ-ਪਾਲੀਆਂ ਦਿਆਂ ਆਪ-ਮੁਹਾਰੇ ਮੂੰਹੋਂ ਫੁਟਿਆਂ ਸ਼ਬਦਾਂ ਨਾਲ ਭਰਪੂਰ ਹੁੰਦਾ ਹੈ ਪਰ ਲਿਖਤੀ ਸਾਹਿਤ ਦਾ ਰਚਨਹਾਰਾ ਕੋਈ ਪ੍ਰਸਿੱਧ ਸਾਹਿਤਕਾਰ ਹੂੰਦਾ ਹੈ।
- ਲੋਕ ਸਾਹਿਤ ਵਿਚ ਪਰੰਪਰਾਮਈ ਅੰਸ਼ਾਂ ਦਾ ਮੂੰਹੋਂ-ਮੂੰਹੀਂ ਚਾਲੇ ਪਏ ਰਹਿਣ ਕਰਕੇ ਕੁਝ ਵਾਧਾ ਘਾਟਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਪਰ ਲਿਖਤੀ ਸਾਹਿਤ ਤਾਂ ਇਕ ਸੀਲਬੰਦ ਲਿਫ਼ਾਫ਼ੇ ਵਾਂਗ ਵਾਧੇ ਘਾਟੇ ਦੀ ਗੁੰਜਾਇਸ਼ ਨਹੀਂ ਰੱਖਦਾ।

ਲੋਕ ਸਾਹਿਤ ਤੇ ਸਾਹਿਤ ਵਿਚ ਇੰਨੇ ਅੰਤਰ ਹੋਣ ਦੇ ਬਾਵਜੂਦ ਵੀ ਸੰਬੰਧ ਵਧੇਰੇ ਹਨ। ਲੋਕ ਸਾਹਿਤ ਜੀਵਨ ਦੇ ਹਰ ਖੇਤਰ ਵਿਚ ਸਹਾਈ ਹੁੰਦਾ ਹੈ। ਲੋਕ ਸਾਹਿਤ ਤੋਂ ਸਾਮਗ੍ਰੀ ਲੈ ਕੇ ਹੀ ਸਾਹਿਤਕਾਰ ਆਪਣੀਆਂ ਰਚਨਾਵਾਂ ਰਾਹੀਂ ਲੋਕਾਂ ਦਾ ਦਿਲ ਜਿੱਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਕਦੇ ਹਨ। ਸਾਹਿਤ ਲੋਕ ਸਾਹਿਤ ਤੋਂ ਪ੍ਰੇਰਣਾ ਵੀ ਲੈਂਦਾ ਹੈ ਅਤੇ ਉਸ ਦੀ ਅਗਵਾਈ ਵੀ ਕਰਦਾ ਹੈ, ਇਸੇ ਲਈ ਦੋਹਾਂ ਦਾ ਸੰਬੰਧ ਅਨਿੱਖੜ ਹੈ। ਇਸੇ ਸੰਬੰਧ ਕਰਕੇ ਦੋਵੇਂ ਨਰੋਏ ਵੀ ਹਨ। ਡਾ. ਵਣਜਾਰਾ ਬੇਦੀ ਅਨੁਸਾਰ, "ਲੋਕ ਸਾਹਿਤ ਦੇ ਅਥਾਹ ਸਮੁੰਦਰ ਦੀ ਸ਼ਕਤੀ ਤੇ ਸਮਰਥਾ ਨੂੰ ਜਗਾ ਕੇ ਇਸ ਨੂੰ ਅਜੋਕੇ ਸਾਹਿਤ ਦੀ ਸਿੰਚਾਈ ਲਈ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ"।[32] ਗੱਲ ਕੀ ਲੋਕ ਸਾਹਿਤ ਦਾ ਸਾਹਿਤ ਵਿਚ ਮਹੱਤਵਪੂਰਣ ਸਥਾਨ ਹੈ ਕਿਉਂਕਿ ਇਸ ਨੇ "ਲਿਖਤੀ ਸਾਹਿਤ ਉੱਤੇ ਕਾਫ਼ੀ ਪ੍ਰਭਾਵ ਪਾਇਆ ਹੈ ਅਤੇ ਲਿਖਤੀ ਸਾਹਿਤ ਕਈਆਂ ਗੱਲਾਂ ਵਿਚ ਲੋਕ ਸਾਹਿਤ ਦਾ ਰਿਣੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਲੋਕ ਗੀਤਾਂ ਦੇ ਕਈ ਰੂਪ, ਵਾਰਾਂ, ਬਾਰਾਂ-ਮਾਹੇਂ, ਥਿਤੀਆਂ, ਪਹਿਰੇ, ਛੰਤ, ਅਲਾਹੁਣੀਆਂ, ਕਰਹਲੇ ਆਦਿ ਵਰਤੇ ਹਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅਖਾਣ ਤੇ ਲੋਕ ਕਥਾਵਾਂ ਦੇ ਪਖੋਂ ਲੋਕ ਸਾਹਿਤ ਦਾ ਕਾਫ਼ੀ ਹਿੱਸਾ ਹੈ"।[33]

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਲੋਕ ਸਾਹਿਤ ਤੇ ਸਾਹਿਤ ਵਿਚ ਭਾਵੇਂ ਕਾਫ਼ੀ ਅੰਤਰ ਵੀ ਹਨ ਪਰ ਫਿਰ ਵੀ ਦੋਹਾਂ ਦਾ ਆਪਸੀ ਰਿਸ਼ਤਾ ਅਨਿੱਖੜ ਹੈ। ਦੋਵੇਂ ਇਕ ਦੂਜੇ ਤੋਂ ਬਿਨਾਂ ਅਧੂਰੇ ਹਨ ਕਿਉਂਕਿ ਕੋਈ ਵੀ ਸਾਹਿਤਕਾਰ ਜੇ ਲੋਕ ਸਾਹਿਤ ਤੇ ਲੋਕ ਧਾਰਾ ਤੋਂ ਬਾਹਰ ਹੋ ਕੇ ਰਚਨਾ ਕਰਗਾ ਤਾਂ ਉਸ ਦੀ ਰਚਨਾ ਨੂੰ ਉਹ ਮਕਬੂਲੀਅਤ ਹਾਸਲ ਨਹੀਂ ਹੋ ਸਕੇਗੀ ਜੋ ਲੋਕ ਧਾਰਾਈ ਆਧਾਰ ਤੇ ਕੀਤੀ ਰਚਨਾ ਨੂੰ ਪ੍ਰਾਪਤ ਹੋਵੇਗੀ।

ਲੋਕ ਸਾਹਿਤ ਤੇ ਸਾਹਿਤ ਦੇ ਆਪਸੀ ਸੰਬੰਧਾਂ ਦੀ ਚਰਚਾ ਉਪਰੰਤ ਹੁਣ ਅਸੀਂ ਲੋਕ ਸਾਹਿਤ ਦਾ ਕਿੱਸਾ ਕਾਵਿ ਵਿਚ ਕੀ ਯੋਗਦਾਨ ਹੈ, ਬਾਰੇ ਗੱਲ ਕਰਨੀ ਹੈ। ਪੰਜਾਬੀ ਕਿੱਸਿਆਂ ਵਿਚ ਲੋਕ ਧਾਰਾਈ ਅੰਸ਼ ਮੌਜੂਦ ਹਨ। ਅਸਲ ਵਿਚ ਤਾਂ ਪੰਜਾਬੀ ਕਿੱਸੇ ਹੈ ਹੀ ਲੋਕ ਸਾਹਿਤ, ਕਿਉਂਕਿ ਕਿੱਸਾਕਾਰਾਂ ਨੇ ਆਪੋ ਆਪਣੀ ਪਰੰਪਰਾ ਤੋਂ ਬਾਹਰ ਹੋ ਕੇ ਲਿਖਣ ਦੀ ਹਿੰਮਤ ਘੱਟ ਹੀ ਕੀਤੀ ਹੈ। ਡਾ. ਵਣਜਾਰਾ ਬੇਦੀ ਅਨੁਸਾਰ "ਕਿਸਿਆਂ ਦੇ ਆਧਾਰ ਮੂਲ ਵਿਚ ਉਹ ਲੋਕ ਕਥਾਵਾਂ ਹਨ ਜੋ ਪਰੰਪਰਾ ਤੋਂ ਪੰਜਾਬੀਆਂ ਦੇ ਲਹੂ-ਮਾਸ ਵਿਚ ਰਚੀਆਂ ਹੋਈਆਂ ਹਨ ਅਤੇ ਇਹ ਕਿੱਸੇ ਲੋਕਧਾਰਾ ਦੇ ਕਣਾਂ ਨਾਲ ਭਰਪੂਰ ਹਨ"।[34] ਪੰਜਾਬੀ ਕਿੱਸਾ ਕਾਵਿ ਵਿਚ ਲੋਕ ਰੁਚੀਆਂ ਨੂੰ ਪੂਰੀ ਮਹੱਤਤਾ ਮਿਲੀ ਹੈ। ਜ਼ਿਆਦਾਤਰ ਪੰਜਾਬੀ ਕਿੱਸਿਆਂ ਦੀ ਕਹਾਣੀ ਪੰਜਾਬ ਦੇ ਸਮਾਜਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਜ਼ੀਵਨ ਨਾਲ ਸੰਬੰਧ ਰੱਖਦੀ ਹੈ। ਇਸੇ ਲਈ ਕਿੱਸਿਆਂ ਵਿਚ ਸਿਰਫ਼ ਪ੍ਰੇਮ ਕਹਾਣੀਆਂ ਹੀ ਨਹੀਂ ਸਗੋਂ ਇਨ੍ਹਾਂ ਕਿੱਸਿਆਂ ਦੇ ਤਾਣੇ ਪੇਟੇ ਵਿਚ ਮੱਧਕਾਲੀਨ ਧਰਮ, ਮਿਥਿਹਾਸ, ਸਮਾਜ ਤੇ ਸਭਿਆਚਾਰਕ ਰੁਚੀਆਂ ਨੂੰ ਉਣ ਕੇ ਪੇਸ਼ ਕੀਤਾ ਗਿਆ ਹੈ। ਡਾ. ਤਾਰਨ ਸਿੰਘ ਅਨੁਸਾਰ, "ਕਿੱਸੇ ਦੀ ਉਤਪਤੀ ਦੀ ਸਾਦੀ ਤੋਂ ਸਾਦੀ ਵਿਆਖਿਆ ਇਹੋ ਹੋ ਸਕਦੀ ਹੈ ਕਿ ਇਨ੍ਹਾਂ ਕਿੱਸਾਕਾਰਾਂ ਨੇ ਇਹ ਪ੍ਰੇਮ ਕਹਾਣੀਆਂ ਲੋਕਾਂ ਤੋਂ ਸੁਣੀਆਂ ਤੇ ਇਨ੍ਹਾਂ ਨੂੰ ਕਵਿਤਾ ਦਾ ਜਾਮਾ ਪਹਿਨਾ ਦਿੱਤਾ"।[35]

ਇਸੇ ਵਿਚਾਰ ਨੂੰ ਡਾ. ਗੁਰਚਰਨ ਸਿੰਘ ਬਿਆਨਦੇ ਹਨ ਕਿ "ਕਿੱਸੇ ਦਾ ਆਧਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਕਹਾਣੀ ਹੈ ਤੇ ਲੋਕ-ਕਹਾਣੀਆਂ ਕਿੱਸਿਆਂ ਵਿਚ ਲੋਕਾਂ ਵਿਚ ਪਰਿਵਰਤ ਹੋਈਆਂ ਹਨ" ।[36] ਅਗੇ ਫਿਰ ਲਿਖਿਆ ਹੈ ਕਿ "ਪੰਜਾਬੀ ਵਿਚ ਲਿਖੇ ਗਏ ਬਹੁਤ ਸਾਰੇ ਕਿੱਸੇ ਨਿਰੇ ਪੂਰੇ ਕਹਾਣੀਆਂ ਦੇ ਪਲੰਦੇ ਹੀ ਨਹੀਂ, ਇਨ੍ਹਾਂ ਵਿਚ ਕਹਾਣੀ ਦੀ ਕਿੱਲੀ ਦੁਆਲੇ ਕਿੱਸਾਕਾਰਾਂ ਦੀਆਂ ਭਿੰਨ ਭਿੰਨ ਰੁਚੀਆਂ ਅਨੁਸਾਰ ਸਾਡਾ ਧਰਮ, ਸਾਹਿਤ ਤੇ ਸਮਾਜ, ਨੀਤੀ, ਮਿਥਿਹਾਸ ਤੇ ਇਤਿਹਾਸ ਉਣਿਆ ਪਿਆ ਹੈ। ਇਹ ਪੰਜਾਬੀ ਸਭਿਆਚਾਰ ਦੇ ਦਰਪਨ ਹਨ ।[37]

ਕਿੱਸਾ ਸਾਹਿਤ ਨੂੰ ਬਹੁਤ ਸਾਰੀਆਂ ਕਹਾਣੀਆਂ ਲੋਕ ਸਾਹਿਤ ਨੇ ਹੀ ਪ੍ਰਦਾਨ ਕੀਤੀਆਂ ਹਨ ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ, ਰੋਡਾ ਜਲਾਲੀ, ਕੀਮਾ ਮਲਕੀ, ਰੂਪ ਬਸੰਤ, ਨਲ ਦਮਯੰਤੀ, ਪੂਰਨ ਭਗਤ ਤੇ ਸ਼ਾਹ ਬਹਿਰਾਮ ਆਦਿ। ਡਾ. ਵਣਜਾਰਾ ਬੇਦੀ ਅਨੁਸਾਰ, "ਪੰਜਾਬ ਦੀ ਸਾਹਿਤਕ ਪਰੰਪਰਾ ਵੀ ਲੋਕ ਸਾਹਿਤ ਦੇ ਬਲਵਾਨ ਵੇਗ ਨਾਲ ਆਪਣੀਆਂ ਕਿਆਰੀਆਂ ਸਿੰਜਦੀ ਰਹੀ ਹੈ। ਮੱਧਕਾਲ ਤੋਂ ਹੀ ਪੰਜਾਬ ਵਿਚ ਸਾਹਿਤਕ ਪਰੰਪਰਾ ਸਦਾ ਲੌਕਿਕ ਪਰੰਪਰਾ ਨਾਲ ਕਦਮ ਮੇਚ ਕੇ ਤੁਰਦੀ ਹੈ...ਵਿਸ਼ੇ ਪੱਖੋਂ ਵੀ ਸਾਡਾ ਸਾਰਾ ਮੱਧਕਾਲੀ ਸਾਹਿਤ ਲੋਕ ਸੰਸਕ੍ਰਿਤੀ ਨਾਲ ਇਕ ਸੁਰ ਹੋਣ ਕਰਕੇ ਲੋਕ ਤੱਤਾਂ ਨਾਲ ਓਤਪੋਤ ਹੈ" ।[38] ਡਾਕਟਰ ਸਾਹਿਬ ਅੱਗੇ ਚੱਲ ਕੇ ਫਿਰ ਕਿੱਸੇ ਦੇ ਵਿਕਾਸ ਬਾਰੇ ਲਿਖਦੇ ਹਨ ਕਿ "ਪੰਜਾਬੀ ਕਿੱਸਾ ਸਾਹਿਤ ਦਾ ਵਿਕਾਸ ਪੰਜਾਬ ਦੀਆਂ ਲੌਕਿਕ ਪਰੰਪਰਾਵਾਂ ਤੇ ਫ਼ਾਰਸੀ ਕਾਵਿ ਪ੍ਰਵਿਰਤੀਆਂ ਦੇ ਸੰਜੋਗ ਤੋਂ ਹੋਇਆ। ਇਸ ਸਾਹਿਤ ਦੀ ਬੁਨਿਆਦ ਉਹ ਕਥਾ-ਕਾਵਿ ਹੈ ਜੋ ਮੱਧਕਾਲ ਵਿਚ ਢਾਡੀ, ਭੱਟ, ਰਾਸਧਾਰੀਏ ਤੇ ਕਵੀਸ਼ਰ ਲੋਕਾਂ ਦੇ ਮਨੋਰੰਜਨ ਲਈ ਗਾਵਿਆਂ ਕਰਦੇ ਸਨ। ਇਹ ਪਰੰਪਰਾ ਮੁਗ਼ਲਾਂ ਦੇ ਰਾਜ ਸਮੇਂ ਬੜੀ ਬਲਵਾਨ ਸੀ" ।[39] ਕਿੱਸਾ ਸਾਹਿਤ ਤੇ ਦੰਤ ਕਥਾਵਾਂ ਦੇ ਸੰਬੰਧ ਵਿਚ ਡਾ. ਵਣਜਾਰਾ ਬੇਦੀ ਨੇ ਲਿਖਿਆ ਹੈ ਕਿ "ਸਾਡੇ ਕਿੱਸਾ ਸਾਹਿਤ ਵਿਚ ਉਨ੍ਹਾਂ ਦੰਤ-ਕਥਾਵਾਂ ਨੂੰ ਹੀ ਕਾਵਿ ਦਾ ਜਾਮਾ ਪਹਿਨਾਇਆ ਗਿਆ ਹੈ ਜੋ ਮੱਧਕਾਲ ਵਿਚ ਪੰਜਾਬ ਤੇ ਉਸ ਦੇ ਆਸ ਪਾਸ ਦੇ ਖੇਤਰਾਂ ਵਿਚ ਪ੍ਰਚਲਤ ਸਨ ਤੇ ਇਨ੍ਹਾਂ ਵਿਚ ਲੋਕਧਾਰਾ ਓਤਪੋਤ ਹੈ" ।[40] ਡਾ. ਹਰਿਭਜਨ ਸਿੰਘ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ "ਪੰਜਾਬੀ ਲੋਕ ਮਨ ਨੇ ਜਿਤਨਾ ਕਿੱਸਿਆਂ ਨੂੰ ਪਿਆਰਿਆ ਹੈ ਓਨਾ ਕਿਸੇ ਵੀ ਹੋਰਸ ਕਾਵਿ ਰੂਪ ਨੂੰ ਨਹੀਂ। ਮੱਧਕਾਲੀ ਪੰਜਾਬੀ ਸਾਹਿਤ ਦੀਆਂ ਕੁੱਝ ਧਾਰਾਂ ਤਾਂ ਕਿਸੇ ਇਕ ਲੋਕ ਸਮੂਹ ਦਾ ਧਰਮ ਬਣ ਗਈਆਂ ।[41]

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਕਿੱਸਾ ਕਾਵਿ ਲੋਕ ਸਾਹਿਤ ਦਾ ਰਿਣੀ ਹੈ ਕਿਉਂਕਿ ਬਹੁਤੇ ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਦੇ ਵਿਸ਼ੇ ਲੋਕ ਸਾਹਿਤ ਵਿਚੋਂ ਹੀ ਅਪਣਾਏ ਹਨ। ਗੱਲ ਕੀ ਬਹੁਤੇ ਕਿੱਸਾਕਾਰਾਂ ਨੇ ਆਪਣੇ ਕਿੱਸੇ ਦੀ ਕਥਾ ਨੂੰ ਲੋਕਾਂ ਦੇ ਮੂੰਹੋਂ ਸੁਣ ਕੇ ਫਿਰ ਆਪਣੀ ਸ਼ੈਲੀ ਵਿਚ ਰੰਗੀਜ਼ ਕੇ ਲੋਕ ਸਮੂਹ ਨੂੰ ਅਰਪਿਤ ਕੀਤਾ ਹੈ। ਸੱਯਦ ਵਾਰਿਸ਼ਸ਼ਾਹ ਨੇ ਵੀ ਇਹੋ ਸੱਚ ਬਿਆਨ ਕਰਦਿਆਂ ਆਪਣੇ ਕਿੱਸਾ ਹੀਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਂਝਾ ਵਿਚ ਅੰਕਿਤ ਕੀਤਾ ਹੈ :

ਯਾਰ ਅਸਾਂ ਨੂੰ ਆਣ ਸਵਾਲ ਕੀਤਾ,
ਇਸ਼ਕ ਹੀਰ ਦਾ ਨਵਾਂ ਬਣਾਵੀਏ ਜੀ।
ਏਸ ਪ੍ਰੇਮ ਦੀ ਝੋਕ ਦਾ ਸੱਭ ਕਿੱਸਾ,
ਜੀਭ ਸੋਹਣੀ ਨਾਲ ਸੁਣਾਈਏ ਜੀ।
ਨਾਲ ਅਜ਼ਬ ਬਹਾਰ ਦੇ ਸਿਅਰ ਕਰਕੇ,
ਰਾਂਝੇ ਹੀਰ ਦਾ ਮੇਲ ਮਿਲਾਈਏ ਜੀ।
ਯਾਰਾਂ ਨਾਲ ਮਜਾਲਸਾਂ ਵਿਚ ਬਹਿ ਕੇ,
ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ।[42]

ਕਿੱਸਾ ਕਾਵਿ ਵਿਚ ਯਥਾਰਥ ਦਾ ਸੰਕਲਪ :

ਯਥਾਰਥਵਾਦ ਅਤੇ ਆਦਰਸ਼ਵਾਦ ਪਰਸਪਰ ਦੋ ਵਿਰੋਧੀ ਸਿਧਾਂਤ ਹਨ ਜੋ ਜੀਵਨ ਨੂੰ ਵੇਖਣ ਦੇ ਦੋ ਵੱਖ ਵੱਖ ਦ੍ਰਿਸ਼ਟੀਕੋਣ ਹਨ। ਯਥਾਰਥਵਾਦ ਦਾ ਜਨਮ ਪ੍ਰਗਤੀਵਾਦ ਵਿਚੋਂ ਹੋਇਆ ਅਤੇ ਆਦਰਸ਼ਵਾਦ ਦਾ ਅਧਿਆਤਮਵਾਦ ਵਿਚੋਂ। ਆਦਰਸ਼ਵਾਦ ਕੁੱਝ ਅਟੱਲ ਸਚਾਈਆਂ ਉਪਰ ਆਧਾਰਿਤ ਹੈ ਜਦੋਂ ਕਿ ਯਥਾਰਥਵਾਦ ਜੀਵਨ ਦੇ ਅਜੋਕੇ ਰੂਪ ਨੂੰ ਚਿਤਰਦਾ ਹੈ। ਜੀਵਨ ਤੇ ਸਾਹਿਤ ਦਾ ਆਪਸੀ ਅਨਿੱਖੜ ਸੰਬੰਧ ਹੈ। ਇਸ ਕਰਕੇ ਸਾਹਿਤਕਾਰ ਜੀਵਨ ਦੇ ਯਥਾਰਥ/ਅਸਲੀਅਤ ਨੂੰ ਛੱਡ ਕੇ ਅਗਾਂਹ ਨਹੀਂ ਵੱਧ ਸਕਦਾ। ਅਸਲੀਅਤ ਚਿਤਰਨਾ ਹੀ ਸਾਹਿਤਕਾਰ ਦਾ ਪਰਮ ਧਰਮ ਹੁੰਦਾ ਹੈ। ਇਸ ਲਈ ਸਾਹਿਤਕਾਰ ਨੂੰ ਜ਼ਿੰਦਗੀ ਨੂੰ ਹੂਬਹੂ ਚਿਤ੍ਰਨਾ ਪਵੇਗਾ। ਇਸ ਤਰ੍ਹਾਂ ਜੀਵਨ ਦੇ ਸੋਹਣੇ ਤੇ ਕਰੂਪ ਦੋਹਾਂ ਪੱਖਾਂ ਨੂੰ ਸਾਹਿਤਕਾਰ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰ ਸਕਦੇ ਹਨ। ਤਾਹੀਓਂ ਤਾਂ ਜੀਵਨ ਦੇ ਅਸਲ ਚਿੱਤਰ ਨੂੰ ਪੇਸ਼ ਕਰਨ ਦੇ ਸਿਧਾਂਤ ਨੂੰ ਯਥਾਰਥਵਾਦ ਆਖਦੇ ਹਨ। ਪੰਜਾਬੀ ਸਾਹਿਤ ਕੋਸ਼ ਦੇ ਹਵਾਲੇ ਅਨੁਸਾਰ "ਸਾਹਿਤ ਸਮਾਜ ਦਾ ਹੀ ਪ੍ਰਗਟਾਵਾ ਹੈ।" ਹੁਣ ਤੱਕ ਅਸਲਵਾਦੀ ਲੇਖਕਾਂ ਦਾ ਮੂਲ ਮੰਤਰ ਬਣਿਆ ਹੋਇਆ ਹੈ। ਇਹ ਲੇਖਕ ਆਪਣੀਆਂ ਰਚਨਾਵਾਂ ਵਿਚ ਯਥਾਰਥ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਮੋਟੇ ਤੌਰ ਤੇ ਇਹ ਵਿਧੀਆਂ ਵਰਤਦੇ ਹਨ :

1. ਸਥਾਨਿਕ ਚਿਤ੍ਰ ਅਤੇ ਵਾਤਾਵਰਣ ਦਾ ਪ੍ਰਯੋਗ
2. ਸਮਕਾਲੀਨ ਘਟਨਾਵਾਂ ਅਤੇ ਰਿਵਾਜਾਂ ਦਾ ਵਰਨਣ
3. ਰਚਨਾਵਾਂ ਵਿਚ ਆਈਆਂ ਹੋਈਆਂ ਥਾਵਾਂ ਤੇ ਲੋਕਾਂ ਬਾਰੇ ਬਿਆਨ
4. ਉਪ-ਭਾਸ਼ਾ ਦੀ ਖੁਲ੍ਹੀ ਵਰਤੋਂ।[43]

'ਸਾਹਿਤ ਵਿਚ ਵਾਦ' ਲੇਖ ਵਿਚ ਚਰਚਾ ਕਰਦਿਆਂ ਪ੍ਰੋ. ਪਿਆਰਾ ਸਿੰਘ ਪਦਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੇ ਲਿਖਿਆ ਹੈ ਕਿ ਜ਼ਿੰਦਗੀ ਤੇ ਸਾਹਿਤ ਦਾ ਗੂੜ੍ਹਾ ਸੰਬੰਧ ਹੈ, ਇਸ ਨੂੰ ਨਿਖੇੜਿਆ ਨਹੀਂ ਜਾ ਸਕਦਾ, ਇਸ ਲਈ ਜੀਵਨ ਦੇ ਰੰਗ-ਮੰਚ ਤੇ ਕੁਹਜ-ਸੁਹਜ ਨੂੰ ਇਨ-ਬਿਨ ਚਿਤਰਣ ਉੱਤੇ ਜ਼ੋਰ ਦਿਤਾ ਜਾਣ ਲੱਗਾ, ਇਹੋ ਯਥਾਰਥਵਾਦ ਹੈ।[44] ਯਥਾਰਥਵਾਦੀ/ ਅਸਲਵਾਦੀ ਲੇਖਕ ਜੀਵਨ ਨੂੰ ਉਪਰੋਂ ਉਪਰੋਂ ਨਹੀਂ ਵੇਖਦਾ ਸਗੋਂ ਉਹ ਜੀਵਨ ਦੇ ਧੁਰ ਅੰਦਰ ਵਹਿ ਕੇ ਅੰਦਰਲੀਆਂ ਪਰਤਾਂ ਨੂੰ ਫਰੋਲਦਾ ਹੈ। ਉਹ ਤੀਬਰ ਦ੍ਰਿਸ਼ਟੀ ਨਾਲ ਸਮਾਜਕ ਸਮੱਸਿਆਵਾਂ ਨੂੰ ਬਿਆਨਦਾ ਹੈ ਜਿਥੋਂ ਤੱਕ ਉਸ ਦੇ ਸਾਹਮਣੇ ਜੀਵਨ ਦੇ ਬੁਨਿਆਦੀ ਸਿਧਾਤਾਂ ਦਾ ਪ੍ਰਸ਼ਨ ਹੁੰਦਾ ਹੈ, ਉਥੋਂ ਤੱਕ ਸਮਾਜ ਵਿਚ ਚਲ ਰਹੇ ਜਾਤੀ ਸੰਘਰਸ਼ ਉਸ ਨੂੰ ਪੂਰੀ ਤਰ੍ਹਾਂ ਖਬਰਦਾਰ/ਚੇਤੰਨ ਰੱਖਦੇ ਹਨ। ਯਥਾਰਥਵਾਦੀ ਲੇਖਕ ਦਾ ਸਾਹਿਤਕ ਧਰਮ ਹੁੰਦਾ ਹੈ ਕਿ ਉਹ ਆਪਣੇ ਵਿਸ਼ੇ-ਰਚਨਾ ਵਿਚ ਪੈਦਾ ਹੋ ਰਹੀ ਸਥਿਤੀ ਦਾ ਚਿਤ੍ਰਣ ਆਪਣੀ ਅਸਲ ਕਲਾ ਵਿਚ ਹੀ ਕਰੇ। ਯਥਾਰਥਵਾਦੀ ਰਚਨਾਵਾਂ ਵਿਚ ਤਾਕਤਾਂ ਦੀ ਵਿਰੋਧਤਾ ਤੇ ਵਿਰੋਧੀ ਤਾਕਤਾਂ ਦਾ ਭੇਦ ਪੂਰੀ ਬਾਰੀਕੀ ਨਾਲ ਚਿੱਤਰਿਆ ਹੋਣਾ ਚਾਹੀਦਾ ਹੈ।

ਯਥਾਰਥਵਾਦੀ ਲੇਖਕ ਤੋਂ ਪਾਠਕ ਆਸ ਰੱਖਦਾ ਹੈ ਕਿ ਉਹ ਜਿੰਨੇ ਪਾਤਰਾਂ ਨੂੰ ਸਿਰਜੇ, ਉਨ੍ਹਾਂ ਨੂੰ ਸਾਡੇ ਆਲੇ ਦੁਆਲੇ ਚੌਗਿਰਦੇ ਵਿਚੋਂ ਹੀ ਲਵੇ। ਪਾਤਰ ਸਾਨੂੰ ਆਂਢੀ-ਗੁਆਂਢੀ ਹੀ ਭਾਸਣ। ਪਾਤਰ ਸਾਨੂੰ ਆਪਣੇ ਵਰਗੇ ਹੱਡ-ਮਾਸ ਦੇ ਪੁਤਲੇ-ਜਾਪਣ। ਯਥਾਰਥਵਾਦੀ ਲੇਖਕ ਆਦਰਸ਼ਵਾਦੀ, ਅਧਿਆਤਮਵਾਦੀ ਤੇ ਕਲਪਨਿਕ ਸੰਸਾਰ ਵਿਚੋਂ ਨਹੀਂ ਸਗੋਂ ਹੱਡ-ਮਾਸ ਦੇ ਪੁਤਲਿਆਂ ਵਾਂਗ ਆਪਣੇ ਪਾਤਰਾਂ ਨੂੰ ਪੇਸ਼ ਕਰਦਾ ਹੈ। ਜੇਕਰ ਉਹ ਕਿਸੇ ਵਿਅਕਤੀ-ਵਿਸ਼ੇਸ਼ ਨੂੰ ਆਪਣੇ ਵਿਸ਼ੇ/ਰਚਨਾ ਵਿਚ ਲੈਂਦਾ ਹੈ ਤਾਂ ਉਸ ਦੇ ਸਮਾਜਕ, ਆਰਥਿਕ ਤੇ ਹੋਰ ਅਹੁਰਾਂ ਨੂੰ ਹੀ ਨਹੀਂ ਚਿੱਤਰਦਾ ਸਗੋਂ ਉਨ੍ਹਾਂ ਅਹੁਰਾਂ ਵੱਲ ਜੋ ਉਸ ਨੂੰ ਸਮਾਜਕ ਪ੍ਰਸੰਗ ਵਿਚ ਕਿਸੇ ਹੱਦ ਤੱਕ ਵਿਕਾਸ ਬਖਸ਼ਦੀਆਂ ਹਨ, ਵੱਲ ਵੀ ਆਪਣਾ ਪੂਰਾ ਧਿਆਨ ਕੇਂਦ੍ਰਿਤ ਕਰਦਾ ਹੈ। ਯਥਾਰਥਵਾਦੀ ਲੇਖਕ ਸਮਾਜ ਦੀ ਹੂਬਹੂ ਤਸਵੀਰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦਾ ਹੈ।

ਮੱਧਕਾਲੀਨ ਕਿੱਸਾ ਜਗਤ ਵਿਚ ਹੀਰ ਦੇ ਜਿੰਨੇ ਵੀ ਕਿੱਸੇ ਹਨ, ਉਨ੍ਹਾ ਵਿਚ ਹੀਰ, ਰਾਂਝਾ, ਕਾਜ਼ੀ, ਅਦਲੀ ਰਾਜਾ, ਚੁਗਲਖੋਰ ਕੈਦੋ, ਮਲਕੀ ਜਾਂ ਕੁੰਦੀ, ਚੂਚਕ, ਅਲੀ ਖੇੜਾ, ਸੈਦਾ ਖੇੜਾ, ਲੁੱਢਣ, ਨੂਰਾ ਸੰਬਲ, ਆਯਾਲੀ, ਜੋਗੀ, ਪੀਰ, ਮੁਲਾਂ, ਬ੍ਰਾਹਮਣ, ਡੂਮ ਅਤੇ ਮਰਾਸੀ ਆਦਿ ਸਭ ਆਪੋ ਆਪਣੇ ਸਮਾਜਕ ਵਰਗਾਂ ਦੇ ਪ੍ਰਤਿਨਿਧ ਪਾਤਰ ਹਨ।

ਮੱਧਕਾਲੀਨ ਵਿਚ ਕਿੱਸਾ ਕਾਵਿ ਦੀ ਪ੍ਰਤੀਨਿਧਤਾ ਰੁਮਾਂਚਿਕ ਕਿੱਸੇ ਕਰਦੇ ਹਨ। ਬੇਸ਼ਕ ਪੰਜਾਬੀ ਵਿਚ ਅਧਿਆਤਮਕ ਤੇ ਬੀਰ ਰਸੀ ਕਿੱਸੇ ਅਤੇ ਵਾਰਾਂ ਉਪਲਬਧ ਹਨ ਪਰੰਤੂ ਇਸ਼ਕ ਨਾਲ ਸੰਬੰਧਿਤ ਕਿੱਸਿਆਂ ਦੀ ਗਿਣਾਤਮਕ ਤੇ ਗੁਣਾਤਮਕ ਮਹੱਤਤਾ ਵਧੇਰੇ ਪ੍ਰਬਲ ਹੋਈ ਹੈ। ਇਨ੍ਹਾਂ ਇਸ਼ਕ ਦਿਆਂ ਕਿੱਸਿਆਂ ਵਿਚ ਯਥਾਰਥ ਦਾ ਪ੍ਰਗਟਾ ਦੂਸਰੇ ਕਿੱਸਿਆਂ ਨਾਲੋਂ ਵਧੇਰੇ ਮਾਤਰਾ ਵਿਚ ਹੋਇਆ ਹੈ। ਭਾਵੇਂ ਪੰਜਾਬੀ ਕਿੱਸਾ ਕਾਵਿ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾਂ ਯਥਾਰਥ ਦੇ ਪ੍ਰਗਟਾਅ ਧਾਰਮਿਕ ਸਾਹਿਤ ਵਿਚ ਵੀ ਮਿਲਦਾ ਹੈ। ਪਰ ਪੰਜਾਬੀ ਕਿੱਸਾ ਕਾਵਿ ਵਿਚ ਮਨੁੱਖੀ ਰੀਝਾਂ ਦੀ ਸਮਾਜਕ ਭਰਪੂਰਤਾ ਦਾ ਚਿਤ੍ਰਣ ਹੋਇਆ ਹੈ। ਯਥਾਰਥਵਾਦ ਮਨੁੱਖੀ ਵਿਕਾਸ ਦੇ ਤੱਤਾਂ ਦੀ ਖੋਜ ਕਰਦਾ ਹੈ। ਕਿੱਸਾ ਕਾਵਿ ਦਾ ਮੁੱਖ ਉਦੇਸ਼ ਕਿਸੇ ਢਾਂਚੇ ਵਿਚ ਢਲੇ ਹੋਏ ਮਨੁੱਖ ਨੂੰ ਪੇਸ਼ ਕਰਨਾ ਹੀ ਨਹੀਂ ਸਗੋਂ ਉਸ ਦੇ ਸਮਾਜਕ ਸੰਬੰਧਾਂ ਵਿਚਲੇ ਵਿਰੋਧ ਨੂੰ ਪ੍ਰਸਤੁਤ ਕਰਨਾ ਹੁੰਦਾ ਹੈ ਜਿਸ ਵਿਚ ਮਨੁੱਖੀ ਵਿਕਾਸ ਤੇ ਪੜਾਵਾਂ ਨੂੰ ਸਮਝਿਆ ਜਾ ਸਕਦਾ ਹੈ।

ਕਿੱਸਾ ਕਾਵਿ ਵਿਚ ਕੁਝ ਅੰਸ਼ ਇਸ ਦੇ ਆਦਰਸ਼ਵਾਦੀ ਤੇ ਰੁਮਾਂਸਵਾਦੀ ਹੋਣ ਦਾ ਭੁਲੇਖਾ ਪਾ ਸਕਦੇ ਹਨ, ਜਿਸ ਕਰਕੇ ਇਹੋ ਕਿਹਾ ਜਾ ਸਕਦਾ ਹੈ ਕਿ ਉਸ ਸਮੇਂ ਦੇ ਕਿੱਸਾਕਾਰ ਸਮਾਜਕ ਹੋਂਦ ਤੋਂ ਏਨੇ ਜਾਣੂੰ ਨਹੀਂ ਸਨ ਤਾਂ ਹੀ ਉਨ੍ਹਾਂ ਨੇ ਕਿੱਸਿਆਂ ਵਿਚ ਪ੍ਰਾਸਰੀਰਕ ਅੰਸ਼ ਤੇ ਕਰਾਮਾਤਾਂ ਨੂੰ ਬਿਆਨਣ ਲੱਗਿਆਂ ਕੋਈ ਸੰਕੋਚ ਨਹੀਂ ਕੀਤਾ।

ਮੱਧਕਾਲੀਨ ਕਿੱਸਾ ਕਾਵਿ ਪੰਜਾਬੀ ਜੀਵਨ ਦੇ ਬਹੁ ਪੱਖੇ, ਦ੍ਰਿਸ਼ ਚਿਤ੍ਰਦਾ ਹੈ ਜਿਸ ਵਿਚ ਸਥਾਨਿਕ ਚਿੱਤਰ ਅਤੇ ਸਥਾਨਿਕ ਵਾਤਾਵਰਣ ਦੀ ਵਰਤੋਂ ਆਮ ਹੁੰਦੀ ਹੈ ਜਿਵੇਂ ਘੋੜੇ ਘੋੜੀਆਂ, ਜੰਗਲਾਂ-ਜੂਹਾਂ, ਬੇਲਿਆਂ ਵਿਚ ਚਰਦਿਆਂ ਪਸ਼ੂਆਂ, ਹਰੇ ਭਰੇ ਖੇਤਾਂ, ਬੈਲਾਂ ਦੀਆਂ ਹਮੇਲਾਂ ਦੀਆਂ ਟੁਣਕਾਰਾਂ, ਦੁੱਧ ਰਿੜਕਦੀਆਂ ਮਧਾਣੀਆਂ ਦੀ ਗਰੜ ਗਰੜ ਆਵਾਜ਼, ਵੰਝਲੀ ਤੇ ਅਲਗੋਜੇ ਵਜਾਉਂਦੇ ਮੱਝਾਂ ਚਾਰਦੇ ਚਾਕ, ਚੱਕੀਆਂ ਤੇ ਚਰਖਿਆਂ ਦੀ ਘੂਕਰ, ਤ੍ਰਿੰਞਣਾਂ ਦੀਆਂ ਕੁੜੀਆਂ, ਤੁਰਦੀਆਂ ਡੋਲੀਆਂ, ਪਿਆਰ ਦੀਆਂ ਕੂਕਾਂ, ਵਿਛੋੜੇ ਦੀਆਂ ਹੂਕਾਂ, ਹੁਸਨ ਤੇ ਜਵਾਨੀ ਦੀ ਆਕੜ, ਮੰਗਤਿਆਂ, ਫ਼ਕੀਰਾਂ, ਪੀਰਾਂ ਤੇ ਜੋਗੀਆਂ ਦੀਆਂ ਕਰਾਮਾਤਾਂ, ਕਾਜ਼ੀਆਂ ਤੇ ਬ੍ਰਾਹਮਣਾਂ ਦੇ ਕਰਮ ਕਾਂਡਾਂ, ਹਾਕਮ ਜਾਤੀ ਦੀ ਅਯਾਸ਼ੀ, ਕਬੀਲਿਆਂ ਦੀਆਂ ਲੜਾਈਆਂ, ਦੇਵਰ ਭਾਬੀਆਂ ਦੇ ਪਿਆਰ ਦੇ ਕਲੋਲਾਂ, ਰੋਸੇ-ਮਿਹਣੇ, ਮਖੌਲ ਠੱਠੇ, ਰਸਮੀ ਵਿਆਹ ਸ਼ਾਦੀਆਂ, ਮਠਿਆਈਆਂ, ਪਹਿਰਾਵਾ ਤੇ ਗਹਿਣਿਆਂ, ਧਰਮਾਂ, ਰਸਮੋ ਰਿਵਾਜਾਂ ਆਦਿ ਸਭ ਨੇ ਸਥਾਨਿਕ ਰੰਗ ਤੇ ਵਾਤਾਵਰਣ ਉਘਾੜਨ ਦਾ ਯਤਨ ਕੀਤਾ ਹੈ।

ਕਿਸੇ ਸਮਾਜ ਦੇ ਇਤਿਹਾਸਕ ਪਿਛੋਕੜ ਦਾ ਗਿਆਨ ਉਸ ਸਮੇਂ ਦੇ ਯਥਾਰਥ ਤੋਂ ਹੀ ਲਿਆ ਜਾ ਸਕਦਾ ਹੈ। ਮੱਧਕਾਲੀਨ ਕਿੱਸਾ ਕਾਵਿ ਵਿਚ ਇਹ ਯਥਾਰਥਕ ਚਿੱਤਰਕਾਰੀ ਉਸ ਸਮੇਂ ਦੇ ਜਾਗੀਰਦਾਰੀ ਪ੍ਰਬੰਧ ਦੀ ਸਹੀ ਤਸਵੀਰ ਪੇਸ਼ ਕਰਦੀ ਹੈ। ਜਾਗੀਰਦਾਰੀ ਨਿਜ਼ਾਮ ਵਿਚ ਇਸ਼ਕ ਕਰਨਾ ਵਿਵਰਜਿਤ ਹੁੰਦਾ ਹੈ। ਆਸ਼ਕਾਂ ਨੂੰ ਸਮਾਜ ਵਲੋਂ ਤਰ੍ਹਾਂ ਤਰ੍ਹਾਂ ਦੇ ਤਸੀਹੇ ਝੱਲਣੇ ਪੈਂਦੇ ਹਨ। ਇਸ਼ਕ ਵਿਚ ਹੌਕੇ, ਹੰਝੂ, ਬੇਬਸੀ ਇਕ ਯਥਾਰਥਕ ਕਸਵੱਟੀ ਹੈ। ਪੰਜਾਬੀ ਕਿੱਸਾ ਸਾਹਿਤ ਨੂੰ ਫ਼ਖ਼ਰ ਹਾਸਲ ਹੈ ਕਿ ਉਸ ਦਾ ਪਹਿਲਾ ਰੁਮਾਂਚਿਕ ਕਵੀ ਦਮੋਦਰ ਇਕ ਸੁਲਝਿਆ ਹੋਇਆ ਕਲਾਕਾਰ ਸੀ। ਹੀਰ ਦੇ ਗੁੱਝੇ ਦੁੱਖ ਨੂੰ ਉਸ ਨੇ ਪੜ੍ਹ ਲਿਆ ਸੀ ਅਤੇ ਉਸ ਅਥਾਹ ਦੁੱਖ ਨੂੰ ਉਸ ਨੇ ਇੰਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਆਨਿਆਂ :

ਅੰਬਰ ਕਾਲਾ ਇਤ ਭਤ ਹੋਇਆ
ਅਸਾਂ ਦਰਦਮੰਦਾਂ ਦੀਆਂ ਆਹੀਂ ।
ਤਾਰੇ ਚਿਣਗਾਂ ਜੁਸੇ ਵਿਚੋਂ
ਅੰਬਰ ਗਈਆਂ ਤਦਾਹੀਂ ।[45]

ਮਹਾਨ ਕਿੱਸਾਕਾਰ ਹਾਸ਼ਮ ਨੇ ਵੀ ਆਪਣੇ ਕਿੱਸੇ 'ਸੱਸੀ-ਪੁੰਨੂੰ' ਵਿਚ ਇਸ਼ਕ ਨੂੰ ਯਥਾਰਥਕ ਕਾਵਿਕ ਪ੍ਰੇਰਣਾ ਮੰਨਦਿਆਂ ਇਸ਼ਕ ਵਿਚ ਸਦੀਵਤਾ ਆਸ਼ਕ ਨੂੰ ਅਮਰ ਕਰਦੀ ਦੱਸੀ ਹੈ :

ਖਾਤਰ ਇਸ਼ਕ ਗਏ ਰਲ ਮਾਟੀ,
ਸੂਰਤ ਹੁਸਨ ਜਵਾਨੀ ।
ਹਾਸ਼ਮ ਇਸ਼ਕ ਬਲੋਚ ਸੱਸੀ ਦਾ,
ਜੱਗ ਵਿਚ ਰਹਗ ਕਹਾਨੀ ।[46]

ਜਵਾਨੀ ਤੇ ਹੁਸਨ ਵਿਚ ਕਹਿਰਾਂ ਦੀ ਖਿੱਚ ਹੁੰਦੀ ਹੈ । ਇਸ ਅੱਗੇ ਵੱਡੇ ਵੱਡੇ ਵਲੀ, ਪੀਰ, ਸ਼ਹਿਨਸ਼ਾਹ ਵੀ ਸੀਸ ਨਿਵਾ ਦੇਂਦੇ ਹਨ । ਫ਼ਜ਼ਲ ਸ਼ਾਹ ਆਪਣੇ ਕਿੱਸੇ 'ਸੋਹਣੀ ਮਹੀਂਵਾਲ' 'ਚ ਇਸ ਦ੍ਰਿਸ਼ ਨੂੰ ਅਲੰਕਾਰਕ ਸ਼ੈਲੀ ਵਿਚ ਚਿਤ੍ਰਦਿਆਂ ਕਹਿੰਦਾ ਹੈ :

ਹੋਠ ਲਾਲ ਉਸ ਦੇ ਵਾਂਗ ਲਾਲ ਰਤੇ,
ਲਾਲ ਵੇਖ ਸ਼ਰਮਾਂਵਦੇ ਲਾਲੀਆਂ ਨੂੰ ।
ਵਲਾਂ ਵਾਲੀਆਂ ਉਸ ਦੀਆਂ ਵਾਲੀਆਂ ਨੇ,
ਲਿਆ ਲੁੱਟ ਜਹਾਨ ਦੇ ਵਾਲੀਆਂ ਨੂੰ ।[47]

ਭਾਵੇਂ ਇਸ਼ਕ ਜ਼ਿੰਦਗੀ ਨੂੰ ਬਰਬਾਦ ਕਰ ਦੇਂਦਾ ਹੈ ਪਰ ਆਤਮਾ ਨੂੰ ਤਾਂ ਅਮਰ ਕਰ ਹੀ ਦੇਂਦਾ ਹੈ । ਇਸ਼ਕ ਵਿਚ ਦੁਖਾਂਤਕ ਰੰਗਣ ਉਸ ਪ੍ਰੇਮ ਕਹਾਣੀ ਨੂੰ ਯਥਾਰਥਕਤਾ ਬਖਸ਼ਦੀ ਹੈ । ਇਸੇ ਲਈ ਤਾਂ ਹਾਸ਼ਮ ਕੂਕ ਉੱਠਦਾ ਹੈ :

ਖੁਸ਼ ਹੋ ਯਾਰ ਅਸਾਂ ਤੁਧ ਕਾਰਨ,
ਥਲ ਵਿਚ ਜਾਨ ਗੁਆਈ ।[48]

ਦਮੋਦਰ ਨੇ ਆਪਣੇ ਕਿੱਸੇ ਵਿਚ ਪਹਿਲੀ ਵਾਰ ਮਨੁੱਖੀ ਪਿਆਰ ਦੀ ਠੋਸ ਤੇ ਜ਼ੋਰਦਾਰ ਸ਼ਬਦਾਂ ਵਿਚ ਪ੍ਰਤੀਨਿਧਤਾ ਕੀਤੀ ਹੈ । ਅਧਿਆਤਮਕ ਅਰਸ਼ੀ ਉਡਾਰੀਆਂ ਤੋਂ ਹੇਠਾਂ ਉੱਤਰ ਕੇ ਫਰਸ਼ੀ ਦਰਦ ਕਹਾਣੀ ਨੂੰ ਪੇਸ਼ ਕਰਨ ਦਾ ਹੌਂਸਲਾ ਕੀਤਾ । ਉਸ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਨੁੱਖ ਦੀ ਭੌਤਿਕ ਪ੍ਰੀਤ (ਇਸ਼ਕ ਮਜਾਜ਼ੀ) ਨੂੰ ਯਥਾਰਥਕ ਰੰਗਣ ਦੇ ਕੇ ਇਸ਼ਕ ਹਕੀਕੀ ਦੀ ਮੰਜ਼ਿਲ ਤਕ ਪਹੁੰਚਾ ਦਿੱਤਾ ਹੈ। ਪਹਿਲੀ ਵੇਰ ਮਨੁੱਖੀ ਮਨ ਦੀਆਂ ਗੁੰਝਲਾਂ ਦਾ ਮਨੋਵਿਸ਼ਲੇਸ਼ਣ ਕਰਕੇ ਇਕ ਨਵੀਂ ਪਿਰਤ ਪਾਈ ਹੈ। ਸਦੀਆਂ ਤੋਂ ਜਾਗੀਰਦਾਰੀ ਨਿਜ਼ਾਮ ਦੇ ਜ਼ੁਲਮ ਦੀ ਸ਼ਿਕਾਰ ਅਬਲਾ ਔਰਤ (ਹੀਰ) ਨੇ ਆਪਣੇ ਅੰਦਰ ਬਰਾਬਰਤਾ ਦੇ ਹੱਕਾਂ ਦੀ ਮੰਗ ਕਰਨ ਲਈ ਪਹਿਲਾ ਤੇ ਨਰੋਆ ਯਤਨ ਕੀਤਾ ਹੈ। ਹੀਰ ਕੋਟ ਕਬੂਲੇ ਦੇ ਕਾਜ਼ੀ ਨੂੰ ਆਪਣੇ ਹੱਕਾਂ ਲਈ ਵੰਗਾਰ ਕੇ ਰਹਿੰਦੀ ਹੈ :

ਸੁਣ ਕਾਜ਼ੀ ! ਦਿਲ ਨਾਹੀ ਰਾਜ਼ੀ, ਤੁਧ ਕੇ ਪਾਈ ਬਾਜ਼ੀ ।
ਮੈਂ ਤੇ ਰਾਂਝੇ ਦਾ ਨੇਹੁੰ ਚਿਰੋਕਾ, ਜੀ ਸਾਹਿਬ ਖਲਕਤ ਸਾਜੀ ।
ਰੱਬ ਨਿਕਾਹ ਦਿਲਾਂ ਦੇ ਬੱਧੇ, ਤੂੰ ਕੇ ਬੰਨਸੀ ਕਾਜ਼ੀ ।
ਸਹੀ ਸ਼ਰ੍ਹਾ ਨਿਆਊਂ ਚੁਕਾਨੇ, ਜੇ ਇਸ਼ਕ ਨ ਚਖੀਆ ਭਾਜੀ ।[49]

ਸੰਤ ਸਿੰਘ ਸੇਖੋਂ ਹੀਰ ਰਾਂਝੇ ਦੇ ਕਿੱਸੇ ਵਿਚੋਂ ਕਰਾਮਾਤੀ ਅੰਸ਼ਾਂ ਨੂੰ ਇਕ ਪਾਸੇ ਕਰਕੇ ਬਾਕੀ ਸਾਰੀ ਪ੍ਰੀਤ-ਕਹਾਣੀ ਨੂੰ ਯਥਾਰਥਕ ਦ੍ਰਿਸ਼ਟੀ ਨਾਲ ਪਰਖਦੇ ਹਨ, ਉਨ੍ਹਾਂ ਅਨੁਸਾਰ "ਪਹਿਲੀ ਅਧਿਆਤਮਕ ਗੱਲ ਜਿਸ ਦਾ ਅਸਾਂ ਯਥਾਰਥਕ ਭਾਵ ਲੱਭਣਾ ਹੈ ਉਹ ਹੀਰ ਰਾਂਝੇ ਦੇ ਪ੍ਰੇਮ ਨੂੰ ਪੰਜਾਂ ਪੀਰਾਂ ਦੀ ਥਾਪਣਾ ਹੈ। ਯਥਾਰਥਵਾਦੀ ਪੱਧਰ ਤੇ ਇਹ ਪੰਜ ਪੀਰ ਉਸ ਸਮੇਂ ਸਮਾਜ ਦੀ ਉਹ ਆਵਾਜ਼ ਸਨ, ਜੋ ਵਿਦਵਾਨਾਂ ਪਾਸੋਂ ਅਯੋਗ ਪਿਤਾ ਪੁਰਖੀ ਵਿਆਹ ਦੇ ਵਿਰੋਧ ਕਰਾਉਂਦੀ ਹੈ। ਇਸ ਅਯੋਗ ਵਿਆਹ ਪ੍ਰਬੰਧ ਦਾ ਸ਼ਿਕਾਰ ਰਾਂਝੇ ਨਾਲੋਂ ਹੀਰ ਅਥਵਾ ਮਰਦ ਨਾਲੋਂ ਤੀਵੀਂ ਵਧੇਰੇ ਹੈ। ਇਸ ਲਈ ਥਾਂ ਥਾਂ ਵਿਰੋਧ ਕਰਨ ਵਾਲੀ ਸ਼ਕਤੀ ਹੀਰ ਹੀ ਹੈ" ।[50]

ਪੰਜਾਬੀ ਕਿੱਸਾ ਕਾਵਿ ਵਿਚ ਯਥਾਰਥ ਬਾਰੇ ਡਾ. ਗੁਰਦੇਵ ਸਿੰਘ ਦਾ ਕਥਨ ਹੈ ਕਿ "ਪੰਜਾਬੀ ਕਿੱਸਾ ਕਾਵਿ ਵਿਚ ਯਥਾਰਥ ਤੇ ਸਵਪਨ ਦਾ ਸ਼ਾਨਦਾਰ ਮੇਲ ਹੈ, ਲੌਕਿਕ ਤੇ ਪਰਲੌਕਿਕ ਦਾ ਸੁਮੇਲ ਹੈ। ਅਥਵਾ ਪ੍ਰਾਕ੍ਰਿਤਿਕ ਅਤੇ ਅਪ੍ਰਾਕ੍ਰਿਤਿਕ ਦਾ ਸਮਨਵਯ ਹੈ" ।[51] ਪੰਜਾਬੀ ਸਾਹਿਤ ਵਿਚ ਕਿੱਸਾ ਕਾਵਿ ਪ੍ਰਣਾਲੀ ਨਾਲ ਸੱਚੇ ਅਰਥਾਂ ਵਿਚ ਲੌਕਿਕ ਸਾਹਿਤ ਦਾ ਪ੍ਰਵੇਸ਼ ਹੁੰਦਾ ਹੈ। ਕਿੱਸੇ ਵਿਚ ਪ੍ਰੀਤ ਕਹਾਣੀ ਦਾ ਬਿਆਨ ਯਥਾਰਥਕ ਪ੍ਰਗਟਾ ਹੁੰਦਾ ਹੈ। ਮੁਕਬਲ ਦੇ ਕਿੱਸੇ ਹੀਰ ਰਾਂਝਾ ਵਿਚ ਵੀ ਆਰਥਿਕ ਤੇ ਸਮਾਜਕ ਕੀਮਤਾਂ ਦੀ ਅਸਲੀਅਤ ਪ੍ਰਤੱਖ ਨਜ਼ਰੀਂ ਪੈਂਦੀ ਹੈ। ਮੁਕਬਲ ਦੇ ਸਮੇਂ ਲੋਕਾਂ ਦੀ ਧਾਰਮਿਕ ਰੁਚੀ ਵਧੇਰੇ ਪ੍ਰਬਲ ਸੀ। ਇਸ਼ਕ ਨੂੰ ਵੀ ਧਾਰਮਿਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਂਦਾ ਸੀ :

ਇਸ਼ਕ ਹੱਕ ਨੂੰ ਚਾ ਮਿਲਾਉਂਦਾ ਏ,
ਏਸ ਇਸ਼ਕ ਦੇ ਵਾਰਨੇ ਜਾਈਏ ਜੀ ।
ਕੁੱਠੇ ਇਸ਼ਕ ਦੇ ਨੂੰ ਨਹੀਂ ਮੌਤ ਮੂਲੋਂ,
ਤੇਗ ਇਸ਼ਕ ਦੀ ਮੂੰਹੋਂ ਮੂੰਹ ਖਾਈਏ ਜੀ ।[52]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਕਬਲ ਦੇ ਕਿੱਸੇ ਵਿਚ ਇਕ ਰੁਚੀ ਦਾ ਲਿਸ਼ਕਾਰਾ ਆਤਮਕ ਦ੍ਰਿਸ਼ਟੀਕੋਣ ਥੱਲੇ ਲੁਕਿਆ ਪਿਆ ਹੈ, ਉਹ ਯਥਾਰਥਕ ਰੁਚੀ ਦਾ ਲਿਸ਼ਕਾਰਾ ਹੈ। ਮੁਕਬਲ ਨੇ ਕਈ ਘਟਨਾਵਾਂ ਨੂੰ ਯਥਾਰਥਕ ਪੱਧਰ ਤੇ ਬਿਆਨਣ ਦਾ ਯਤਨ ਕੀਤਾ ਹੈ। ਪਰ ਹਾਂ ਪੰਜਾਬੀ ਕਿੱਸਿਆਂ ਨੇ ਪੰਜਾਬੀ ਸਾਹਿਤ ਵਿਚ ਯਥਾਰਥਕ ਸੂਝ ਨੂੰ ਪ੍ਰਫੁੱਲਤ ਕੀਤਾ ਅਤੇ ਅਧਿਆਤਮਕ ਰੰਗਣ ਘਟਣ ਲੱਗ ਪਈ। ਇਸੇ ਲਈ ਮੁਕਬਲ ਦੇ ਪਿਛੋਂ ਵਾਰਿਸ ਦੀ ਹੀਰ ਵਿਚ ਯਥਾਰਥਕ ਸੂਝ ਵਧੇਰੇ ਭਾਸਦੀ ਹੈ।

ਦਮੋਦਰ ਯਥਾਰਥਵਾਦੀ ਕਿੱਸਾਕਾਰ ਹੈ, ਉਹ ਪਾਤਰਾਂ ਦੇ ਪ੍ਰਕਰਣ ਵਿਚ ਖੁੱਭ ਕੇ ਲਿਖਦਾ ਹੈ। ਉਹ ਆਪਣੀ ਰਚਨਾ ਵਿਚ ਇਕ ਦੋ ਛੋਹਾਂ ਨਾਲ ਹੀ ਸਥਿਤੀ ਸਪਸ਼ਟ ਕਰ ਦੇਂਦਾ ਹੈ। ਮਸੀਤ ਵਿਚ ਰਾਂਝੇ ਨਾਲ ਝੀਊਰੀ ਕੁੜੀ ਦੀਆਂ ਮੁਲਾਕਾਤਾਂ ਦਾ ਦ੍ਰਿਸ਼, ਹੀਰ ਦੀ ਡੋਲੀ ਦਾ ਦ੍ਰਿਸ਼, ਸਾਹਿਤੀ ਤੇ ਜੋਗੀ ਦੇ ਹੀਰ ਦਾ ਇਲਾਜ ਕਰਦੇ ਸਮੇਂ ਦਾ ਦ੍ਰਿਸ਼, ਬਹੁਤ ਹੀ ਕਲਾਪੂਰਨ ਹੈ। ਜਦੋਂ ਹੀਰ ਗੁਸੇ ਵਿਚ ਆ ਕੇ ਆਪਣੇ ਤਾਏ ਕੈਦੋ ਦੀ ਝੁੱਗੀ ਸਾੜ ਦੇਂਦੀ ਹੈ ਤਾਂ ਉਸ ਦਾ ਕੈਦੋ ਨੂੰ ਜੋ ਜੁਆਬ ਹੈ, ਕਿੰਨਾ ਯਥਾਰਥਵਾਦੀ ਹੈ :

ਅਜੇ ਮੈਂ ਕੇ ਕੀਤਾ, ਤਾਇਆ ! ਤੈਨੂੰ ਅਜੇ ਹੋਰ ਕਰੇਸਾਂ।
ਦਾੜ੍ਹੀ ਤੈਂਡੀ ਤੇ ਵਾਲ ਨਾ ਛੋੜੀ, ਹਿਕ ਹਿਕ ਨੱਪ ਪਟੇਸਾਂ।
ਜੇੜ੍ਹੀ ਜੰਘ ਚੰਗੇਰੀ ਤੇਰੀ, ਮੁੰਡੀ ਨਪ ਕਰੇਸਾਂ।
ਪੀਸਾਂ ਰੱਤ ਨਾ ਛੋੜੀਂ ਤੈਨੂੰ, ਹਿਕੇ ਤਾਂ ਥਾਇੰ ਮਰੇਸਾਂ।[53]

ਦਮੋਦਰ ਦੀ ਕਹਾਣੀ ਵਿਚ ਭਾਵੇਂ ਕਾਫ਼ੀ ਸਾਮਗ੍ਰੀ ਨਾ ਮੰਨਣਯੋਗ ਹੈ ਪਰ ਫਿਰ ਵੀ ਉਸ ਦਾ ਕਿੱਸਾ ਬੜਾ ਯਥਾਰਥਵਾਦੀ ਭਾਸਦਾ ਹੈ ਕਿਉਂਕਿ ਉਸ ਦੇ ਕਿੱਸੇ ਵਿਚੋਂ ਪੰਜਾਬੀ ਜੀਵਨ ਤੇ ਸਭਿਆਚਾਰ ਦਾ ਝਲਕਾਰਾ ਪੈਂਦਾ ਹੈ। ਦਮੋਦਰ ਨਿੱਕੇ ਤੋਂ ਨਿੱਕੇ ਵੇਰਵੇ ਦਾ ਧਨੀ ਲੇਖਕ ਹੈ। ਉਸ ਨੇ ਆਪਣੇ ਸਮਕਾਲੀ ਜੀਵਨ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਦਾ ਬੜੀ ਸੂਖਮਤਾ ਨਾਲ ਬਿਆਨ ਕੀਤਾ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮੱਧਕਾਲੀਨ ਪੰਜਾਬੀ ਕਿੱਸਿਆਂ ਵਿਚ ਯਥਾਰਥ ਨੂੰ ਬੜੀ ਸੁਚੱਜਤਾ ਨਾਲ ਪ੍ਰਗਟ ਕੀਤਾ ਗਿਆ ਹੈ ਭਾਵੇਂ ਇਨ੍ਹਾਂ ਵਿਚ ਰੁਮਾਂਚਿਕ ਤੇ ਆਦਰਸ਼ਵਾਦੀ ਤੱਤ ਵੀ ਆ ਜਾਂਦੇ ਹਨ। ਕਰਾਮਾਤਾਂ ਤੇ ਪ੍ਰਾਸਰੀਰਕ ਅੰਸ਼ ਵੀ ਮੌਜੂਦ ਹਨ ਫਿਰ ਵੀ ਕਹਾਣੀ ਦੇ ਤੱਤਾਂ ਤੇ ਪਾਤਰ ਉਸਾਰੀ, ਸਥਾਨਿਕ ਦ੍ਰਿਸ਼ਾਂ, ਸਮਕਾਲੀਨ ਘਟਨਾਵਾਂ, ਨਾਵਾਂ-ਥਾਵਾਂ ਦੇ ਵੇਰਵੇ ਆਦਿ ਸਭ ਯਥਾਰਥ ਦੇ ਸੰਕਲਪ ਨੂੰ ਉਘਾੜਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਤੇ ਟਿੱਪਣੀਆਂ

1. 'Primitive Culture', p, 1.
2. Ibid.
3. 'ਕਿੱਸਾ ਕਾਵਿ ਵਿਚ ਸਮਾਜ ਤੇ ਸਭਿਆਚਾਰ', ਪੰਨਾ 75.
4. 'Sociology', Chapter 6.
5. Anthropology, Encyclopaedia of Social Sciences', Vol II, p. 79.
6. 'Culture : A Critical Review of Concepts & Deffinitions', p. 181.
7. 'ਸੰਸਕ੍ਰਿਤੀ ਔਰ ਕਲਾ', ਪੰਨੇ 30-40.
8. 'ਸਾਹਿਤਯ ਔਰ ਸੰਸਕ੍ਰਿਤੀ', ਪੰਨਾ 103.
9. 'ਸੰਸਕ੍ਰਿਤਕ ਭਾਰਤ', ਪੰਨਾ 9.
10. 'ਸੰਸਕ੍ਰਿਤੀ ਕਾ ਦਾਰਸ਼ਨਿਕ ਵਿਵੇਚਨ', ਪੰਨਾ 167.
11. 'ਮਨੁੱਖੀ ਸਮਾਜ', (ਅਨੁ. ਡਾ. ਪਰਕਾਸ਼ ਸਿੰਘ), ਪੰਨਾ 2.
12. ਉਹੀ ।
13. ਉਹੀ, ਪੰਨਾ 3.
14. 'ਸਮਾਜ ਵਿਗਿਆਨ ਨਾਲ ਜਾਣ ਪਛਾਣ', ਪੰਨਾ 16.
15. ਉਹੀ, ਪੰਨਾ 87.
16. 'Man and Culture', p. 361,
17. International Encyclo Paedia of Social Sciences. p. 21,
18. 'Anthropology', p. 425,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

19. Nancy O Lurie, 'Culture Change' (ed. James A. Clifton), p. 293.
20. 'ਭਾਰਤੀ ਸੰਸਕ੍ਰਿਤੀ ਕੇ ਸਰੋਤ', ਪੰਨਾ 101.
21. ਉਹੀ, ਪੰਨਾ 93.
22. ਡਾ. ਵਣਜਾਰਾ ਬੇਦੀ, 'ਪੰਜਾਬ ਦੀ ਲੋਕ ਧਾਰਾ', ਪੰਨਾ 8.
23. 'ਪੰਜਾਬ ਦਾ ਸਭਿਆਚਾਰਕ ਵਿਰਸਾ', 'ਖੋਜ ਦਰਪਣ', ਅੰਕ 14, ਪੰਨਾ 114.
24. 'ਪੰਜਾਬ ਦੀ ਲੋਕ ਧਾਰਾ', ਪੰਨਾ 18.
25. 'ਪੰਜਾਬ ਤੇ ਪੰਜਾਬੀ ਤੇ ਪਏ ਬਦੇਸ਼ੀ ਪ੍ਰਭਾਵ', ਪੰਨਾ 32.
26. 'ਪੰਜਾਬੀ ਜੀਵਨ ਤੇ ਸੰਸਕ੍ਰਿਤੀ', ਪੰਨਾ 102.
27. 'ਲੋਕ ਧਾਰਾ ਤੇ ਸਾਹਿਤ', ਪੰਨਾ 32.
28. 'ਖੋਜ ਦਰਪਣ', ਅੰਕ 15, ਪੰਨਾ 100.
29. 'ਉਹੀ ਰਚਨਾ', ਪੰਨੇ 80–81.
30. 'ਪੰਜਾਬ ਦਾ ਲੋਕ ਸਾਹਿਤ', ਪੰਨਾ 7.
31. 'ਪੰਜਾਬੀ ਦੁਨੀਆ', ਪੰਨਾ 4.
32. 'ਲੋਕਧਾਰਾ ਅਤੇ ਸਾਹਿਤ', ਪੰਨਾ 39.
33. ਡਾ. ਕਿਰਪਾਲ ਸਿੰਘ ਕਸੇਲ (ਸੰਪ.), 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 492.
34. 'ਪੰਜਾਬ ਦੀ ਲੋਕਧਾਰਾ', ਪੰਨੇ 151–52.
35. 'ਪੰਜਾਬੀ ਸਾਹਿਤ ਤੇ ਸਾਹਿਤਕਾਰ', ਪੰਠਾ 88.
36. 'ਕਿੱਸਾ ਕਾਵਿ', ਪੰਨਾ 1.
37. ਉਹੀ, ਪੰਨਾ 31.
38. 'ਲੋਕ ਧਾਰਾ ਤੇ ਸਾਹਿਤ', ਪੰਨਾ 35.
39. ਉਹੀ, ਪੰਨਾ 36.
40. ਉਹੀ, ਪੰਨਾ 37.
41. 'ਕਿੱਸਾ ਪੰਜਾਬ', (ਭੂਮਿਕਾ) ।
42. 'ਹੀਰ ਵਾਰਿਸ' (ਸੰਪ.) ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 2.
43. 'ਪੰਜਾਬੀ ਸਾਹਿਤ ਕੋਸ਼', (ਭਾਗ ਪਹਿਲਾ), ਪੰਨਾ 485.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

44. 'ਪੰਜਾਬੀ ਆਲੋਚਨਾ ਇਕ ਪਰਿਚਯ', (ਸੰਪ.) ਡਾ. ਰਵਿੰਦਰ ਸਿੰਘ, ਪੰਨਾ 274.

45. 'ਦਮੋਦਰ ਰਚਨਾਵਲੀ' (ਸੰਪ.) ਪ੍ਰਿੰ. ਗੁਰਦਿੱਤ ਸਿੰਘ ਪ੍ਰੇਮੀ, ਪੰਨਾ 212.

46. 'ਸੱਸੀ ਪੁੰਨੂੰ' (ਸੰਪ.) ਡਾ. ਦੀਵਾਨ ਸਿੰਘ ਤੇ ਹੋਰ, ਪੰਨਾ 88.

47. 'ਕਿੱਸਾ ਸੋਹਣੀ ਮਹੀਂਵਾਲ' (ਸੰਪ.) ਡਾ. ਦੀਵਾਨ ਸਿੰਘ, ਪੰਨਾ 8.

48. 'ਉਹੀ ਰਚਨਾ', ਪੰਨਾ 86.

49. 'ਦਮੋਦਰ ਰਚਨਾਵਲੀ' (ਸੰਪ.) ਪ੍ਰਿੰ. ਗੁਰਦਿੱਤ ਸਿੰਘ ਪ੍ਰੇਮੀ, ਪੰਨਾ 247.

50. 'ਪੰਜਾਬੀ ਦੁਨੀਆ', ਪੰਨਾ 48.

51. 'ਸ਼ੀਰਾਜ਼ਾ', ਪੰਨਾ 1.

52. 'ਮੁਕਬਲ' (ਸੰਪ.), ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 1.

53. 'ਦਮੋਦਰ ਰਚਨਾਵਲੀ' (ਸੰਪ), ਪ੍ਰਿੰ. ਗੁਰਦਿੱਤ ਸਿੰਘ ਪ੍ਰੇਮੀ, ਪੰਨਾ 112.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀਰ ਦਮੋਦਰ ਵਿਚ ਪ੍ਰਤੀਬਿੰਬਤ ਪੰਜਾਬੀ ਸਭਿਆਚਾਰ

ਕਿੱਸਾ ਕਾਵਿ ਪੰਜਾਬੀ ਸਾਹਿਤ ਦੇ ਮੱਧਕਾਲ ਦੀ ਇਕ ਸ਼੍ਰੋਮਣੀ ਪਰੰਪਰਾ ਹੈ ਅਤੇ ਇਸ ਨੇ ਪੰਜਾਬੀ ਸਾਹਿਤ ਨੂੰ ਬਹੁਮੁੱਲਾ ਅਤੇ ਪ੍ਰਤਿਭਾਸ਼ਾਲੀ ਕਾਵਿ ਰੂਪ ਦਿੱਤਾ ਹੈ। ਕਿੱਸਾ ਕਥਾ ਕਾਵਿ ਦਾ ਇਕ ਅਨੂਪਮ ਨਿਚੋੜ ਹੈ। ਕਿੱਸਾ ਕਾਵਿ ਦੀ ਮਹੱਤਤਾ ਬਾਰੇ ਡਾ. ਦੀਵਾਨ ਸਿੰਘ ਲਿਖਦੇ ਹਨ, "ਪੰਜਾਬ ਦੇ ਪਿੰਡਾਂ ਵਿਚ ਕਈ ਸਦੀਆਂ ਤੋਂ ਕਿੱਸਿਆਂ ਦੇ ਗਾਉਣ ਸੁਣਨ ਦਾ ਬੜਾ ਸ਼ੌਕ ਤੇ ਰਿਵਾਜ ਰਿਹਾ ਹੈ। ਵੀਹਵੀਂ ਸਦੀ ਤੋਂ ਪਹਿਲਾਂ ਦੀ ਪੰਜਾਬੀ ਸਭਿਅਤਾ ਸੱਚ-ਮੁੱਚ ਪੇਂਡੂ ਸਭਿਅਤਾ ਕਹੀ ਜਾ ਸਕਦੀ ਹੈ। ਹਰ ਪੰਜਾਬੀ ਦੀ ਸਾਹਿਤ ਭੁੱਖ ਇਹ ਕਿੱਸੇ ਹੀ ਮਿਟਾਂਦੇ ਸਨ...ਇਸ ਤਰ੍ਹਾਂ ਇਹ ਕਿੱਸੇ ਪੰਜਾਬ ਦੀ ਲੋਕ ਕਾਵਿ ਦੀ ਪਦਵੀ ਰੱਖਦੇ ਸਨ। ਸਾਹਿਤ ਦਾ ਰਸ ਤੇ ਜੀਵਨ ਦੀ ਸਿਖਿਆ, ਦੋਹਾਂ ਲੋੜਾਂ ਦੀ ਪੂਰਤੀ ਇਹ ਕਿੱਸੇ ਹੀ ਕਰਦੇ ਸਨ"।[1]

ਹੀਰ ਰਾਂਝੇ ਦੀ ਕਹਾਣੀ ਪੰਜਾਬ ਦੇ ਲੋਕਾਂ ਦੀ ਆਪਣੀ ਸੱਚੀ ਕਹਾਣੀ ਹੈ। ਪੰਜਾਬ ਵਿਚ ਹੀਰ ਰਾਂਝੇ ਦੀ ਕਹਾਣੀ ਦਾ ਅਮੁੱਕ ਖਜ਼ਾਨਾ ਅਕਬਰ ਦੇ ਅੰਤ ਸਮੇਂ ਅਤੇ ਜਹਾਂਗੀਰ ਦੇ ਆਰੰਭ ਸਮੇਂ ਦੀ ਦਾਸਤਾਨ ਹੈ। ਜਦੋਂ ਕਿ ਸਿੱਖ ਮਤ ਦੀ ਗੁਰਮਤ ਕਾਲ ਪਰੰਪਰਾ ਪੂਰੇ ਜੋਬਨ ਉੱਤੇ ਸੀ। ਗੁਰੂ ਅਰਜਨ ਦੇਵ ਜੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਵਿਚ ਲੀਨ ਸਨ ਤਾਂ ਉਸ ਸਮੇਂ ਗੁਲਾਟੀ ਜਾਤ ਦੇ ਹਿੰਦੂ ਕਵੀ ਦਮੋਦਰ ਨੇ ਆਪਣੇ ਕਿੱਸੇ ਦਾ ਆਧਾਰ ਹੀਰ ਰਾਂਝੇ ਦੀ ਪ੍ਰੇਮ ਕਥਾ ਨੂੰ ਬਣਾਇਆ। ਦਮੋਦਰ ਮੁਗ਼ਲ ਕਾਲ ਦਾ ਸਭ ਤੋਂ ਵੱਡਾ ਕਿੱਸਾਕਾਰ ਹੈ ਜਿਸ ਨੇ ਇਕ ਪਾਸੇ ਪੰਜਾਬੀ ਦੇ ਲੋਕ ਸਾਹਿਤ, ਦੂਜੇ ਪਾਸੇ ਸਮਕਾਲੀ ਅਧਿਆਤਮਕ ਸਾਹਿਤ ਤੇ ਤੀਜੇ ਪਾਸੇ ਫ਼ਾਰਸੀ ਦੇ ਮਸਨਵੀ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਵਿਚ ਹੀਰ ਰਾਂਝਾ ਕਿੱਸਾ, ਇਕ ਮਹਾਨ ਰਚਨਾ ਕੀਤੀ।

ਦਮੋਦਰ ਕੋਲ ਜਦੋਂ ਇਹ ਕਥਾ ਪਹੁੰਚੀ ਤਾਂ ਲਗਪਗ ਡੇਢ ਸੌ ਸਾਲ ਦਾ ਸਮਾਂ ਲੰਘ ਚੁੱਕਾ ਸੀ। ਹੀਰ ਦੀ ਕਹਾਣੀ ਵਿਚ ਲੋਕ ਸਾਹਿਤ, ਕਰਾਮਾਤਾਂ, ਪੀਰਾਂ ਅਤੇ ਦੇਵਤਿਆਂ ਦੀ ਬਖਸ਼ਿਸ਼ ਅਤੇ ਹੋਰ ਕਈ ਪ੍ਰਾਸਰੀਰਕ ਅੰਸ਼ ਸ਼ਾਮਿਲ ਹੋ ਚੁੱਕੇ ਸਨ। ਦਮੋਦਰ ਨੇ ਇਸ ਕਹਾਣੀ ਦਾ ਰੂਪਕ ਢਾਂਚਾ ਤਾਂ ਮੂਲ ਕਹਾਣੀ ਅਨੁਸਾਰ ਹੀ ਰੱਖਿਆ ਪਰ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਕਈ ਅੰਦਰਲੇ ਤੱਤ ਲੋਕ ਸਾਹਿਤ, ਲੋਕ ਪਰੰਪਰਾ ਅਤੇ ਸਥਾਨਿਕ ਰਵਾਇਤਾਂ ਵਿਚੋਂ ਅਪਣਾ ਲਏ। ਦਮੋਦਰ ਦੀ ਰਚਨਾ ਹੀਰ ਰਾਂਝਾ ਕਈ ਗੱਲਾਂ ਕਰਕੇ ਵਿਸ਼ੇਸ਼ਤਾਵਾਂ ਦੀ ਧਾਰਣੀ ਹੈ। ਹੀਰ ਪੰਜਾਬੀ ਕਿੱਸਾ ਕਾਵਿ ਪ੍ਰਣਾਲੀ ਦੀ ਮਾਲਾ ਦਾ ਕੇਂਦਰੀ ਮਣਕਾ ਹੈ ਅਤੇ ਦਮੋਦਰ ਉਸ ਦਾ ਆਦਿ ਕਵੀ ਉਸ ਦਾ ਹੀਰ ਦੇ ਜਨਮ ਸਥਾਨ, ਉਸ ਦੇ ਲੋਕਾਂ, ਸਭਿਆਚਾਰ ਤੇ ਭਾਸ਼ਾ ਨਾਲ ਡੂੰਘਾ ਸੰਪਰਕ ਹੈ। ਇਸ ਲਈ ਉਸ ਦੇ ਬ੍ਰਿਤਾਂਤ ਨੂੰ ਠੀਕ ਮੰਨਿਆ ਜਾ ਸਕਦਾ ਹੈ।

ਕਿਸੇ ਕਾਵਿ ਰੂਪ ਦੇ ਆਰੰਭਿਕ ਕਵੀ ਵਿਚ ਏਨੇ ਗੁਣ ਪੈਦਾ ਹੋ ਜਾਣੇ ਕਿ ਉਸ ਦੀ ਕਵਿਤਾ ਆਪਣੀ ਕਲਾ ਦੇ ਲੱਛਣਾਂ ਕਰਕੇ ਉਤਕ੍ਰਿਸ਼ਟ ਹੋ ਨਿਬੜੇ, ਅਜਿਹਾ ਮਾਣ ਘੱਟ ਹੀ ਕਵੀਆਂ ਨੂੰ ਮਿਲਦਾ ਹੈ ਅਤੇ ਦਮੋਦਰ ਉਨ੍ਹਾਂ ਥੋੜ੍ਹਿਆਂ ਵਿਚੋਂ ਇਕ ਹੈ, ਜਿਸ ਦੀ ਰਚਨਾ ਕਿੱਸਾ ਕਾਵਿ ਰੂਪ ਵਿਚ ਪਹਿਲੀ ਹੁੰਦੀ ਹੋਈ ਵੀ ਆਪਣੇ ਕਾਵਿਕ ਗੁਣਾਂ ਕਰਕੇ ਬੜੀ ਹਰਮਨ ਪਿਆਰੀ ਹੋ ਨਿਬੜੀ। ਇਸ ਲਈ ਦਮੋਦਰ ਨੂੰ ਪੰਜਾਬੀ ਕਿੱਸਾ ਕਾਵਿ ਦਾ ਜੇ ਮੋਢੀ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਦਮੋਦਰ ਦੇ ਕਿੱਸੇ ਨਾਲ ਪੰਜਾਬੀ ਲੌਕਿਕ ਸਾਹਿਤ ਅਤੇ ਕਿੱਸਾ ਕਾਵਿ ਦਾ ਮੁੱਢ ਬੱਝਦਾ ਹੈ। ਇਸੇ ਲਈ ਦਮੋਦਰ ਅਤੇ ਉਸ ਦੀ ਰਚਨਾ ਦੋਵੇਂ ਵਿਸ਼ੇਸ਼ ਮਹੱਤਤਾ ਦੇ ਧਾਰਣੀ ਹਨ। ਇਸ ਬਾਰੇ ਡਾ. ਜੀਤ ਸਿੰਘ ਸੀਤਲ ਦਾ ਕਥਨ ਹੈ ਕਿ "ਹੀਰ ਦਮੋਦਰ ਪਹਿਲਾ ਪੰਜਾਬੀ ਕਿੱਸਾ ਹੈ ਜਿਸ ਵਿਚ ਉਸ ਸਮੇਂ ਦੇ ਸਮਾਜ ਦਾ ਹੂਬਹੂ ਚਿਤ੍ਰਣ ਚਿਤ੍ਰਿਆ ਗਿਆ ਹੈ। ਜਨਮ, ਮੰਗਣੇ, ਵਿਆਹ ਆਦਿ ਦੀਆਂ ਰਸਮਾਂ ਦਾ ਵਿਸਥਾਰ ਦਿੱਤਾ ਗਿਆ ਹੈ। ਸਮਾਜ, ਜਾਤਾਂ-ਗੋਤਾਂ, ਕਿੱਤਿਆਂ, ਪੇਸ਼ਿਆਂ ਤੇ ਜ਼ਿਮੀਂਦਾਰ ਕਾਮਿਆਂ ਵਿਚ ਵੰਡਿਆ ਹੋਇਆ ਹੈ। ਇਤਿਹਾਸਕ ਤੱਥਾਂ ਦੀ ਘਾਟ ਹੈ। ਸ਼ਿੰਗਾਰ ਰਸ ਪ੍ਰਧਾਨ ਹੈ। ਬੀਰ ਰਸ ਤੇ ਕਰੁਣਾ ਰਸ ਦੇ ਅਦੁੱਤੀ ਅੰਸ਼ ਮਿਲਦੇ ਹਨ"।[2]

ਹੁਣ ਅਸੀਂ ਹੀਰ ਦਮੋਦਰ ਵਿਚੋਂ ਪੰਜਾਬੀ ਸਭਿਆਚਾਰ ਨੂੰ ਵੇਖਣ ਦਾ ਉਪਰਾਲਾ ਕਰਦੇ ਹਾਂ। ਸਭਿਆਚਾਰ ਕਿਉਂਕਿ ਇਕ ਅਜਿਹਾ ਦਰਪਣ ਹੈ ਜਿਸ ਵਿਚੋਂ ਕਿਸੇ ਵੀ ਕੌਮ ਦੀ ਸਮੁੱਚੀ ਨੁਹਾਰ ਵੇਖੀ ਜਾ ਸਕਦੀ ਹੈ। ਸਭਿਆਚਾਰ ਵਿਚ ਬੋਲੀ ਤੇ ਸਾਹਿਤ, ਕਲਾ ਤੇ ਧਰਮ, ਫਲਾਸਫ਼ੀ ਤੇ ਪਰੰਪਰਾ, ਕਾਨੂੰਨ ਤੇ ਸਰਕਾਰ, ਰਸਮੋਂ ਰਿਵਾਜ, ਸਾਜ਼ੋ-ਸਮਾਨ, ਹਥਿਆਰ, ਪੁਸ਼ਾਕ, ਇਮਾਰਤਾਂ ਤੇ ਮਸ਼ੀਨਾਂ ਆਦਿ ਤੱਤ ਆ ਜਾਂਦੇ ਹਨ। ਹੀਰ ਦਮੋਦਰ ਵਿਚੋਂ ਪੰਜਾਬੀ ਸਭਿਆਚਾਰ ਦੀ ਤਸਵੀਰ ਬਾਰੇ ਡਾ. ਪਰਮਿੰਦਰ ਸਿੰਘ ਜੀ ਦਾ ਕਥਨ ਹੈ ਕਿ "ਦਮੋਦਰ ਰਚਿਤ ਹੀਰ ਰਾਂਝੇ ਦੇ ਕਿੱਸੇ ਦੀ ਸਾਹਿਤਕ ਤੇ ਇਤਿਹਾਸਕ ਮਹੱਤਤਾ ਦੇ ਨਾਲ ਨਾਲ ਇਕ ਵੱਡੀ ਖੂਬੀ ਇਹ ਹੈ ਕਿ ਉਸ ਨੇ ਆਪਣੇ ਵੇਲੇ ਦੇ ਪੰਜਾਬੀ ਜੀਵਨ ਤੇ ਸਭਿਆਚਾਰ ਦੀ ਭਰਪੂਰ ਤਸਵੀਰ ਪੇਸ਼ ਕੀਤੀ ਹੈ। ਜਿਉਂ ਜਿਉਂ ਅਸੀਂ ਕਿੱਸਾ ਪੜ੍ਹਦੇ ਜਾਂਦੇ ਹਾਂ, ਕਹਾਣੀ ਦੇ ਵੇਰਵਿਆਂ ਦੇ ਨਾਲ ਨਾਲ ਸਾਡੀਆਂ ਅੱਖਾਂ ਸਾਹਮਣੇ ਉਸ ਵੇਲੇ ਦੇ ਲੋਕਾਂ ਦੇ ਸੁਭਾ, ਰਹਿਣੀ ਸਹਿਣੀ, ਚੱਜ-ਆਚਾਰ, ਰਸਮ ਰਿਵਾਜ ਰਹੁ-ਰੀਤਾਂ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਤ ਵਿਹਾਰ ਦੀ ਸੰਪੂਰਨ ਤਸਵੀਰ ਫ਼ਿਲਮ ਵਾਂਗ ਸਾਹਮਣਿਉਂ ਲੰਘ ਜਾਂਦੀ ਹੈ" ।[3]

ਹੀਰ ਦਮੋਦਰ ਵਿਚੋਂ ਪੰਜਾਬੀ ਸਭਿਆਚਾਰ ਵੇਖਣ ਪਰਖਣ ਲੱਗਿਆਂ ਉਸ ਸਮੇਂ ਦੀ ਰਾਜਨੀਤਕ, ਧਾਰਮਿਕ, ਸਮਾਜਕ ਅਤੇ ਆਰਥਿਕ ਸਥਿਤੀ ਦੇ ਨਾਲ ਨਾਲ ਦਮੋਦਰ ਦੇ ਕਿੱਸੇ ਵਿਚਲੀ ਭਾਸ਼ਾ ਤੇ ਬੋਲੀ, ਪਦਾਰਥਕ ਲੱਛਣ ਜਿਵੇਂ ਖਾਣ ਪੀਣ, ਰਹਿਣ ਸਹਿਣ, ਆਵਾਜਾਈ ਦੇ ਸਾਧਨ, ਪਹਿਰਾਵਾ ਤੇ ਕਿੱਤੇ, ਇਤਿਹਾਸ, ਸਦਾਚਾਰਕ ਜੀਵਨ ਜਿਵੇਂ ਗੀਤਾਂ, ਰਸਮੋਂ ਰਿਵਾਜ, ਸਮਾਜਕ ਜੀਵਨ ਜਿਵੇਂ ਜਨਮ, ਮੰਗਣਾ ਤੇ ਵਿਆਹ ਦੇ ਢੰਗਾਂ ਅਤੇ ਕਾਨੂੰਨ ਵਿਚਲੀ ਨਿਆਂ ਪ੍ਰਣਾਲੀ ਅਤੇ ਅਦਾਲਤਾਂ ਆਦਿ ਬਾਰੇ ਗਹੁ ਨਾਲ ਅਧਿਐਨ ਕਰਨਾ ਹੋਵੇਗਾ ।

ਰਾਜਨੀਤਕ ਸਥਿਤੀ :

ਦਮੋਦਰ ਦਾ ਕਿੱਸਾ ਹੀਰ ਰਾਂਝਾ ਪੜ੍ਹਨ ਉਪਰੰਤ ਇਹ ਗਿਆਤ ਹੁੰਦਾ ਹੈ ਕਿ ਇਹ ਕਿੱਸਾ ਅਕਬਰ ਮਹਾਨ ਦੇ ਰਾਜ ਕਾਲ ਦਾ ਲਿਖਿਆ ਹੋਇਆ ਹੈ । ਉਸ ਸਮੇਂ ਸਾਰੇ ਦੇਸ਼ ਵਿਚ ਅਕਬਰ ਦੀ ਸਰਦਾਰੀ ਸੀ । ਦਮੋਦਰ ਅਨੁਸਾਰ ਉਸ ਅੱਗੇ ਕਿਸੇ ਦੀ ਆਕੜਨ ਦੀ ਜੁਅਰਤ ਨਹੀਂ ਸੀ :

> ਪਾਤਸ਼ਾਹੀ ਜੋ ਅਕਬਰ ਸੰਦੀ,
> ਹੀਲ ਨਾ ਹੁਜਤ ਕਾਈ ।[4]

ਅਕਬਰ ਦਾ ਰਾਜ ਪ੍ਰਬੰਧ ਜਾਗੀਰਦਾਰੀ ਢਾਂਚੇ ਅਨੁਸਾਰ ਸੀ । ਕਈ ਪਿੰਡਾਂ ਦੇ ਸਮੂਹ ਦੀ ਇਕ ਇਕਾਈ ਹੁੰਦੀ ਸੀ, ਜਿਸ ਦਾ ਪ੍ਰਬੰਧਕ ਸਿਕਦਾਰ ਹੁੰਦਾ ਸੀ । ਸਿਆਲਾਂ ਦੀ ਸਿਕਦਾਰੀ ਹੀਰ ਦੇ ਪਿਉ ਚੂਚਕ ਕੋਲ ਸੀ । ਜਿਸ ਦੀ ਸਿਕਦਾਰੀ ਵਿਚ 84 ਪਿੰਡ ਆਉਂਦੇ ਸਨ । ਪਿੰਡ ਜਾਤਾਂ ਤੇ ਨਾਵਾਂ ਜਾਂ ਕਬੀਲਿਆਂ ਦੇ ਸਰਦਾਰਾਂ ਦੇ ਨਾਵਾਂ ਤੇ ਵਸਾਏ ਜਾਂਦੇ ਸਨ । ਮੁੱਖ ਜਾਤਾਂ ਵਿਚੋਂ ਸਿਆਲ, ਖੇੜੇ, ਸੰਬਲ, ਨਾਹੜ, ਚੰਧੜ, ਰਾਂਝੇ ਤੇ ਸੱਯਦ ਆਦਿ ਜਾਤਾਂ ਸਨ । ਫਿਰ ਉਨ੍ਹਾਂ ਦੇ ਨਾਵਾਂ ਤੇ ਵਸਾਏ ਪਿੰਡ ਜਿਵੇਂ ਝੰਗ/ਸਿਆਲਾਂ ਦਾ, ਰੰਗਪੁਰ ਖੇੜਿਆਂ ਦਾ, ਤਖ਼ਤ ਹਜ਼ਾਰਾ ਰਾਂਝਿਆਂ ਦਾ, ਸਿੰਧੋਂ ਪਾਰ ਪਿੰਡ ਪਠਾਣਾਂ ਦਾ ਆਦਿ ਸਨ । ਵੱਖ ਵੱਖ ਇਲਾਕਿਆਂ ਦੇ ਸਰਦਾਰ ਆਪੋ ਆਪਣੇ ਇਲਾਕੇ ਦੇ ਚੌਧਰੀ ਅਖਵਾਉਂਦੇ ਸਨ । ਦਮੋਦਰ ਨੇ ਇਨ੍ਹਾਂ ਚੌਧਰੀਆਂ ਦਾ ਜੱਸ ਗਾਇਆ ਹੈ :

> ਵੱਡੇ ਰਾਠ ਜਿਮੀ ਦੇ ਉੱਤੇ ਭੁਈਂ ਨਈਂ ਦੇ ਸਾਈਂ ।
> ਅਕਬਰ ਨਾਲ ਜੁੜੇਂਦੇ ਪਲੂ, ਢੁਕਣ ਸਤੇ ਪਾਹੀਂ ।[5]

ਇਨ੍ਹਾਂ ਸਭ ਅਮੀਰਾਂ ਦੇ ਘਰ ਸੋਨਾ ਚਾਂਦੀ, ਮਾਲ ਖਜਾਨਾ ਤੇ ਸਤ ਪਰਕਾਰ ਦੇ ਪਸ਼ੂ ਹੁੰਦੇ ਸਨ । ਲਵੇਰੇ ਦੀ ਘਾਟ ਨਹੀਂ ਸੀ ਹੁੰਦੀ । ਰਾਜਨੀਤਿਕ ਤੌਰ ਤੇ ਸੁਖ ਸ਼ਾਂਤੀ ਦਾ ਸਮਾਂ ਸੀ । ਜ਼ਿੰਦਗੀ ਇਕਸਾਰ ਚੱਲ ਰਹੀ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਾਰਮਿਕ ਸਥਿਤੀ :

ਦਮੋਦਰ ਰਚਿਤ ਕਿੱਸਾ ਹੀਰ ਰਾਂਝਾ ਵਿਚ ਉਸ ਸਮੇਂ ਦਾ ਸਮਾਜ ਧਾਰਮਿਕ ਤੌਰ ਤੇ ਦੋ ਵੱਡੀਆਂ ਸ਼੍ਰੇਣੀਆਂ ਹਿੰਦੂ ਤੇ ਮੁਸਲਮਾਨਾਂ ਵਿਚ ਵੰਡਿਆ ਹੋਇਆ ਸੀ। ਸਿੱਖ ਧਰਮ ਤੇ ਸੂਫ਼ੀ ਮਤ ਵੀ ਆਪਣੀ ਵੱਖਰੀ ਹੋਂਦ ਦਾ ਪ੍ਰਗਟਾਵਾ ਕਰ ਚੁੱਕੇ ਸਨ। ਇਸਲਾਮੀ ਸਭਿਆਚਾਰ ਦਾ ਪ੍ਰਭਾਵ ਵਧਣ ਕਰਕੇ ਗਰੀਬ ਹਿੰਦੂ ਮੁਸਲਮਾਨ ਬਣ ਚੁੱਕੇ ਸਨ ਪਰ ਫਿਰ ਵੀ ਇਨ੍ਹਾਂ ਨਵ-ਮੁਸਲਿਮ ਘਰਾਣਿਆਂ ਵਿਚ ਹਿੰਦੂਆਨਾ ਰਹੁ ਰੀਤਾਂ ਮੌਜੂਦ ਸਨ ਕਿਉਂਕਿ ਧਰਮ ਬਦਲੀ ਤਾਂ ਜਲਦੀ ਹੋ ਸਕਦੀ ਹੈ ਪਰ ਸੰਸਕਾਰ ਏਨੀ ਛੇਤੀ ਬਦਲੇ ਨਹੀਂ ਜਾ ਸਕਦੇ। ਧਾਰਮਿਕ ਤੌਰ ਤੇ ਹਿੰਦੂ ਮੁਸਲਿਮ ਪਾੜਾ ਵੱਧ ਚੁੱਕਾ ਸੀ। ਬ੍ਰਾਹਮਣ ਮੁਸਲਮਾਨ ਘਰਾਣਿਆਂ ਤੋਂ ਕੁਝ ਖਾਂਦੇ ਪੀਂਦੇ ਨਹੀਂ ਸਨ ਜਿਵੇਂ :

> ਬਾਮਣ ਸਦਸਉਂ ਪਾਏ ਬਾਮਣ, ਖਿਜ਼ਮਤ ਬਹੁੰ ਕਰਿ ਆਹੇ।
> ਆਖ ਦਮੋਦਰ ਡੂੰਮਾਂ ਤਾਈਂ ਆਪਣੇ ਘਰ ਮਿਜਮਾਨ ਬਣਾਏ।[6]

ਦੁਨੀਆਂ ਦੇ ਹਰੇਕ ਧਰਮ ਦੇ ਕੁਝ ਸਿਧਾਂਤ ਹੁੰਦੇ ਹਨ ਜਿਨ੍ਹਾਂ ਉਪਰ ਚੱਲ ਕੇ ਮਨੁੱਖ ਪਰਮਾਤਮਾ ਨੂੰ ਮਿਲ ਸਕਦਾ ਹੈ। ਮਨੁੱਖੀ ਆਤਮਾ ਦਾ ਪਰਮਾਤਮਾ ਨਾਲ ਮੇਲ ਕਰਾਉਣਾ ਹੀ ਧਰਮ ਦਾ ਅਸਲੀ ਉਦੇਸ਼ ਹੁੰਦਾ ਹੈ। ਹਿੰਦੂ ਪਰੰਪਰਾ ਵਿਚ ਤੇਤੀ ਕਰੋੜ ਦੇਵਤਿਆਂ ਦਾ ਵਰਨਣ ਆਉਂਦਾ ਹੈ। ਇਨ੍ਹਾਂ ਤੋਂ ਬਿਨਾਂ ਜਤੀ, ਸਤੀ, ਜੋਗੀ, ਪੀਰ, ਸਿੱਧ, ਨਾਥ ਆਦਿ ਵੀ ਸਾਡੇ ਧਾਰਮਿਕ ਵਿਰਸੇ ਵਿਚ ਆਉਂਦੇ ਹਨ। ਕਿੱਸਾ ਕਾਵਿ ਵਿਚ ਹਿੰਦੂ ਤੇ ਮੁਸਲਿਮ ਪਰੰਪਰਾਵਾਂ ਦੀਆਂ ਇਤਿਹਾਸਕ-ਮਿਥਿਹਾਸਕ ਕਹਾਣੀਆਂ ਨੂੰ ਕਿੱਸਾਕਾਰਾਂ ਨੇ ਬੜੀ ਦਿਲਚਸਪੀ ਨਾਲ ਬਿਆਨਿਆ ਹੈ ਅਤੇ ਆਪਣੀਆਂ ਰਚਨਾਵਾਂ ਦੇ ਨਾਇਕ ਨਾਇਕਾਵਾਂ ਤੇ ਬਾਕੀ ਪਾਤਰਾਂ ਨੂੰ ਇਨ੍ਹਾਂ ਪੀਰਾਂ, ਫ਼ਕੀਰਾਂ ਤੋਂ ਆਸ਼ੀਰਵਾਦ ਤੇ ਸਰਾਪ ਆਦਿ ਦਿਵਾਉਂਦੇ ਹਨ। ਪੰਜਾਬੀ ਕਿੱਸਿਆਂ ਵਿਚ ਪੰਜ ਪੀਰਾਂ ਦਾ ਖਾਸ ਉਲੇਖ ਮਿਲਦਾ ਹੈ :

> ਪਹੁਤਾ ਜਾਇ ਮੁਕਾਮ ਪੀਰਾਂ ਦੇ ਟਿੱਲੇ ਰਾਹ ਪੁਛਾਈ।
> ਵੰਞ ਕੀਤੇ ਸੁ ਦਰਸ਼ਨ ਰਾਂਝੇ ਅਗੇ ਸਿੱਧ ਬਗਾਈ।
> ਆਖ ਦਮੋਦਰ ਜਿਥੇ ਥਾਨ ਪੀਰਾਂ ਦਾ, ਰਾਂਝਾ ਗਇਆ ਤਿਥਾਈਂ।[7]

ਦਮੋਦਰ ਕਿਉਂਕਿ ਹਿੰਦੂ ਕਿੱਸਾਕਾਰ ਸੀ ਇਸ ਲਈ ਕਿੱਸੇ ਵਿਚ ਹਿੰਦੂਆਨਾ ਮਿਥਿਹਾਸਕ ਹਵਾਲੇ ਜ਼ਿਆਦਾ ਮਿਲਦੇ ਹਨ। ਪਰ ਦਮੋਦਰ ਮੁਸਲਮਾਨੀ ਸ਼ਰ੍ਹਾ, ਵੇਦਾਂਤਕ ਫ਼ਲਸਫ਼ੇ ਅਤੇ ਜੋਗ ਮੱਤ ਦੇ ਅਸੂਲਾਂ ਤੋਂ ਵੀ ਜਾਣੂੰ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ ਦਮੋਦਰ ਕਾਜ਼ੀ ਦੇ ਰੂਪ ਵਿਚ ਸ਼ਰ੍ਹਾ ਨੂੰ ਬਿਆਨਦਾ ਹੈ, ਰਾਂਝੇ ਜੋਗੀ ਦੇ ਰੂਪ ਵਿਚ ਜੋਗ ਮਤ ਨੂੰ ਤੇ ਰਾਂਝੇ ਹੀਰ ਦੀ ਅਭੇਦਤਾ ਨੂੰ ਪ੍ਰਗਟਾਣ ਲਈ ਵੇਦਾਂਤ ਦੀ ਟੇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈਂਦਾ ਹੈ ।[8]

ਦਮੋਦਰ ਦੇ ਕਿੱਸੇ ਉੱਤੇ ਭਾਰਤੀ ਹਿੰਦੂ ਪਰੰਪਰਾ ਦਾ ਪ੍ਰਭਾਵ ਪ੍ਰਤੱਖ ਦਿਸਦਾ ਹੈ। ਦਮੋਦਰ ਹੀਰ ਦੇ ਮੂੰਹੋਂ 'ਸੁਹਾਗਣ' ਸ਼ਬਦ ਉਚਾਰ ਕੇ ਹੀਰ ਰਾਂਝੇ ਦੇ ਸੰਬੰਧਾਂ ਨੂੰ ਹਿੰਦੂ ਪਰੰਪਰਾ ਅਨੁਸਾਰ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਵਿਚ ਬੰਨ੍ਹ ਦੇਂਦਾ ਹੈ। ਹੀਰ ਆਖਦੀ ਹੈ :

ਬਾਗੇ ਅੰਦਰ ਫੁੱਲ ਟਹਿਕੇ, ਤਿਉ ਰਾਂਝੇ ਡਿਠਿਆ ਜੀਵਾਂ ।
ਪੌਕਰ ਹਾਰ ਪਾਈ ਵਿਚ ਗਲ ਦੇ, ਮਾਲਣ ਆਪੇ ਥੀਵਾਂ ।
ਬੇੜੀ ਵਿਚ ਢੂੰਡ ਲਧੋ ਸੇ, ਦਿਲ ਕੀਤਾ ਨੀਵਾਂ ।
ਕਹੈ ਦਮੋਦਰ ਹੀਰ ਸਿਆਲੀ, ਮੈਂ ਜੱਗ ਸੁਹਾਗਣ ਥੀਵਾਂ ।[9]

ਭਾਰਤੀ ਔਰਤ ਆਪਣੇ ਪਤੀ ਨੂੰ ਪਰਮੇਸ਼ਵਰ ਮੰਨ ਕੇ ਪੂਜਦੀ ਹੈ। ਪਰਾਏ ਮਰਦ ਦੀ ਛੁਹ ਨਾਲ ਅਪਵਿੱਤਰ ਹੋ ਜਾਂਦੀ ਹੈ। ਤਾਹੀਉਂ ਹੀਰ ਪਰਾਏ ਮਰਦ ਦੀ ਛੁਹ ਤੋਂ ਡਰਦੀ ਹੈ :

ਮਰਦ ਪਰਾਇਆ ਨਾ ਛੂਹੇ ਅਸਾਨੂੰ, ਨਾ ਮਹਿਰਮ ਹੱਥ ਨ ਲਾਈ ।
ਅਸਾਂ ਕਾਮਲ ਮੁਰਸ਼ਦ ਪਾਇਆ, ਕੁਝ ਲੁੜੀਂਦਾ ਨਾਹੀ ।
ਆਖ ਦਮੋਦਰ ਮੈਂ ਰਾਂਝਣ ਦੀ, ਉਹ ਮੇਰਾ ਸਿਰ ਸਾਈਂ ।[10]

ਡਾ. ਕੁਲਬੀਰ ਸਿੰਘ ਕਾਂਗ ਦੇ ਵਿਚਾਰ ਹਨ ਕਿ "ਹੀਰ ਨੂੰ ਬੀਰਾਂਗਣ ਬਣਾਉਣ ਸਮੇਂ ਦਮੋਦਰ ਦੇ ਮਨ ਵਿਚ ਰਾਣੀ ਪਦਮਾਵਤੀ ਦਾ ਸੰਕਲਪ ਵਿਦਮਾਨ ਹੋਵੇਗਾ ਜੋ ਕਿ ਇਸ਼ਕ ਅਤੇ ਬਹਾਦਰੀ ਦੋਹਾਂ ਦਾ ਬਿੰਬ ਬਣ ਚੁੱਕੀ ਸੀ ਪਰ ਕਿਸੇ ਵੀ ਹੋਰ ਕਿੱਸਾਕਾਰ ਨੇ ਇਸ ਘਟਨਾ ਦਾ ਜ਼ਿਕਰ ਨਹੀਂ ਕੀਤਾ। ਦਮੋਦਰ ਹਿੰਦੂ ਮਿਥਿਹਾਸ ਤੇ ਇਤਿਹਾਸ ਤੋਂ ਪੂਰਨ ਤੌਰ ਤੇ ਪ੍ਰਭਾਵਤ ਸੀ" ।[11]

ਦਮੋਦਰ ਦੀ ਹੀਰ ਵਿਚੋਂ ਸਾਨੂੰ ਹਿੰਦੂ ਦੇਵ ਗਾਥਾ ਦੇ ਸੰਕੇਤ ਆਮ ਮਿਲਦੇ ਹਨ। ਰਾਂਝੇ ਦੀ ਵੰਝਲੀ ਭਗਵਾਨ ਕ੍ਰਿਸ਼ਨ ਦੀ ਬੰਸਰੀ ਦਾ ਹੀ ਦੂਜਾ ਰੂਪ ਹੈ। ਰਾਂਝੇ ਦੀ ਵੰਝਲੀ ਉੱਤੇ ਪਸ਼ੂ, ਪੰਛੀ, ਭਿਆਨਕ ਜਾਨਵਰ ਮੋਹਤ ਹੋ ਜਾਂਦੇ ਸਨ ਅਤੇ ਕੁੜੀਆਂ ਉਸ ਦੇ ਦੁਆਲੇ ਝੁਰਮਟ ਪਾਈ ਰੱਖਦੀਆਂ ਸਨ। ਇਹ ਸਾਰਾ ਪ੍ਰਭਾਵ ਭਗਵਾਨ ਕ੍ਰਿਸ਼ਨ ਦਾ ਗਊਆਂ ਚਾਰਨਾ, ਬੰਸਰੀ ਦੀ ਧੁਨ ਤੇ 360 ਗੋਪੀਆਂ ਦਾ ਮੋਹਤ ਹੋਣਾ ਆਦਿ ਸਭ ਹੀਰ ਤੇ ਰਾਂਝੇ ਦੀ ਕਥਾ ਨਾਲ ਮਿਲਦਾ ਜੁਲਦਾ ਹੈ। ਰਾਂਝੇ ਦੀ ਵੰਝਲੀ ਦਾ ਕਮਾਲ ਵੇਖੋ :

ਆਖ ਦਮੋਦਰ ਕੀਕਣ ਧੀਰਨ, ਗੋਪੀਆਂ ਕਾਨ੍ਹ ਬੁਲਾਈਆਂ ।[13]

ਜਾਂ

ਵੰਝਲੀ ਮਾਰ ਸੁਣਾਈ ਧੀਦੋ, ਮੋਹੀਂ ਸਭ ਰਿਝਾਈਆਂ ।[13]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਹਰਕ ਤੜਨ, ਕਤਹੂ ਨਾ ਧੀਰਨ, ਚਲਣ ਤੇ ਸੁਧਰਾਈਆਂ ।

ਦਮੋਦਰ ਨੇ ਹੀਰ ਰਾਂਝੇ ਦੀ ਪ੍ਰੇਮ ਝਾਕੀ ਨੂੰ ਹਿੰਦੂ ਪਰੰਪਰਾ ਵਿਚ ਕਈ ਕਥਾਵਾਂ ਨਾਲ ਤੁਲਨਾਇਆ ਹੈ ।

ਜੇਹੀ ਪ੍ਰੀਤ ਦਸਰਥ ਸੁਤ ਨੰਦਨ, ਦੂਜੀ ਸੀਤਾ ਆਹੀ ।
ਜੇਹੀ ਪ੍ਰੀਤ ਨੰਦ ਕੇ ਨੰਦਨ, ਅਰ ਬ੍ਰਿਖਭਾਨ ਕੀ ਜਾਈ ।
ਹੁਣ ਤੈਂਡੀ ਮੈਂਡੀ ਪ੍ਰੀਤ ਅਜੇਹੀ, ਜਾਣੇ ਸਭ ਲੁਕਾਈ ।
ਆਖ ਦਮੋਦਰ ਸੁਣ ਮੀਆਂ ਰਾਂਝਾ, ਤੂੰ ਮੈਂਡਾ ਸਿਰ ਸਾਈਂ ।[14]

ਰਾਂਝੇ ਦਾ ਗੰਗਪੁਰ ਖੇੜੇ ਭੇਸ ਬਦਲ ਕੇ ਜਾਣਾ, ਹੀਰ ਨੂੰ ਸੱਪ ਲੜੇ ਦਾ ਬਹਾਨਾ ਬਣਾ ਕੇ 40 ਦਿਨ ਇਕ ਬੰਦ ਕਮਰੇ 'ਚ ਰੱਖਣਾ ਹਿੰਦੂ ਮਿਥ ਅਨੁਸਾਰ ਚਾਲੀਸਾ ਕਟਣ ਨਾਲ ਮਿਲਦਾ ਹੈ । ਪਰ ਮੁਕਬਲ ਇਸ ਘਟਨਾ ਨੂੰ ਕੇਵਲ 7 ਦਿਨ ਹੀ ਦੱਸਦਾ ਹੈ । ਹੀਰ ਦੀਆਂ 360 ਸਹੇਲੀਆਂ ਕ੍ਰਿਸ਼ਨ ਭਗਵਾਨ ਦੀਆਂ 360 ਗੋਪੀਆਂ ਵਾਲਾ ਹੀ ਸੰਕਲਪ ਹੈ । ਹੀਰ ਦੇ ਪਿਉ ਚੂਚਕ ਦੇ 84 ਪਿੰਡ ਵੀ ਹਿੰਦੂ ਮਿੱਥ ਨਾਲ ਸੰਬੰਧਿਤ ਹੈ । ਹਿੰਦੂ ਪਰੰਪਰਾਂ ਵਿਚ ਔਰਤ ਮਰਦ ਨੂੰ ਪਿਆਰ ਦੀ ਖੁੱਲ੍ਹ ਪਤੀ-ਪਤਨੀ ਦੇ ਰਿਸ਼ਤੇ ਵਿਚ ਬੱਝਣ ਤੋਂ ਬਾਅਦ ਹੀ ਮਿਲਦੀ ਹੈ । ਇਸੇ ਵਿਚਾਰ ਨੂੰ ਮੁੱਖ ਰੱਖਦਿਆਂ ਦਮੋਦਰ ਦੀ ਹੀਰ ਰਾਂਝੇ ਨੂੰ ਪਹਿਲੀ ਮਿਲਨੀ ਸਮੇਂ ਹੀ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਵਿਚ ਬੱਝੀ ਮਹਿਸੂਸਦੀ ਹੈ ਅਤੇ ਕਾਜ਼ੀ ਨੂੰ ਨਿਕਾਹ ਕਰਦਿਆਂ ਹੋੜਦੀ ਹੈ :

ਰਬ ਨਿਗਾਹ ਦਿਲਾਂ ਦੇ ਬੱਧੇ, ਤੂੰ ਕੇ ਬੰਨਸੀ ਕਾਜੀ ।[15]

ਜਾਂ

ਹਿਕ ਦਿਲ ਆਹੀ, ਸੋ ਰਾਂਝਣ ਲੀਤਾ, ਦੂਜੇ ਦਿਲ ਕੋ ਨਾਹੀ ।
ਮਰਦ ਪਰਾਇਆ ਨਾ ਛੋਹੇ ਅਸਾਨੂੰ, ਨਾ ਮਹਿਰਮ ਹੱਥ ਨਾ ਲਾਈ ।[16]

ਜਦੋਂ ਹੀਰ ਦੀ ਡੋਲੀ ਰੰਗਪੁਰ ਖੇੜਿਆਂ ਵੱਲ ਤੁਰ ਪੈਂਦੀ ਹੈ ਤਾਂ ਉਸ ਸਮੇਂ ਦਾ ਦ੍ਰਿਸ਼ ਭਾਰਤੀ ਹਿੰਦੂ ਮਿੱਥ ਅਨੁਸਾਰ ਕੰਨਣ ਰਿਸ਼ੀ ਦੇ ਆਸ਼ਰਮ ਵਿਚੋਂ ਸ਼ੰਕੁਲਤਾ ਦੇ ਤੁਰਨ ਸਮੇਂ ਦੇ ਦ੍ਰਿਸ਼ ਦੀ ਯਾਦ ਦਿਵਾਉਂਦਾ ਹੈ :

ਰੁੰਨੀ ਹੀਰ ਬਹੁੰ ਸਿਰ ਤਾਈਂ, ਕਰੇ ਵਿਦਿਆ ਨਾਲ ਸਹੇਲੀ ।
ਰਾਜ ਤੁਸਾਡੇ ਉਤੇ ਸਹੀਓ; ਮੈਂ ਸਦਾ ਰਹੀ ਅਲਬੇਲੀ ।
ਡਾਰ ਤੁਸਾਡੀ ਵਿਚੋਂ ਨਿਖੜੀ, ਜਿਉਂ ਕੂਕੇ ਕੂੰਜ ਇਕੇਲੀ ।[17]

ਸੂਫ਼ੀਆਨਾ ਪ੍ਰਭਾਵ :

ਹੀਰ ਦਮੋਦਰ ਵਿਚ ਸੂਫ਼ੀਆਨਾ ਪ੍ਰਭਾਵ ਵੀ ਕਾਫ਼ੀ ਮਾਤਰਾ ਵਿਚ ਪ੍ਰਗਟ ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਸੂਫ਼ੀ ਮੱਤ ਦਾ ਕੇਂਦਰ ਬਿੰਦੂ 'ਇਸ਼ਕ' ਹੈ। ਸੂਫ਼ੀ ਇਸ਼ਕ ਨੂੰ ਸੰਸਾਰ ਦਾ ਮੂਲ ਤੇ ਰੱਬ ਦੀ ਜ਼ਾਤ ਮੰਨਦੇ ਹਨ। ਸੂਫ਼ੀ ਰੱਬ ਨੂੰ ਸੁਹਜ ਦਾ ਪੁੰਜ ਮੰਨਦੇ ਹਨ। ਦਿਸਦੀ ਦੁਨੀਆਂ ਹੀ ਸੁਹਜ ਦਾ ਪ੍ਰਗਟਾਅ ਹੈ। ਇਸੇ ਸੁਹਜ ਨੂੰ ਮਾਨਣਾ ਇਸ਼ਕ ਮਜਾਜੀ ਹੈ ਜੋ ਪਿੱਛੋਂ ਇਸ਼ਕ ਹਕੀਕੀ ਹੋ ਨਿਬੜਦਾ ਹੈ। ਇਸ਼ਕ ਦੀਆਂ ਦੋ ਅਵਸਥਾਵਾਂ ਹਨ—ਸੰਯੋਗ ਤੇ ਵਿਯੋਗ। ਸੂਫ਼ੀ ਮੱਤ ਅਨੁਸਾਰ ਮਨੁੱਖ ਨੂੰ ਜਨਮ ਤੋਂ ਹੀ ਬ੍ਰਿਹਾ ਤੇ ਵਿਜੋਗ ਪੱਲੇ ਪੈ ਜਾਂਦਾ ਹੈ। ਸੂਫ਼ੀਆਂ ਅਨੁਸਾਰ ਆਤਮਾ ਪਰਮਾਤਮਾ ਨਾਲੋਂ ਵਿਛੜ ਕੇ ਮਨੁੱਖੀ ਸਰੀਰ ਵਿਚ ਪ੍ਰਵੇਸ਼ ਕਰਦੀ ਹੈ। ਮਨੁੱਖੀ ਹੋਂਦ ਜਦੋਂ ਸੰਸਾਰ ਵਿਚੋਂ ਖਤਮ ਹੁੰਦੀ ਹੈ ਤਾਂ ਉਹ ਆਤਮਾ ਫਿਰ ਪਰਮਾਤਮਾ ਨਾਲ ਜਾ ਕੇ ਇਕਮਿਕ ਹੋ ਜਾਂਦੀ ਹੈ ਤਾਂ ਇਸ਼ਕ ਦੀ ਦੂਜੀ ਅਵਸਥਾ ਸੰਜੋਗ ਦੀ ਕ੍ਰਿਆ ਵਾਪਰਦੀ ਹੈ। ਇਸ਼ਕ ਵਿਜੋਗ ਦੀ ਭੱਠੀ ਵਿਚ ਢਲ ਕੇ ਸ਼ੁੱਧ ਸੋਨਾ ਬਣ ਜਾਂਦਾ ਹੈ ਤਾਂ ਹੀ ਤਾਂ ਬ੍ਰਿਹਾ ਨੂੰ ਬਾਬਾ ਫ਼ਰੀਦ ਨੇ ਸੁਲਤਾਨ ਕਿਹਾ ਹੈ :

ਬਿਰਹਾ ਬਿਰਹਾ ਆਖੀਐ, ਬਿਰਹਾ ਤੂੰ ਸੁਲਤਾਨ।
ਫ਼ਰੀਦਾ ਜਿਤੁ ਤਨ ਬਿਰਹੁ ਨ ਉਪਜੈ ਸੋ ਤਨ ਜਾਣੁ ਮਸਾਣੁ।[18]

ਦਮੋਦਰ ਦੇ ਕਿੱਸੇ ਵਿਚ ਹੀਰ ਆਪਣੇ ਆਪ ਨੂੰ ਰਾਂਝੇ ਨਾਲ ਅਭੇਦਤਾ ਵਾਲੀ ਹਾਲਤ ਵਿਚ ਪਹੁੰਚ ਕੇ ਕੂਕਦੀ ਹੈ :

ਨਾ ਕੋਈ ਆਖਹੁ ਹੀਰੇ ਮੈਨੂੰ, ਨਾ ਕੋਈ ਆਖੇ ਸਲੇਟੀ।
ਜਾਤ ਸਨਾਤ ਪਛਾਣੋਂ ਨਾਹੀ, ਮੈਂ ਚਾਕੇ ਨਾਲ ਚਕੇਟੀ।
ਕਦੋਂ ਚੂਚਕ ਮਾਂ ਪਿਉ ਮੈਂਡਾ, ਮੈਂ ਕਦਣ ਉਨ੍ਹਾਂ ਦੀ ਬੇਟੀ।
ਦਾਵਣ ਆਇ ਲੱਗੀ ਲੜ ਤੈਂਡੇ, ਜੇ ਪਵਾਂ ਕਬੂਲ ਜਟੇਟੀ।[19]

ਸਿੱਖ ਧਰਮ ਦਾ ਪ੍ਰਭਾਵ :

ਦਮੋਦਰ ਦੇ ਸਮੇਂ ਪੰਜਾਬ ਵਿਚ ਸਿੱਖ ਧਰਮ ਪੂਰੀ ਤਰ੍ਹਾਂ ਫ਼ੈਲ ਚੁੱਕਾ ਸੀ ਅਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਰਹੇ ਸਨ। ਕਈ ਵਿਦਵਾਨਾਂ ਅਨੁਸਾਰ ਤਾਂ ਦਮੋਦਰ ਗੁਰੂ ਘਰ ਦਾ ਸ਼ਰਧਾਲੂ ਸੀ। ਪ੍ਰੋ. ਹਿੰਮਤ ਸਿੰਘ ਸੋਢੀ ਅਨੁਸਾਰ ਤਾਂ ਦਮੋਦਰ ਦਾ ਕਿੱਸਾ ਹੈ ਹੀ ਗੁਰਮਤ ਪ੍ਰਭਾਵੀ। ਉਹ ਲਿਖਦੇ ਹਨ ਕਿ "ਪੰਜਾਬੀ ਕਿੱਸਾਕਾਰੀ ਦਾ ਮੁੱਢ 'ਦਮੋਦਰ' ਦੀ ਰਚਨਾ ਹੀ ਮੰਨੀ ਜਾਂਦੀ ਹੈ ਅਤੇ ਸੰਖੇਪ ਅਤੇ ਦ੍ਰਿੜ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਕਿੱਸਾ ਸਪਸ਼ਟ ਤੌਰ ਤੇ ਗੁਰਮਤ ਪ੍ਰਭਾਵੀ ਹੈ। ਦਮੋਦਰ ਅਨੁਸਾਰ ਜੋਗੀ (ਰਾਂਝੇ) ਦੇ ਇਨ੍ਹਾਂ ਸ਼ਬਦਾਂ ਉੱਤੇ ਗੁਰਮਤ ਦਾ ਪ੍ਰਭਾਵ ਦੇਖੋ[20] :

ਤਾਂ ਜੋਗੀ ਹੱਥ ਜੋੜ ਖਲੋਤਾ, ਦੋਵੇਂ ਨੈਨ ਮਿਲਾਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਲ ਵਿਚ ਪੱਲੂ ਤੇ ਅਰਜ਼ ਕਰੇਂਦਾ, ਪੀਰਾਂ ਤਾਈਂ ਸੁਣਾਏ ।
ਮੇਹਰ ਕਰੋ ਕੁਲ ਕਸਬੇ ਉਤੇ, ਦੇਵਹੁ ਅੱਗ ਬੁਝਾਏ ।
ਅੱਗ ਬੁਝੀ ਤਦ ਉਤੇ ਵੇਲੇ, ਰਾਂਝੇ ਸਭੇ ਲੋਕ ਨਿਵਾਏ ।[21]

ਸਮਾਜਕ ਸਥਿਤੀ :

ਦਮੋਦਰ ਦੇ ਕਿੱਸੇ ਵਿਚ ਉਸ ਸਮੇਂ ਦਾ ਸਮਾਜ ਜਾਗੀਰਦਾਰੀ ਸਮਾਜ ਸੀ। ਜ਼ਿਮੀਦਾਰਾਂ ਦਾ ਬੋਲਬਾਲਾ ਸੀ। ਵੱਡੇ ਵੱਡੇ ਰਾਠ, ਸਿਰਦਾਰ, ਸਿਕਦਾਰ, ਚੌਧਰੀ, ਆਪੋ ਆਪਣੇ ਘਰ ਚੰਗੀ ਰੋਟੀ ਖਾਂਦੇ ਸਨ। ਜਿਵੇਂ :

ਵਾਹ ਸਿਕਦਾਰੀ ਚੂਚਕ ਸੰਦੀ, ਭਲੀ ਗੁਜਰਾਨ ਲੰਘਾਈ ।[22]

ਇਨ੍ਹਾਂ ਸਿਰਦਾਰਾਂ, ਸਿਕਦਾਰਾਂ, ਚੌਧਰੀਆਂ ਦੇ ਬੱਚੇ ਚੰਗਾ ਪਹਿਨਦੇ, ਚੰਗਾ ਖਾਂਦੇ ਅਤੇ ਮਨਮਰਜ਼ੀਆਂ ਕਰਦੇ ਸਨ। ਜਨਮ ਸਮੇਂ ਮਾਪੇ ਦਾਨ ਪੁੰਨ ਕਰਦੇ ਸਨ। ਇਨ੍ਹਾਂ ਸਿਕਦਾਰਾਂ ਦੀ ਬੜੀ ਇੱਜ਼ਤ ਹੁੰਦੀ ਸੀ। ਜਦੋਂ ਹੀਰ ਦੇ ਇਸ਼ਕ ਦਾ ਪਤਾ ਹੀਰ ਦੀ ਮਾਂ ਨੂੰ ਲੱਗਦਾ ਹੈ ਤਾਂ ਉਹ ਆਪਣੀ ਧੀ ਨੂੰ ਸਮਝਾਉਂਦਿਆਂ ਕਹਿੰਦੀ ਹੈ :

ਸੁਣ ਨੀ ਧੀਏ, ਪੈਸਨ ਕਜ਼ੀਏ, ਸਾਰੇ ਜੱਗ ਪਚਾਰਾ ।
ਅਸੀਂ ਸਿਰਦਾਰ ਜ਼ਿਮੀਂ ਦੇ ਖਾਵੰਦ; ਫੁੱਲ ਨ ਸਹਿੰਦੇ ਭਾਰਾ ।[23]

ਰਿਸ਼ਤੇ ਨਾਤੇ ਆਮ ਕਰਕੇ ਇਹ ਸਿਰਦਾਰ ਆਪਣੇ ਵਰਗੇ ਭੁਈਂ ਨਈਂ ਦੇ ਸਾਈਆਂ ਨਾਲ ਹੀ ਕਰਦੇ ਸਨ। ਰਿਸ਼ਤਾ ਆਪਣੇ ਤੋਂ ਉੱਚੇ ਘਰਾਣੇ ਵਿਚ ਕਰਨਾ ਮਾਣ ਸਮਝਦੇ ਸਨ ਅਤੇ ਰਿਸ਼ਤਾ ਕਰਨ ਸਮੇਂ ਸਾਰਾ ਪਰਿਵਾਰ ਸਲਾਹ ਮਸ਼ਵਰਾ ਕਰਦਾ ਸੀ। ਧੀ ਦਾ ਰਿਸ਼ਤਾ ਅਮੀਰ ਘਰਾਣੇ 'ਚ ਦੇ ਕੇ ਜਾਗੀਰਦਾਰੀਆਂ ਪ੍ਰਾਪਤ ਕਰਨ ਦਾ ਲਾਲਚ ਵੀ ਹੁੰਦਾ ਸੀ, ਜਿਵੇਂ :

ਭਾਈ ਬਾਬੇ ਮੰਤ੍ਰ ਪਕਾਇਆ, ਹੀਰ ਕੁੜੀ ਕਹੀਂ ਡੀਹਾਂ ।
ਹਿਕੇ ਤਾਂ ਦੀਜੇ ਤੋੜ ਪਠਾਣਾ, ਸਿੰਧੋ ਪਾਰ ਚੜ੍ਹੀਹਾਂ ।
ਹਿਕੇ ਦਿਵੀਹਾਂ ਅਕਬਰ ਗਾਜ਼ੀ, ਕਛਾਂ ਆਪ ਕਛੀਹਾਂ ।[24]

ਤਾਹੀਉਂ ਤਾਂ ਹੀਰ ਦੇ ਪਿਉ ਚੂਚਕ ਨੇ ਚਾਕ (ਰਾਂਝੇ) ਨਾਲ ਆਪਣੀ ਧੀ ਦਾ ਵਿਆਹ ਕਰਨਾ ਨਹੀਂ ਸੀ ਮੰਨਿਆ ਕਿਉਂਕਿ ਉਸ ਸਮੇਂ ਚਾਕਾਂ ਦੀ ਕੋਈ ਕਦਰ ਨਹੀਂ ਸੀ। ਦੂਜਾ ਰਾਂਝੇ ਜਾਤ ਨੂੰ ਸਿਆਲ ਆਪਣੇ ਤੋਂ ਨੀਵਾਂ ਸਮਝਦੇ ਸਨ ਭਾਵੇਂ ਕਿ ਧੀਦੋ ਚੰਗੇ ਖਾਂਦੇ ਪੀਂਦੇ ਘਰ ਦਾ ਲੜਕਾ ਸੀ। ਇਸੇ ਲਈ ਹੀਰ ਦਾ ਰਿਸ਼ਤਾ ਰੰਗਪੁਰ ਖੇੜਿਆਂ ਦਾ ਅਮੀਰ ਘਰਾਣਾ ਵੇਖ ਕੇ ਕਰ ਦਿੱਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਰਥਿਕ ਸਥਿਤੀ :

ਦਮੋਦਰ ਦੇ ਕਿੱਸੇ ਵਿਚ ਲੋਕਾਂ ਦੀ ਆਰਥਿਕ ਸਥਿਤੀ ਦਾ ਮੁੱਖ ਆਧਾਰ ਖੇਤੀ ਬਾੜੀ, ਪਸ਼ੂ ਪਾਲਣ ਅਤੇ ਦੁਕਾਨਦਾਰੀ ਸੀ। ਜ਼ਿਮੀਂਦਾਰਾਂ ਦੀ ਇੱਜ਼ਤ ਸੀ, ਵਪਾਰੀ ਅਤੇ ਮਹਾਜਨ ਲੋਕਾਂ ਦਾ ਉਨ੍ਹਾਂ ਅੱਗੇ ਮਾਣ ਘੱਟ ਸੀ। ਬਹੁਤੇ ਲੋਕ ਜਾਗੀਰਦਾਰਾਂ, ਸਿਕਦਾਰਾਂ, ਸਿਰਦਾਰਾਂ ਤੇ ਚੌਧਰੀਆਂ ਦੇ ਆਸਰੇ ਹੀ ਦਿਨ ਕੱਟੀ ਕਰਦੇ ਸਨ ਤਾਹੀਉਂ ਤਾਂ ਦਮੋਦਰ ਅਰੋੜਾ ਖ਼ੱਤਰੀ ਚੂਚਕ ਦੇ ਪਿੰਡ ਰੁਜ਼ਗਾਰ ਦੀ ਭਾਲ ਅੰਦਰ ਹੱਟੀ ਪਾ ਕੇ ਬਹਿ ਜਾਂਦਾ ਹੈ :

ਚੂਚਕ ਬਹੁੰ ਦਿਲਾਸਾ ਦਿਤਾ, ਤਾਂ ਦਿਲਗੀਰੀ ਲਾਹੀ।
ਆਖ ਦਮੋਦਰ ਹੋਇਆ ਦਿਲਾਸਾ, ਹੱਟੀ ਉਥੇ ਬਣਾਈ।[25]

ਆਮ ਲੋਕ ਜਾਗੀਰਦਾਰਾਂ, ਸਿਰਦਾਰਾਂ ਤੇ ਚੌਧਰੀਆਂ ਦੇ ਘਰਾਂ ਦਾ ਕੰਮ ਕਰਕੇ ਰੋਜ਼ੀ ਕਮਾਉਂਦੇ ਸਨ। ਗ਼ਰੀਬੀ ਕਰਕੇ ਆਮ ਲੋਕ ਕਮੀ-ਕਮੀਣ ਬਣ ਗਏ ਸਨ ਅਤੇ ਵੱਡੇ ਘਰਾਂ ਦੀ ਟਹਿਲ ਸੇਵਾ ਕਰਕੇ ਆਪਣਾ ਢਿੱਡ ਭਰਦੇ ਸਨ। ਵੱਡੇ ਵੱਡੇ ਰਾਠਾਂ ਦੇ ਪਸ਼ੂਆਂ ਨੂੰ ਇਹ ਗ਼ਰੀਬ ਲੋਕ ਬੇਲਿਆਂ ਵਿਚ ਚਾਰਦੇ ਫਿਰਦੇ ਸਨ। ਚਾਕਪੁਣਾ ਇਕ ਘਟੀਆ ਕਿੱਤਾ ਸਮਝਿਆ ਜਾਂਦਾ ਸੀ। ਖਾਸ ਕਰਕੇ ਜੱਟ ਪੁੱਤਰ ਚਾਕ ਬਣਨ ਲਈ ਰਾਜ਼ੀ ਨਹੀਂ ਸਨ ਹੁੰਦੇ ਭਾਵੇਂ ਉਹ ਭੁੱਖੇ ਮਰ ਜਾਣ। ਚਾਕ ਹੋਣਾ ਤਾਂ ਉਸ ਸਮੇਂ ਜੱਟ ਲਈ ਇਕ ਮਿਹਣਾ ਸੀ ਪਰ ਦਮੋਦਰ ਦੇ ਕਿੱਸੇ ਵਿਚ ਰਾਂਝਾ ਜੱਟ ਹੁੰਦਿਆਂ ਹੋਇਆਂ ਵੀ ਚਾਕ ਕਿਉਂ ਬਣਿਆ? ਇਹ ਸਿਰਫ਼ ਇਸ਼ਕ ਵਿਚ ਹੀ ਕਰ ਬੈਠਾ ਕਿਉਂਕਿ ਇਸ਼ਕ ਨੇ ਤਾਂ ਵੱਡਿਆਂ ਵੱਡਿਆਂ ਰਾਠਾਂ ਦੀ ਵੀ ਆਕੜ ਭੰਨ ਦਿੱਤੀ ਸੀ।

ਦਮੋਦਰ ਦੇ ਸਮੇਂ ਅਯਾਲੀ ਲੋਕ ਭੇਡਾਂ, ਬੱਕਰੀਆਂ ਪਾਲਦੇ ਸਨ। ਨੀਵੀਆਂ ਜਾਤਾਂ ਵਾਲੇ ਪਿੰਡ ਵਿਚ ਹਰੇਕ ਕਿਸਮ ਦੇ ਘਟੀਆ ਕੰਮ ਕਰਨ ਲਈ ਤਿਆਰ ਹੋ ਜਾਂਦੇ ਸਨ। ਇਹ ਸਨ ਮਲਾਹ, ਝੀਊਰ, ਨਾਈ, ਡੂਮ, ਮਰਾਸੀ, ਜੁਲਾਹੇ ਤੇ ਮੋਚੀ ਆਦਿ। ਵਿਆਹ ਸ਼ਾਦੀਆਂ ਵਿਚ ਨੀਵੀਆਂ ਜਾਤਾਂ ਨੂੰ ਰਾਠਾਂ ਦੀ ਕੀਤੀ ਟਹਿਲ ਸੇਵਾ ਬਦਲੇ ਰਾਠ ਪੁੰਨ ਦਾਨ ਕਰਦੇ ਸਨ, ਜੋ ਮਿਲੇ ਖਾ ਪੀ ਕੇ ਸ਼ੁਕਰ ਕਰਨਾ ਤੇ ਆਪਣੇ ਸਿਰਦਾਰਾਂ ਦਾ ਜੱਸ ਗਾਉਣਾ ਇਨ੍ਹਾਂ ਦਾ ਫ਼ਰਜ਼ ਹੁੰਦਾ ਸੀ।

ਭਾਸ਼ਾ ਤੇ ਬੋਲੀ :

ਭਾਸ਼ਾ ਦਾ ਸਭਿਆਚਾਰ ਨਾਲ ਅਨਿੱਖੜ ਸੰਬੰਧ ਹੁੰਦਾ ਹੈ। ਅਸਲ ਵਿਚ ਸਭਿਆ-ਚਾਰ ਦਾ ਸਭ ਤੋਂ ਪਹਿਲਾ ਤੇ ਜ਼ਰੂਰੀ ਤੱਤ ਭਾਸ਼ਾ ਹੀ ਹੈ ਜਿਸ ਨੇ ਕਿ ਸਭਿਆਚਾਰ ਦੇ ਬਾਕੀ ਤੱਤਾਂ ਦਾ ਨਿਰੂਪਣ ਕਰਦੇ ਸਮੇਂ ਸਹਾਈ ਹੋਣਾ ਹੁੰਦਾ ਹੈ। ਦਮੋਦਰ ਦਾ ਸਮਾਂ ਅਕਬਰ ਮਹਾਨ ਦਾ ਸਮਾਂ ਸੀ। ਉਸ ਦੇ ਰਾਜ ਸਮੇਂ ਇਸਲਾਮ ਧਰਮ ਦੀ ਸਮਾਜਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾਰਸ਼ਨਿਕਤਾ ਅਤੇ ਧਾਰਮਿਕ ਸਿਖਿਆਵਾਂ ਨੇ ਹਿੰਦੂ ਧਰਮ ਉਤੇ ਕਾਫ਼ੀ ਪ੍ਰਭਾਵ ਪਾਇਆ। ਅਕਬਰ ਨੇ ਧਾਰਮਿਕ ਸਹਿਨ-ਸ਼ੀਲਤਾ ਅਧੀਨ 'ਦੀਨੇ-ਇਲਾਹੀ' ਸੰਸਥਾ ਦੀ ਸਥਾਪਨਾ ਕੀਤੀ ਜੋ ਕਿ ਅਕਬਰ ਦੀ ਇਕ ਨਵੀਨ ਵਿਚਾਰਧਾਰਾ ਸੀ, ਜੋ ਸਭਨਾਂ ਧਰਮਾਂ ਦਾ ਨਿਚੋੜ ਸੀ। ਉਸ ਸਮੇਂ ਫ਼ਾਰਸੀ ਭਾਸ਼ਾ ਨੇ ਹਿੰਦੁਸਤਾਨੀ ਭਾਸ਼ਾ ਵਿਚ ਅਨੇਕ ਸ਼ਬਦ ਰਲਾ ਦਿਤੇ ਸਨ। ਉਰਦੂ ਭਾਸ਼ਾ ਦਾ ਜਨਮ ਵੀ ਫ਼ਾਰਸੀ ਅਤੇ ਹਿੰਦੀ ਭਾਸ਼ਾ ਦੇ ਸੁਮੇਲ ਤੋਂ ਹੋਇਆ।

ਦਮੋਦਰ ਦਾ ਕਿੱਸਾ ਪੜ੍ਹਨ ਉਪਰੰਤ ਪਤਾ ਲੱਗਦਾ ਹੈ ਕਿ ਉਸ ਦੀ ਬੋਲੀ ਝਾਂਗੀ ਉਪ-ਭਾਸ਼ਾ ਹੈ। ਦਮੋਦਰ ਹਿੰਦੂ ਸੀ, ਇਸ ਲਈ ਉਸ ਨੇ ਆਪਣੀ ਬੋਲੀ ਵਿਚ ਹਿੰਦਵੀ, ਪੋਠੋਹਾਰੀ, ਮੁਲਤਾਨੀ ਤੇ ਲਹਿੰਦੀ ਪੰਜਾਬੀ ਦਾ ਸੁੰਦਰ ਸੁਮੇਲ ਪੇਸ਼ ਕੀਤਾ। ਫ਼ਾਰਸੀ ਦਾ ਬਹੁਤ ਘਟ ਪ੍ਰਯੋਗ ਕੀਤਾ ਗਿਆ। ਝਾਂਗੀ ਸ਼ਬਦਾਵਲੀ ਵਿਚ ਮੈਂਡੀ, ਤੈਂਡੀ, ਹਿਕ, ਕਰੇਸਾਂ, ਮਰੇਸਾਂ, ਡੀਹਾਂ, ਦਿਵੀਹਾਂ, ਵੱਤ, ਤ੍ਰੈ, ਤ੍ਰੇਵਰ, ਛੋਹਿਰ ਆਦਿ ਸ਼ਬਦ ਵਰਤੋਂ ਵਿਚ ਲਿਆਂਦੇ ਹਨ।

ਦਮੋਦਰ ਦੇ ਕਿੱਸੇ ਵਿਚ ਫ਼ਾਰਸੀ ਸ਼ਬਦਾਵਲੀ ਤਤਭਵ ਤੇ ਤਦਸਮ ਦੋਹਾਂ ਰੂਪਾਂ ਵਿਚ ਵਰਤੀ ਗਈ ਹੈ ਜਿਵੇਂ—ਖਾਵੰਦ, ਮਜਲਸ, ਤਮਾਚਾ, ਕਾਮਲ, ਰੁਸ਼ਨਾਈ, ਆਜਜ਼ੀ ਆਦਿ ਤਤਸਮ ਸ਼ਬਦ ਹਨ। ਨਦਰੀ (ਨਜ਼ਰ), ਰਜਾਇ (ਰਜ਼ਾ), ਜਬਾਬ (ਜਵਾਬ), ਸਿਕਦਾਰ (ਸ਼ਿਕਦਾਰ) ਆਦਿ ਤਦਭਵ ਸ਼ਬਦ ਹਨ। ਕਿਤੇ ਕਿਤੇ ਕੇਂਦਰੀ ਭਾਸ਼ਾ ਦੀ ਵਰਤੋਂ ਵੀ ਹੋਈ ਹੈ। ਸਮੁੱਚੇ ਰੂਪ ਵਿਚ ਦਮੋਦਰ ਨੇ ਲਹਿੰਦੀ, ਬਾਰ ਦੀ ਬੋਲੀ, ਮੁਲਤਾਨੀ, ਫ਼ਾਰਸੀ ਤੇ ਕੇਂਦਰੀ ਬੋਲੀ ਦਾ ਸੁੰਦਰ ਸੁਮੇਲ ਪੇਸ਼ ਕੀਤਾ ਹੈ।

ਪਦਾਰਥਕ ਲੱਛਣ :

ਖਾਣ ਪੀਣ : ਦਮੋਦਰ ਦੇ ਕਿੱਸੇ ਅਨੁਸਾਰ ਉਸ ਸਮੇਂ ਬਾਰ ਤੇ ਝੰਗ ਦੇ ਲੋਕਾਂ ਦੀ ਖ਼ੁਰਾਕ ਦਾ ਵੱਡਾ ਹਿੱਸਾ ਮਾਝਾ ਦੁੱਧ, ਦਹੀਂ ਤੇ ਘਿਓ ਹੁੰਦਾ ਸੀ। ਦਹੀਂ ਤੇ ਲੱਸੀ ਬੜੇ ਚਾਅ ਨਾਲ ਖਾਧੇ ਪੀਤੇ ਜਾਂਦੇ ਸਨ। ਮੱਖਣ, ਦੁੱਧ, ਘਿਓ, ਗਰੀ, ਛੁਹਾਰੇ, ਸੇਵੀਆਂ, ਘੁੰਗਣੀਆਂ, ਖੀਰਾ, ਫੁੱਟਾਂ ਤੇ ਤਰਾਂ ਆਦਿ ਭੋਜਨ ਦਾ ਹਿੱਸਾ ਸੀ। ਮਿਸਾਲ ਵਜੋਂ ਹੀਰ ਦਾ ਨਿਤਾ ਪ੍ਰਤੀ ਜੀਵਨ ਵੇਖੋ :

ਪਹਿਲਾ ਪਹਿਰ ਸਭੋ ਹੀ ਆਤਣ, ਮੱਖਣ ਰੋਟੀ ਖਾਏ।
ਦੂਜਾ ਪਹਿਰ ਘਿੰਨਦੀ ਘੂਡਣੀਆਂ, ਪੀਂਘਾਂ ਪੀਂਘਣ ਜਾਏ।
ਤੀਜੇ ਪਹਿਰ ਬੇਲੇ ਵਿਚ ਖੇਡੇ, ਰੇਂਡੀ ਖੱਖੜੀ ਖਾਏ।[26]

ਜੰਵ ਤੇ ਪ੍ਰਾਹੁਣਿਆਂ ਦੀ ਟਹਿਲ ਸੇਵਾ ਵਿਚ ਖੰਡ, ਘਿਉ, ਸ਼ੱਕਰ, ਮੈਦਾ, ਚਾਵਲ ਆਦਿ ਖਾਣ ਲਈ ਪਰੋਸੇ ਜਾਂਦੇ ਸਨ। ਚੂਚਕ ਆਪਣੇ ਕੁੜਮਾਂ ਦੀ ਟਹਿਲ ਸੇਵਾ ਇੰਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਦਾ ਹੈ :

ਤਾਂ ਚੂਚਕ ਫਿਰ ਉਦਮ ਕੀਤਾ, ਜਾਂ ਸੁਣਿਆ ਖੇੜੇ ਆਏ ।
ਮੈਦੇ, ਚਾਵਲ ਤੇ ਘਿਓ ਖੰਡ ਸ਼ੱਕਰ, ਸੱਭ ਮੌਜੂਦ ਕਰਾਏ ।[27]

ਜਦੋਂ ਹੀਰ ਨੂੰ ਮਾਈਏਂ ਪਾਇਆ ਜਾਂਦਾ ਹੈ ਤਾਂ ਵੀ ਬਰਾਦਰੀ ਤੇ ਲੋਕਾਂ ਨੂੰ ਖਾਣਾ ਖੁਆਇਆ ਜਾਂਦਾ ਹੈ :

ਤ੍ਰਾਹੇ ਵੀਰ ਤੇ ਮਾਮੇ, ਅੰਦਰ ਆਣ ਛਪਾਏ ।
ਮੱਖਣ ਛਾਹ ਅਤੇ ਦੁੱਧ ਮਾਝਾ, ਉਤੇ ਖੰਡ ਰਲਾਏ ।[28]

ਅਨਾਜ ਵਿਚ ਕਣਕ, ਬਾਜਰਾ, ਮੱਡਲ, ਜਵਾਰ ਤੇ ਜੌਂ ਆਦਿ ਹੁੰਦੇ ਸਨ । ਅਮੀਰ ਲੋਕ ਕਣਕ ਖਾਂਦੇ ਸਨ, ਬਾਕੀ ਗ਼ਰੀਬ ਲੋਕ । ਖਾਣ ਪੀਣ ਵਿਚ ਨਸ਼ੇ ਵੀ ਆ ਜਾਂਦੇ ਹਨ । ਉੱਚ ਘਰਾਣੇ ਸ਼ਰਾਬ ਦੀ ਵਰਤੋਂ ਵੀ ਕਰਦੇ ਸਨ । ਹੀਰ ਦੀ ਕੁੜਮਾਈ ਤੋਂ ਪਿਛੋਂ ਚੂਚਕ ਨੇ ਆਏ ਕੁੜਮਾਂ ਨੂੰ ਸ਼ਰਾਬ ਭੇਟ ਕੀਤੀ :

ਦਾਣਾ, ਘਾਹ, ਸ਼ਰਾਬ, ਪਿਆਏ, ਢਾਡੀ ਭਲੇ ਸਦਾਏ ।
ਅਣਵਾਏ ਬਹੁ ਲੇਫ਼ ਤੁਲਾਈ, ਭਲਾ ਦਲਾਨ ਪੁਚਾਏ ।[29]

ਜਾਂ

ਖਾਨ ਗਏ ਖਾਵਣ ਦੇ ਤਾਈਂ, ਖਾਣਾ ਖਾਏ ਅਘਾਏ ।
ਬੈਠਕ ਬੈਠੇ ਚਲਨ ਪਿਆਲੇ, ਖ਼ਾਨ ਸ਼ਰਾਬ ਮੰਗਾਏ ।[30]

ਅਮੀਰਾਂ ਤੋਂ ਬਿਨਾ ਗਰੀਬ ਲੋਕਾਂ ਵਿਚ ਵੀ ਨਸ਼ੇ ਪ੍ਰਚਲਿਤ ਸਨ ਜਿਵੇਂ ਕਿ ਤੰਬਾਕੂ ਚਿਲਮ ਆਦਿ । ਧੀਦੋ ਤੇ ਕੁੱਝ ਜੱਟਾਂ ਦਾ ਮਸੀਤ ਵਿਚ ਠਹਿਰਨ ਸਮੇਂ ਜਦੋਂ ਝੀਵਰਆਣੀ ਉਨ੍ਹਾਂ ਲਈ ਭੋਜਨ ਤੋਂ ਬਿਨਾਂ ਤੰਬਾਕੂ ਲਿਆਉਂਦੀ ਹੈ, ਉਹ ਦ੍ਰਿਸ਼ ਵੇਖੋ :

ਏ ਕੁਝ ਆਖ ਗਈ ਘਰ ਆਪਣੇ, ਸ਼ੱਕਰ ਘਿਓ ਅਣਵਾਏ ।
ਉਬਾਲ ਸੇਮੀਆਂ ਘੜਾ ਲੱਸੀ ਦਾ, ਤਮਾਕੂ ਚਿਲਮ ਸਦਾਏ ।[31]

ਪਹਿਰਾਵਾ ਅਤੇ ਹਾਰ ਸ਼ਿੰਗਾਰ :

ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਇਕ ਚੰਗੀ ਸ਼ਖਸੀਅਤ ਦੀ ਨਿਸ਼ਾਨੀ ਹੁੰਦੀ ਹੈ ਜਿਸ ਵਿਚ ਤੀਜੇ ਨੰਬਰ ਤੇ ਦਸਤਾਰ ਹੈ ਜਿਸ ਤੋਂ ਕੇਵਲ ਭਾਵ ਪਗੜੀ ਤੋਂ ਹੀ ਨਹੀਂ ਸਗੋਂ ਸਮੁੱਚੇ ਪਹਿਰਾਵੇ ਤੋਂ ਹੀ ਹੈ । ਦਮੋਦਰ ਦੇ ਕਿੱਸੇ ਵਿਚ ਉਸ ਸਮੇਂ ਦੇ ਪਹਿਰਾਵੇ ਦੀ ਸੰਪੂਰਣ ਜਾਣਕਾਰੀ ਮਿਲਦੀ ਹੈ । ਦਮੋਦਰ ਕਿਉਂਕਿ ਝੰਗ ਸਿਆਲਾਂ ਦੇ ਇਲਾਕੇ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੋਕਾਂ ਦਾ ਵਰਨਣ ਕਰਦਾ ਹੈ ਜਿਥੇ ਦੇ ਪਹਿਰਾਵੇ ਦੀ ਆਪਣੀ ਇਕ ਵਿਲੱਖਣ ਵਿਸ਼ੇਸ਼ਤਾ ਸੀ। ਝੰਗ ਤੇ ਤ੍ਰਾਰ ਦੇ ਮੁਸਲਮਾਨ ਲੋਕ ਲੜਕੇ ਲੜਕੀ ਦੇ ਬਾਰਾਂ ਸਾਲਾਂ ਤਕ ਵਿਸ਼ੇਸ਼ ਢੰਗ ਨਾਲ ਵਾਲ ਕੱਟਦੇ ਸਨ ਫਿਰ ਬਾਰਾਂ ਸਾਲਾਂ ਪਿਛੋਂ ਲੜਕੀ ਦੇ ਵਾਲ ਰੱਖ ਲਏ ਜਾਂਦੇ ਸਨ ਅਤੇ ਲੜਕਾ ਵਾਲ ਵਧਾ ਕੇ ਚੂਣੇ ਬਣਾ ਲੈਂਦਾ ਸੀ ਜੋ ਗਰਦਨ ਤਕ ਲਟਕਦੇ ਰਹਿੰਦੇ ਸਨ, ਬਾਕੀ ਹੇਠੋਂ ਵਾਲ ਕੱਟ ਲੈਂਦੇ ਸਨ। ਬੱਚਿਆਂ ਨੂੰ ਜਨਮ ਸਮੇਂ ਤੋਂ ਹੀ ਰੇਸ਼ਮ ਪਹਿਨਣ ਦਾ ਰਿਵਾਜ ਸੀ। ਹੀਰ ਦੇ ਜਨਮ ਸਮੇਂ ਦਾ ਦ੍ਰਿਸ਼ ਵੇਖੋ :

ਹੀਰ ਛੋਹਿਰ ਜੰਮੀ ਹੈ ਲੋਕਾ, ਸੂਰਤ ਨਿੰਦ ਨ ਕਾਈ।
ਪਟ ਵਲ੍ਹੇਟੀ ਮੱਖਣ ਪਾਲੀ ਕੁਛੜ ਕੀਤੀ ਦਾਈ।[32]

ਇਸਤਰੀ ਤੇ ਮਰਦ ਉਸ ਸਮੇਂ ਲੂੰਗੀ ਬੰਨ੍ਹਦੇ ਸਨ। ਉੱਚ ਘਰਾਣਿਆਂ ਵਿਚ ਰੇਸ਼ਮੀ ਕੱਪੜਿਆਂ ਦੀ ਵਰਤੋਂ ਵਧੇਰੇ ਹੁੰਦੀ ਸੀ। ਹੀਰ ਜਦੋਂ ਜਵਾਨੀ 'ਚ ਪੈਰ ਧਰਦੀ ਹੈ ਤਾਂ ਰੇਸ਼ਮ ਦੀ ਪੁਸ਼ਾਕ ਬਾਰੇ ਦਮੋਦਰ ਲਿਖਦਾ ਹੈ :

ਵੱਡੀ ਹੋਈ ਹੀਰ ਸਲੇਟੀ, ਜਿਮੀਂ ਪੈਰ ਨਾ ਲਾਏ।
ਜੋ ਕੋਈ ਵੇਖੇ ਹੀਰੇ ਤਾਈਂ, ਪੈਰ ਨ ਮੂਲੇ ਚਾਏ।
ਲੂੰਗੀ ਮੱਝ ਬੰਨ੍ਹੇ ਪੰਜਤਾਣੀ, ਉਤੇ ਪਟ ਹੰਢਾਏ।[33]

ਜਦੋਂ ਰਾਂਝਾ ਭਰਾਵਾਂ ਨਾਲ ਗੁੱਸੇ-ਨਿਰਾਜ ਹੋ ਕੇ ਘਰੋਂ ਨਿਕਲ ਤੁਰਦਾ ਹੈ ਤਾਂ ਦਮੋਦਰ ਲਿਖਦਾ ਹੈ ਕਿ ਉਹ ਲਾਲ ਰੰਗ ਦੀ ਪਗੜੀ ਅਤੇ ਚਾਦਰ ਲੈ ਕੇ ਤੁਰ ਪਿਆ :

ਚੀਰਾ ਲਾਲ ਤੇ ਉਤੇ ਅੰਬਰੀ, ਮੱਝ ਨੀਲਾ ਖੇਸ ਬਨਾਇਆ।
ਨੱਕ ਬਲਾਕ ਤੇ ਕੰਨੀਂ ਲੁੜ੍ਹਕੇ, ਚੂਣਿਆਂ ਰੁਣ ਝੁਣ ਲਾਇਆ।[34]

ਦਮੋਦਰ ਅਨੁਸਾਰ ਮਰਦ ਵੀ ਇਸਤਰੀਆਂ ਵਾਂਗ ਗਹਿਣੇ ਪਹਿਨਦੇ ਸਨ। ਜਦੋਂ ਧੀਦੋ ਦਸ ਸਾਲਾਂ ਦਾ ਹੋ ਜਾਂਦਾ ਹੈ ਤਾਂ ਉਸ ਨੂੰ ਵੀ ਗਹਿਣੇ ਪਾਏ ਜਾਂਦੇ ਹਨ। ਜੋ ਨਕ, ਕੰਨ, ਤੇ ਹੱਥਾਂ ਨੂੰ ਪਾਏ ਜਾਂਦੇ ਸਨ, ਮਿਸਾਲ ਵਜੋਂ :

ਹੱਛੀ ਪੁਸ਼ਾਕ ਰਾਂਝੇ ਦੇ ਉਤੇ, ਚਿਹਰਾ ਭਲਾ ਵਿਖਾਵੇ।
ਹੱਥੀਂ ਕੜੇ ਤੇ ਕੰਨੀਂ ਲੁੜ੍ਹਕੇ, ਮੱਝ ਨੀਲਾ ਖੇਸ ਬੰਧਾਵੇ।[35]

ਕੁੜੀਆਂ ਰੇਸ਼ਮੀ ਕੱਪੜੇ ਵਧੇਰੇ ਪਹਿਨਦੀਆਂ ਸਨ। ਇਨ੍ਹਾਂ ਕੱਪੜਿਆਂ ਵਿਚ ਉਹ ਹੂਰਾਂ ਲੱਗਦੀਆਂ ਸਨ। ਹੀਰ ਦੀ ਨੂਰੇ ਨਾਲ ਲੜਾਈ ਸਮੇਂ ਉਨ੍ਹਾਂ ਦੇ ਪਹਿਰਾਵੇ ਤੇ ਸੁੰਦਰਤਾ ਬਾਰੇ ਦਮੋਦਰ ਲਿਖਦਾ ਹੈ :

ਅੰਬਰ ਪਾੜ ਨਿਕਥੀਆਂ ਹੂਰਾਂ, ਜਾੜ ਸਿਆਲੀਂ ਪਰੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਦਾ ਖਾਇਨ ਤੇ [illegible] ।[36]

ਲੜਕੀ ਲੜਕੇ ਦੀ ਮੰਗਣੀ ਸਮੇਂ ਉਨ੍ਹਾਂ ਨੂੰ ਤਿੰਨਾਂ ਨਗਾਂ ਵਾਲਾ ਗਹਿਣਾ ਤ੍ਰਗ ਪਹਿਨਾਇਆ ਜਾਂਦਾ ਸੀ । ਰਾਂਝੇ ਦੀ ਮੰਗਣੀ ਸਮੇਂ ਇਹ ਗਹਿਣਾ ਬਣਾਇਆ ਗਿਆ :

ਅਠੋਹਾਰੀ ਰਖ ਕਰੀਹੋ, ਤ੍ਰਗ ਯਕੂਬ ਘੜਾਏ ।
ਪੁੱਛ ਭਰਾਵਾਂ ਤਾਈਂ ਖਾਨਾ, ਲੈ ਸੋਨਾ ਤ੍ਰਗ ਬਣਾਏ ।[37]

ਕਿੱਤੇ :

ਦਮੋਦਰ ਦੀ ਰਚਨਾ ਅਨੁਸਾਰ ਉਸ ਸਮੇਂ ਲੋਕਾਂ ਦਾ ਪ੍ਰਮੁੱਖ ਕਿੱਤਾ ਤਾਂ ਖੇਤੀਬਾੜੀ ਕਰਨਾ ਹੀ ਸੀ ਉਸ ਪਿਛੋਂ ਪਸ਼ੂ ਚਾਰਨਾ, ਦੁਕਾਨਦਾਰੀ ਆਦਿ ਸੀ । ਗ਼ਰੀਬ ਲੋਕ ਭੇਡਾਂ ਬੱਕਰੀਆਂ ਪਾਲਦੇ ਸਨ । ਬੇੜੀਆਂ ਦੇ ਮਲਾਹਾਂ ਵਜੋਂ ਵਡੇ ਵਡੇ ਚੌਧਰੀਆਂ ਦੀਆਂ ਨੌਕਰੀਆਂ ਵੀ ਕਰਦੇ ਸਨ ਜਿਵੇਂ ਲੁੱਢਣ ਪਹਿਲਾਂ ਨੂਰੇ ਦਾ ਨੌਕਰ ਫਿਰ ਹੀਰ ਦੇ ਪਿਓ ਚੂਚਕ ਦਾ ਨੌਕਰ ਬਣਦਾ ਹੈ ।

ਆਵਾਜਾਈ ਦੇ ਸਾਧਨ :

ਦਮੋਦਰ ਅਨੁਸਾਰ ਉਸ ਸਮੇਂ ਵਧੇਰੇ ਲੋਕ ਦਰਿਆਵਾਂ ਦਿਆਂ ਕੰਢਿਆਂ ਉਪਰ ਅਬਾਦ ਸਨ । ਆਵਾਜਾਈ ਦੇ ਸਾਧਨਾਂ ਵਿਚੋਂ ਊਠ ਤੇ ਘੋੜੇ ਆ ਜਾਂਦੇ ਸਨ ਦੂਜੇ ਪਾਸੇ ਦਰਿਆਵਾਂ ਦੇ ਪੱਤਣਾਂ ਦੇ ਮਾਲਕ ਜਾਗੀਰਦਾਰ ਹੁੰਦੇ ਸਨ, ਉਨ੍ਹਾਂ ਨੇ ਆਪਣੀਆਂ ਬੇੜੀਆਂ ਰੱਖੀਆਂ ਹੁੰਦੀਆਂ ਸਨ । ਮਲਾਹ ਨੌਕਰੀ ਕਰਦੇ ਸਨ । ਬੇੜੀਆਂ ਤੋਂ ਕਈ ਵਾਰ ਲੜਾਈਆਂ ਵੀ ਹੋ ਜਾਂਦੀਆਂ ਸਨ । ਚੰਗੇ ਮਲਾਹਾਂ ਦੀ ਕਦਰ ਹੁੰਦੀ ਸੀ । ਨੂਰੇ ਸੰਬਲ ਨੇ ਲੁੱਢਣ ਮਲਾਹ ਰੱਖਿਆ ਸੀ ਜੋ ਬਾਅਦ ਵਿਚ ਹੀਰ ਦੀ ਸ਼ਰਣ 'ਚ ਆ ਜਾਂਦਾ ਹੈ :

ਨੂਰਾ ਨਾਓ ਜਾਤਿ ਦਾ ਸੰਬਲ, ਉਸ ਬੇੜਾ ਅਜਬ ਘੜਾਇਆ ।
ਲੁੱਢਣ ਨਾਉ ਮਲਾਹ ਦਾ ਨੀਂਗਰ, ਦੂਰੋਂ ਸੱਦ ਅਣਾਇਆ ।
ਬੇੜੀ ਪਕੜ ਹਵਾਲੇ ਕੀਤੀ, ਲੈ ਸਿਰਪਾਉ ਬੰਨ੍ਹਾਇਆ ।[38]

ਇਸੇ ਤਰ੍ਹਾਂ ਚੂਚਕ ਨੇ ਵੀ ਆਪਣੀ ਲਾਡਲੀ ਧੀ ਹੀਰ ਲਈ ਬੇੜੀ ਬਣਵਾਈ ਸੀ । ਇਸੇ ਬੇੜੀ ਦਾ ਮਲਾਹ ਵੀ ਲੁੱਢਣ ਹੀ ਬਣਦਾ ਹੈ । ਇਸੇ ਹੀ ਬੇੜੀ ਵਿਚ ਹੀਰ ਤੇ ਰਾਂਝੇ ਦਾ ਪਹਿਲੀ ਨਜ਼ਰੇ ਇਸ਼ਕ ਹੋ ਗਿਆ ।

ਰਹਿਣ ਸਹਿਣ :

ਦਮੋਦਰ ਅਨੁਸਾਰ ਉਸ ਸਮੇਂ ਦੇ ਲੋਕ ਆਪੋ ਆਪਣੇ ਘਰੀਂ ਚੰਗਾ ਵੱਸਦੇ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਮ ਤੌਰ ਤੇ ਦਰਿਆਵਾਂ ਦਿਆਂ ਕੰਢਿਆਂ ਤੇ ਲੋਕ ਵਸੋਂ ਹੁੰਦੀ ਸੀ। ਗਰੀਬ ਲੋਕ ਝੁੱਗੀਆਂ ਤੇ ਛੰਨਾਂ ਵਿਚ ਰਹਿੰਦੇ ਸਨ।

ਮਨੋਰੰਜਨ ਤੇ ਦਿਲ ਪਰਚਾਵਾ :

ਮਨੋਰੰਜਨ ਦੇ ਸਾਧਨ ਸਭਿਆਚਾਰ ਨੂੰ ਜੀਉਂਦਾ ਰੱਖਦੇ ਹਨ। ਕਿੱਸਾ ਕਾਵਿ ਦਾ ਅਧਿਐਨ ਕਰਦਿਆਂ ਪਤਾ ਲੱਗਦਾ ਹੈ ਕਿ ਉਸ ਸਮੇਂ ਮਨੋਰੰਜਨ ਦੇ ਸਾਧਨ ਬਹੁਤ ਘੱਟ ਸਨ ਪਰ ਫਿਰ ਵੀ ਆਮ ਖੁਸ਼ੀਆਂ ਦੇ ਮੌਕਿਆਂ ਉੱਤੇ ਜਿਵੇਂ ਜਨਮ, ਮੰਗਣਾ ਤੇ ਵਿਆਹ ਦੇ ਅਵਸਰਾਂ ਉੱਤੇ ਥੋੜ੍ਹਾ ਬਹੁਤਾ ਮਨੋਰੰਜਨ ਕਰ ਲਿਆ ਜਾਂਦਾ ਸੀ। ਨੱਚਣਾ, ਟੱਪਣਾ, ਪੀਂਘਾਂ ਝੂਟਣੀਆਂ, ਕੁੜੀਆਂ ਦਾ ਤ੍ਰਿਞਣਾਂ ਵਿਚ ਗਾਉਣਾ, ਗਿੱਧਾ ਪਾਉਣਾ ਆਦਿ ਦਿਲ ਪਰਚਾਵੇ ਦੇ ਸਾਧਨ ਸਨ। ਦਮੋਦਰ ਅਨੁਸਾਰ ਜਦੋਂ ਹੀਰ ਖੇੜਿਆਂ ਦੇ ਵਿਆਹੀ ਜਾਂਦੀ ਹੈ ਤਾਂ ਸਹੁਰੇ ਘਰ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਇਕ ਪਾਸੇ ਬਾਘੀ ਪੈ ਰਹੀ ਹੈ, ਦੂਜੇ ਪਾਸੇ ਦੋਹੜੇ ਗਾਏ ਜਾਂਦੇ ਹਨ :

ਜਾਹਗਾ ਜਾਹਗਾ ਗੀਤ ਸੁਣਿਐ, ਖੇੜਾ ਹੱਥ ਉਠਾਏ।
ਇਤ ਭੱਤੇ ਬਾਘਾ ਅਤੇ ਡੋਹੇ, ਬਹੁਤੇ ਆਲਮ ਆਏ।[39]

ਖੁਸ਼ੀ ਦੇ ਸਮੇਂ ਕੰਜਰੀਆਂ ਨਚਾਈਆਂ ਜਾਂਦੀਆਂ ਸਨ, ਮਿਸਾਲ ਵਜੋਂ :

ਭੰਡ ਭਗਤੀਏ ਤੇ ਸਰਨਾਈ, ਕੰਜਰੀਆਂ ਵੇਸ ਬਣਾਏ।
ਆਖ ਦਮੋਦਰ ਮਲਕਾਂ ਖਾਨਾਂ, ਚੜ੍ਹਿਆ ਰੰਗ ਸਵਾਏ।[40]

ਧੀਦੋ ਦੀ ਮੰਗਣੀ ਸਮੇਂ ਚੌਧਰੀ ਮੌਜਮ ਨੇ ਖੁਸ਼ੀ ਵਿਚ ਢੋਲ ਵਜਵਾਏ :

ਬਹੁਤ ਰਾਜੀ ਸੁਣ ਹੋਆ ਮੌਜਮ, ਟੰਮਕ ਢੋਲ ਧਰਾਏ।
ਬਹੁਤ ਜਮੀਅਤ ਲਸ਼ਕਰ ਸੇਤੀ, ਕੋਠੇ ਸਹਿਜ ਲੁਟਾਏ।[41]

ਰਸਮੋ ਰਿਵਾਜ :

ਰਸਮਾਂ ਰਿਵਾਜ਼ਾਂ ਵਿਚ ਜਨਮ, ਮੰਗਣੀ ਤੇ ਵਿਆਹ ਬਾਰੇ ਦਮੋਦਰ ਨੇ ਵਿਸਥਾਰ ਨਾਲ ਬਿਆਨ ਕੀਤਾ ਹੈ। ਉਸ ਸਮੇਂ ਦੀ ਪ੍ਰਾਹੁਣਾਚਾਰੀ, ਦਾਨ ਪੁੰਨ ਅਤੇ ਦਹੇਜ ਪ੍ਰਥਾ ਦਾ ਵੀ ਜ਼ਿਕਰ ਆਉਂਦਾ ਹੈ। ਦਮੋਦਰ ਦੇ ਕਿੱਸੇ ਵਿਚ ਇਹ ਸਭ ਰਸਮਾਂ ਹਿੰਦੂਆਨਾ ਤਰੀਕਿਆਂ ਦੀਆਂ ਹਨ ਭਾਵੇਂ ਕਿ ਬਹੁਤੀ ਆਬਾਦੀ ਮੁਸਲਮਾਨ ਹੋ ਚੁੱਕੀ ਸੀ ਫਿਰ ਵੀ ਇਹ ਰਹੁ-ਰੀਤਾਂ ਹਿੰਦੂਆਨਾ ਹੀ ਸਨ ਅਤੇ ਬ੍ਰਾਹਮਣ ਲੋਕਾਂ ਦੀ ਵਿਆਹ ਸਮੇਂ ਕਾਫ਼ੀ ਪੁੱਛ ਪਰਤੀਤ ਹੁੰਦੀ ਸੀ। ਖੁਸ਼ੀ ਦੇ ਮੌਕਿਆਂ ਤੇ ਅਮੀਰ ਲੋਕ ਦਾਨ ਪੁੰਨ ਵੀ ਕਰਦੇ ਸਨ। ਹੀਰ ਦੇ ਜਨਮ ਸਮੇਂ ਦੀਆਂ ਰਹੁ-ਰੀਤਾਂ ਇਨ੍ਹਾਂ ਸਤਰਾਂ ਵਿਚ ਦਮੋਦਰ ਨੇ ਇੰਜ

CC-0. In Public Domain. Gurukul Kangri Collection, Haridwar

ਬਿਆਨੀਆਂ ਹਨ : Digitized by Arya Samaj Foundation Chennai and eGangotri

ਘਰ ਚੂਚਕ ਦੇ ਬੇਟੀ ਜੰਮੀ, ਹੋਈਆਂ ਜੱਗ ਵਧਾਈਆਂ ।
ਨਾਤੀ ਧੋਤੀ ਪਟ ਵਲ੍ਹੇਟੀ, ਕੁਛੜ ਕੀਤੀ ਦਾਈਆਂ ।[42]

ਦਾਨ ਪੁੰਨ :

ਬਹੁਤ ਖੁਸ਼ੀ ਘਰ ਚੂਚਕ ਸੰਦੀ, ਬਹੂੰ ਸੁ ਮਿਲੇ ਵਧਾਈ ।
ਦੇਇ ਖ਼ੈਰਾਤ ਖੁਸ਼ੀ ਹੋਇ ਚੂਚਕ, ਬਹੁਤੀ ਖਲਕਤ ਆਈ ।[43]

ਬ੍ਰਾਹਮਣ ਦੀ ਕਦਰ :

ਦਮੋਦਰ ਅਨੁਸਾਰ ਉਸ ਸਮੇਂ ਦੀਆਂ ਸਾਰੀਆਂ ਰਹੁ-ਰੀਤਾਂ ਬ੍ਰਾਹਮਣ ਹੀ ਪੂਰੀਆਂ ਕਰਦਾ ਸੀ :

ਜੁਲਿਆ ਬਾਹਮਣ ਨਾਲ ਡੂਮੇਟਾ, ਆਖ ਦਮੋਦਰ ਤਾਈਂ ।[44]

ਜਾਂ

ਆਇਆ ਬਾਹਮਣ ਰੀਤ ਕਰੇਂਦਾ, ਮੌਲੀ ਹੱਥ ਉਠਾਈ ।
ਮਹਿਰੀ ਮੁਹਰ ਸਦਾਇ ਕੁੜੀ ਨੂੰ, ਕੁਛ ਲਈ ਸਭ ਜਾਈ ।[45]

ਕੁੜਮਾਈ ਸਮੇਂ ਸੁਨਿਆਰੇ ਨੂੰ ਘਰ ਸੱਦ ਕੇ ਗਹਿਣੇ ਬਣਾਏ ਜਾਂਦੇ ਸਨ । ਫਿਰ ਬ੍ਰਾਹਮਣ ਨੂੰ ਸੱਦ ਕੇ ਲੜਕੇ ਜਾਂ ਲੜਕੀ ਦੇ ਪਹਿਨਾਏ ਜਾਂਦੇ ਸਨ ਜਿਵੇਂ :

ਕੀ ਤੁਸ ਫਿਕਰ ਕਿ ਦੀਚੈ ਭਾਈ, ਤਾਂ ਸੁਨਿਆਰ ਸਦਾਇਆ ।
ਰਾਜੀ ਥੀ ਸੋਨਾ ਹੱਥ ਲੀਤਾ, ਤਾਂ ਬਹਿ ਤੂਗ ਘੜਾਇਆ ।
ਆਖ ਦਮੋਦਰ ਦਿਤੀ ਵਧਾਈ, ਤਾਂ ਬਾਮਣ ਗਲ ਪਾਇਆ ।[46]

ਮਾਈਂਏ ਪਾਉਣਾ :

ਵਿਆਹ ਤੋਂ ਪਹਿਲਾਂ ਮਾਈਂਏ ਪਾਉਣ ਦੀ ਰਸਮ ਕੀਤੀ ਜਾਂਦੀ ਸੀ । ਵਿਆਹ ਹੋਣ ਉਪਰੰਤ ਸਹੁਰੇ ਘਰ ਜਾ ਕੇ ਗਾਨੇ ਖੇਡੇ ਜਾਂਦੇ ਸਨ । ਮੁੰਦੀ-ਲੱਸੀ ਦੀ ਖੇਡ ਵੀ ਸ਼ਗਨਾਂ ਵਜੋਂ ਖੇਡੀ ਜਾਂਦੀ ਸੀ । ਨਵੀਂ ਵਹੁਟੀ ਘਰ ਆਉਣ ਤੇ ਉਸ ਦੀ ਸੱਸ ਪਾਣੀ ਵਾਰ ਕੇ ਪੀਂਦੀ ਸੀ । ਬ੍ਰਾਹਮਣ ਦੇ ਦਸ ਮਹੂਰਤ ਅਨੁਸਾਰ ਵਿਆਹ ਦੀਆਂ ਰਸਮਾਂ ਤੋਂ ਪਹਿਲਾਂ ਖਾਰੇ ਚੜ੍ਹਾਉਣਾ, ਵਟਣਾ ਮਲਣਾ, ਤੇਲ ਚੜ੍ਹਾਉਣਾ, ਮਹਿੰਦੀ ਲਾਉਣੀ ਆਦਿ ਸ਼ਗਨ ਮਨਾਏ ਜਾਂਦੇ ਸਨ ਜੋ ਕਿ ਅੱਜ ਵੀ ਜਿਤੁੋਂ ਦੇ ਤਿਉਂ ਮਨਾਏ ਜਾ ਰਹੇ ਹਨ । ਜਦੋਂ ਧੀਦੋ ਰਾਂਝਾ ਜਿਥੇ ਕਿ ਪਹਿਲਾਂ ਉਹ ਮੰਗਿਆ ਸੀ, ਵਿਆਹ ਰਚਿਆ ਗਿਆ, ਤਾਂ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੇਂ ਦਾ ਸ਼ਗਨ ਵੇਖੋ :

ਤਾਂ ਇਦੋਂ ਉਦੋਂ ਕਰੀਂ ਤਿਆਰੀ, ਧੀਦੋ ਮਾਈਂਏ ਪਾਇਆ ।
ਚੀਕੂ ਵਟਣਾ ਮਹਿੰਦੀ ਲੈ ਕਰ, ਧੀਦੋ ਨੂੰ ਪਿਓ ਲਾਵਨ ਆਇਆ ।[47]

ਜਦੋਂ ਹੀਰ ਖੇੜਿਆਂ ਦੇ ਵਿਆਹੀ ਜਾਂਦੀ ਹੈ ਤਾਂ ਖੇੜਿਆਂ ਦੀਆਂ ਔਰਤਾਂ ਹੀਰ ਨਾਲ ਲੱਸੀ-ਮੁੰਦੀ ਦੀ ਰੀਤ ਕਰਨ ਲੱਗਦੀਆਂ ਹਨ :

ਲੱਸੀ ਮੁੰਦਰੀ ਖੇਡਣ ਆਈਆਂ, ਸਭ ਖੇੜਿਆਂ ਦੀਆਂ ਰੰਨਾ ।
ਹਿਕੇ ਤਾਂ ਖੇਡੇ ਧੀਦੋ ਰਾਂਝਾ, ਨਹੀਂ ਦੰਦ ਖੇੜੇ ਦੇ ਭੰਨਾ ।[48]

ਪ੍ਰਾਹੁਣਾਚਾਰੀ :

ਪ੍ਰਾਹੁਣਾਚਾਰੀ ਤਾਂ ਸਾਰੇ ਪੰਜਾਬੀਆਂ ਦਾ ਆਦਿ ਕਾਲ ਤੋਂ ਹੀ ਸੁਭਾਅ ਰਿਹਾ ਹੈ। ਪਰ ਖਾਸ ਕਰਕੇ ਬਾਰ ਅਤੇ ਝੰਗ ਦੇ ਇਲਾਕੇ ਦੇ ਲੋਕਾਂ ਵਿਚ ਇਹ ਰਿਵਾਜ ਦੂਜਿਆਂ ਦੀ ਬਿਨਸਬਿਤ ਵਧੇਰੇ ਹੀ ਪਾਇਆ ਜਾਂਦਾ ਹੈ। ਜਦੋਂ ਰਾਂਝਾ ਭਰਾਵਾਂ ਨਾਲ ਰੁੱਸ ਕੇ ਘਰੋਂ ਨਿਕਲ ਤੁਰਦਾ ਹੈ ਤਾ ਰਾਹ ਵਿਚ ਰਾਤ ਪੈਣ ਕਰਕੇ ਕਿਸੇ ਘਰ ਦਾ ਕੁੰਡਾ ਖੜਕਾਉਂਦਾ ਹੈ। ਘਰ ਦਾ ਮਾਲਕ ਘਰ ਨਹੀਂ ਹੁੰਦਾ ਪਰ ਫਿਰ ਵੀ ਘਰ ਦੀ ਸੁਆਣੀ ਧੀਦੋ ਨੂੰ ਖਿੜੇ ਮੱਥੇ ਜੀ ਆਇਆਂ ਆਖਦੀ ਹੈ। ਉਸ ਦੀ ਟਹਿਲ ਸੇਵਾ ਕਰਦੀ ਹੈ ਅਤੇ ਪਲੰਘ ਤੇ ਵਿਛੌਣਾ ਵਿਛਾ ਦਿੱਤਾ। ਜਦੋਂ ਘਰ ਦਾ ਮਾਲਕ ਆਇਆ ਤਾਂ ਉਸ ਨੇ ਰਾਂਝੇ ਦਾ ਬੜਾ ਸਤਿਕਾਰ ਕੀਤਾ। ਦਮੋਦਰ ਅਨੁਸਾਰ :

ਦਸਤਪੋਸ਼ੀ ਮਿਲ ਦੋਹਾਂ ਕੀਤੀ, ਧੀਦੋ ਬਹੁੰ ਸੁਖ ਪਾਇਆ ।
ਮੱਖਣ ਮੈਦਾ ਤੇ ਦੁਧ ਮਾਝਾ, ਬੈਠ ਪਲੰਘ ਤੇ ਖਾਇਆ ।
ਭਲੀ ਤਰ੍ਹਾਂ ਸਿਉਂ ਖਿਜ਼ਮਤ ਕੀਤੀ, ਦੁੱਧ ਪੀਤਾ ਰੱਜ ਅਘਾਯਾ ।[49]

ਝੰਗ ਤੇ ਬਾਰ ਦੇ ਲੋਕ ਅੱਜ ਵੀ ਬੜੇ ਮਹਿਮਾਨ ਨਿਵਾਜ ਹਨ। ਉਹ ਲੋਕ ਕਿਸੇ ਰਾਹੀ ਮੁਸਾਫ਼ਰ ਜਾਂ ਪ੍ਰਾਹੁਣੇ ਦੀ ਟਹਿਲ ਸੇਵਾ ਕਰਨੀ ਆਪਣੇ ਵੱਡੇ ਭਾਗ ਸਮਝਦੇ ਹਨ ਜਿਵੇਂ ਦਮੋਦਰ ਅਨੁਸਾਰ ਰਾਂਝੇ ਨੂੰ ਘਰ ਦੀ ਸੁਆਣੀ, ਪਤੀ ਦੀ ਗੈਰ ਹਾਜ਼ਰੀ ਵਿਚ ਵੀ ਘਰ ਵਾੜਨੋਂ ਨਹੀਂ ਝਿਜਕਦੀ, ਜਿਵੇਂ :

ਤੂੰ ਬਹੁ ਮੈਂਡੀਆਂ ਅੱਖਾਂ ਉਤੇ, ਚੌਥੰਨੀਐ ਮੈਂ ਵੰਝਾਈ ।
ਬਖਤਾਂ ਬਾਝੂੰ ਲਹਾਂ ਨਾ ਨਾਠੀ, ਥੀਆ ਕਰਮ ਅਸਾਹੀ ।[50]

ਪ੍ਰਾਹੁਣਾਚਾਰੀ ਦੀ ਹੱਦ ਇਥੋਂ ਤਕ ਪਹੁੰਚ ਚੁੱਕੀ ਸੀ ਕਿ ਲੋੜਮੰਦ ਦੀ ਹਰ ਲੋੜ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਰਾਂਝੇ ਨੂੰ ਘਰੋਂ ਨੱਸ ਕੇ ਆਉਣ ਦਾ ਕਾਰਣ ਪੁੱਛਣ ਉਪਰੰਤ ਘਰ ਦਾ ਮਾਲਕ ਉਸ ਨੂੰ ਖੇਤੀਬਾੜੀ ਲਈ ਜਿਮੀਂ, ਪਸ਼ੂ ਧਨ ਅਤੇ

CC-0. In Public Domain. Gurukul Kangri Collection, Haridwar

ਰਿਸ਼ਤਾ ਦੇਣ ਨੂੰ ਵੀ ਤਿਆਰ ਹੋ ਜਾਂਦਾ ਹੈ :

Digitized by Arya Samaj Foundation Chennai and eGangotri

ਜੇ ਤੂੰ ਰੁਸ ਘਰਾਂ ਤੇ ਆਇਆ, ਤਾਂ ਤੂੰ ਕਹੁ ਮੈਂ ਤਾਈਂ ।
ਦੇਵਾਂ ਊਠ ਤੇ ਘੋੜੀ ਖੱਚਰ, ਦੇਵਾਂ ਮੱਝੀ ਗਾਈਂ ।
ਦੇਵਾਂ ਖੂਹ ਸਿਲਾਬੇ ਬੰਨੇ, ਦੇਵਾਂ ਕਿੱਤੀ ਵਾਹੀਂ ।
ਜੇ ਹੋਵਿਸ ਕਾਈ ਭੇਤ ਭਤੀਜੀ, ਤਾਂ ਅੱਜ ਦੁਆਇ ਬੰਨ੍ਹਾਈਂ ।[51]

ਸੱਚ ਪੁੱਛੋ ਤਾਂ ਝੰਗ ਸਿਆਲਾਂ ਤੇ ਉਸ ਇਲਾਕੇ ਦੇ ਲੋਕਾਂ ਦੀ ਪ੍ਰਾਹੁਣਾਚਾਰੀ ਬਾਰੇ ਪੜ੍ਹ ਕੇ ਆਪਣੇ ਮੂੰਹ 'ਚ ਵੀ ਪਾਣੀ ਆ ਜਾਂਦਾ ਹੈ । ਪ੍ਰਾਹੁਣਾਚਾਰੀ ਪੰਜਾਬੀ ਸਭਿਆਚਾਰ ਦਾ ਮੇਰੀ ਜਾਚੇ ਸਭ ਤੋਂ ਉੱਤਮ ਗੁਣ ਹੈ ।

ਵਹਿਮ ਭਰਮ ਤੇ ਜੋਗੀ :

ਦਮੋਦਰ ਅਨੁਸਾਰ ਉਸ ਸਮੇਂ ਦੇ ਲੋਕ ਅਨਪੜ੍ਹ, ਜਾਹਲ ਤੇ ਅੰਧ-ਵਿਸ਼ਵਾਸੀ ਸਨ । ਕਾਜ਼ੀ ਤੇ ਬ੍ਰਾਹਮਣ ਦੀ ਮਰਜ਼ੀ ਜੀਵਨ ਦੇ ਹਰ ਖੇਤਰ ਵਿਚ ਮੰਨੀ ਜਾਂਦੀ ਸੀ । ਜੋਗੀਆਂ ਨਾਥਾਂ ਦੇ ਜਾਦੂ-ਟੂਣਿਆਂ ਜੰਤਰਾਂ ਮੰਤਰਾਂ ਉਪਰ ਅੰਧ-ਵਿਸ਼ਵਾਸ ਕੀਤਾ ਜਾਂਦਾ ਸੀ । ਲੋਕ ਇਨ੍ਹਾਂ ਦੇ ਸਰਾਪਾਂ ਤੋਂ ਡਰਦੇ ਸਨ । ਕੋਟ ਕਬੂਲੇ ਵਿਚ ਅੱਗ ਲੱਗਣ ਵਾਲੀ ਘਟਨਾ ਨੂੰ ਲੋਕ ਰਾਂਝੇ ਜੋਗੀ ਵਲੋਂ ਦਿੱਤਾ ਸਰਾਪ ਮੰਨਦੇ ਸਨ ਅਤੇ ਉਨ੍ਹਾਂ ਲੋਕਾਂ ਨੇ ਅਦਲੀ ਰਾਜੇ ਨੂੰ ਆਪਣਾ ਪਹਿਲਾ ਕੀਤਾ ਫੈਸਲਾ ਵੀ ਬਦਲਣ ਲਈ ਮਜ਼ਬੂਰ ਕਰ ਦਿੱਤਾ । ਜਿਸ ਅਨੁਸਾਰ ਹੀਰ ਸ਼ਰ੍ਹਾ ਦੇ ਉਲਟ ਖੇੜਿਆਂ ਤੋਂ ਖੋਹ ਕੇ ਰਾਂਝੇ ਨੂੰ ਦੇ ਦਿਤੀ ਗਈ :

ਭੜਕੇ ਸ਼ਹਰ ਸੜੇ ਕੁਲ ਕਸਬਾ, ਲੋਕ ਜਬਾਬ ਕਰੇਂਦਾ ।
... ...
ਆਖ ਦਮੋਦਰ ਧ੍ਰੋਹੀ ਕਸਬਾ, ਆਲਮ ਆਏ ਕਰੇਂਦਾ ।[52]

ਜਾਂ

ਸਉੜਾ ਪਿਆ ਸਭੋ ਹੀ ਕਸਬਾ ਤਾਂ ਉਨ੍ਹਾਂ ਕੂਕ ਸੁਣਾਇਆ ।
ਚਲਦੀ ਅੱਗ ਪੈਰ ਕਰ ਅਗੇ, ਆਖੇ ਜੋਗੀ ਪਰਚਾ ਲਾਇਆ ।[53]

ਜਦੋਂ ਸਹਿਤੀ ਹੀਰ ਨੂੰ ਝੂਠਾ ਸੱਪ ਲੜਨ ਦਾ ਪਾਖੰਡ ਕਰਦੀ ਹੈ ਤਾਂ ਸਹਿਤੀ ਆਪਣੇ ਮਤਲਬ-ਸਿੱਧੀ ਲਈ ਜੋਗੀ (ਰਾਂਝਾ) ਨੂੰ ਸੱਦ ਕੇ ਸੱਪ ਦਾ ਮੰਤਰ ਕਰਾਉਂਦੀ ਹੈ । ਜੋ ਚਾਲੀ ਦਿਨ ਇਕ ਬੰਦ ਕਮਰੇ ਵਿਚ ਹੁੰਦਾ ਰਹਿੰਦਾ ਹੈ । ਅਨਭੋਲ ਤੇ ਅੰਧ-ਵਿਸ਼ਵਾਸੀ ਖੇੜੇ ਅਸਲ ਕਹਾਣੀ ਨੂੰ ਸਮਝ ਹੀ ਨਹੀਂ ਸਕੇ ਕਿਉਂਕਿ ਉਸ ਸਮੇਂ ਜੋਗੀਆਂ, ਪੀਰਾਂ ਦੀਆ ਕਰਾਮਾਤਾਂ ਤੋਂ ਲੋਕ ਡਰਦੇ ਸਨ । ਜੋਗੀ ਦੀਆਂ ਹਦਾਇਤਾਂ ਵੇਖੋ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੱਡੀ ਮਿਹਨਤ ਨਾਲ ਏਸ ਦੇ, ਬੀਬੀ ਮੰਤ੍ਰ ਪੜ੍ਹਾਈਂ ।
ਹਿੱਕ ਇਕੱਲਾ ਕੋਠਾ ਹੋਵੈ, ਕੋਈ ਝਾਤ ਨਾ ਕਰੇ ਕਿਦਾਈਂ ।
ਹਿੱਕ ਏਹਾਂ ਜੋ ਬਹੁਤੀ ਰੋਂਦੀ, ਹੋਵੇ ਖਿਦਮਤ ਤਾਈਂ ।
ਜੇਕਰ ਚਲ੍ਹੀਹਾ ਪੱਕਾ ਹੋਵੇ, ਤਾਂ ਇਸ ਜੋਗ ਨੁਵਾਈਂ ।[54]

ਪਿੰਡਾਂ ਵਿਚ ਇਨ੍ਹਾਂ ਜੋਗੀਆਂ ਪੀਰਾਂ ਦੀ ਮਨਤਾ ਬਹੁਤ ਹੁੰਦੀ ਸੀ । ਇਹ ਕਿਤੇ ਵੀ ਆਪਣਾ ਧੂਣਾ ਲਾ ਕੇ ਬਹਿ ਜਾਣ, ਲੋਕ ਇਨ੍ਹਾਂ ਨੂੰ ਭੁੱਖਾ ਨਹੀਂ ਸੀ ਰਹਿਣ ਦੇਂਦੇ । ਦਮੋਦਰ ਅਨੁਸਾਰ ਉਸ ਸਮੇਂ ਜੋਗੀ ਪਿੰਡੋ ਪਿੰਡ ਤੁਰਦੇ ਫਿਰਦੇ ਨਜ਼ਰ ਆਉਂਦੇ ਸਨ ।

ਕਾਨੂੰਨ ਤੇ ਅਦਾਲਤਾਂ :

ਦਮੋਦਰ ਦੇ ਕਿੱਸੇ ਅਨੁਸਾਰ ਉਸ ਸਮੇਂ ਸਹਿਰਾਂ ਜਾਂ ਇਲਾਕਿਆਂ ਦਾ ਪ੍ਰਬੰਧ ਅਕਬਰ ਦੇ ਹਾਕਮਾਂ ਕੋਲ ਹੁੰਦਾ ਸੀ । ਲਗਪਗ ਪੰਜ ਸੌ ਪਿੰਡਾਂ ਉਪਰ ਇਕ ਹਾਕਮ ਹੁੰਦਾ ਸੀ ਜੋ ਇਲਾਕੇ ਵਿਚ ਅਮਨ ਦਾ ਜ਼ਿੰਮੇਵਾਰ ਹੁੰਦਾ ਸੀ । ਸਾਰੇ ਝਗੜਿਆਂ ਦੇ ਫੈਸਲੇ ਉਹ ਆਪ ਕਰਦਾ ਸੀ । ਫ਼ੈਸਲੇ ਇਸਲਾਮੀ ਸ਼ਰ੍ਹਾ ਅਨੁਸਾਰ ਕੀਤੇ ਜਾਂਦੇ ਸਨ । ਕਾਜ਼ੀ ਸ਼ਰ੍ਹਾ ਦੀ ਵਿਆਖਿਆ ਲਈ ਉਸ ਹਾਕਮ ਨਾਲ ਨਿਯਕਤ ਹੁੰਦੇ ਸਨ । ਕਾਜ਼ੀ ਅਤੇ ਹਾਕਮ ਦੇ ਫੈਸਲਿਆਂ ਨੂੰ ਠੀਕ ਨਾ ਹੋਣ ਦੀ ਸੂਰਤ ਵਿਚ ਬਾਦਸ਼ਾਹ ਕੋਲ ਫਰਿਆਦ (ਅਪੀਲ) ਹੋ ਸਕਦੀ ਸੀ । ਜਦੋਂ ਅਦਲੀ ਰਾਜੇ ਨੇ ਆਪਣੇ ਫੈਸਲੇ ਅਨੁਸਾਰ ਹੀਰ ਖੇੜਿਆਂ ਦੇ ਹਵਾਲੇ ਕਰ ਦਿੱਤੀ ਤਾਂ ਕੁਦਰਤੀ ਸ਼ਹਿਰ ਨੂੰ ਅੱਗ ਲੱਗ ਜਾਂਦੀ ਹੈ ਅਤੇ ਸ਼ਹਿਰ ਦੇ ਲੋਕਾਂ ਨੇ ਅਦਲੀ ਰਾਜੇ ਨੂੰ ਆਪਣਾ ਪਹਿਲਾ ਕੀਤਾ ਫ਼ੈਸਲਾ ਬਦਲਣ ਲਈ ਕਿਹਾ :

ਭੜਕੇ ਸ਼ਹਿਰ, ਸੜੇ ਕੁਲ ਕਸਬਾ, ਲੋਕ ਜਬਾਬ ਕਰੇਂਦਾ ।
ਧ੍ਰੋਹੀ ਕਾਜੀ ਹਾਕਮ ਤੈਨੂੰ, ਲਖੀਆ ਸ਼ਹਿਰ ਸੜੇਂਦਾ ।
ਜੇ ਪਛੇ ਸ਼ਾਹ ਅਕਬਰ ਤੈਨੂੰ, ਤਾਂ ਤੂੰ ਜਬਾਬ ਕੇ ਦੇਂਦਾ ।
ਆਖ ਦਮੋਦਰ ਧ੍ਰੋਹੀ ਕਸਬਾ, ਆਲਮ ਆਏ ਕਰੇਂਦਾ ।[55]

ਦਮੋਦਰ ਦੇ ਕਿੱਸੇ ਵਿਚੋਂ ਇਹ ਵੀ ਪਤਾ ਲੱਗਦਾ ਹੈ ਕਿ ਉਸ ਸਮੇਂ ਕਾਜ਼ੀ ਜੋ ਧਰਮ ਦੇ ਠੇਕੇਦਾਰ ਅਖਵਾਉਂਦੇ ਸਨ, ਵੱਢੀਖੋਰੀ ਦੇ ਸ਼ਿਕਾਰ ਹੋ ਚੁੱਕੇ ਸਨ ਜੋ ਪੈਸੇ ਦੇ ਲਾਲਚ ਵਿਚ ਗ਼ਲਤ ਫ਼ੈਸਲੇ ਕਰ ਦੇਂਦੇ ਸਨ । ਪਲੜਾ ਭਾਰੀ ਵੇਖਿਆ ਜਾਂਦਾ ਸੀ । ਜਨਤਕ ਆਵਾਜ਼ ਨੂੰ ਦਬਾਇਆ ਜਾਂਦਾ ਸੀ । ਜੇ ਕੋਈ ਹੀਲ-ਹੁੱਜਤ ਕਰੇ ਤਾਂ ਕੁਰਾਨ ਸ਼ਰੀਫ਼ ਦੀਆਂ ਆਇਤਾਂ ਪੜ੍ਹ ਕੇ ਅਨਪੜ੍ਹ ਜਨਤਾ ਨੂੰ ਆਪਣਾ ਫ਼ੈਸਲਾ ਠੀਕ ਹੋਣਾ ਸਾਬਤ ਕਰ ਦੇਂਦੇ ਸਨ । ਕੋਟ ਕਬੂਲੇ ਦੀ ਅਦਾਲਤ ਵਾਲਾ ਦ੍ਰਿਸ਼ ਵੇਖੋ ਜਿਥੇ ਹੀਰ ਕਾਜ਼ੀ ਨੂੰ ਖਰੀਆਂ ਖਰੀਆਂ ਸੁਣਾਉਂਦੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂ ਕਿਉਂ ਜ਼ੋਰੀ ਕਰਨੈ ਕਾਜੀ, ਡਰ ਖੁਦਾਇ ਥੀਂ ਨਾਹੀਂ ।
ਮੇਰਾ ਹੱਕ ਰੰਝੇਟਾ ਏ ਹੈ, ਜਾਣੇ ਸਭ ਲੁਕਾਈ ।
ਲੇਕਰ ਵੱਢੀ ਹੱਕ ਗਵਾਏਂ, ਕੱਢ ਕਿਤਾਬ ਵਿਖਾਈ ।
ਆਖ ਦਮੋਦਰ ਹੀਰ ਜੁ ਆਖੇ, ਕਾਜੀ ਭਲਾ ਨਿਆਉਂ ਚੁਕਾਈਂ ।[56]

ਇਥੇ ਪਹਿਲਾਂ ਤਾਂ ਹੀਰ ਕਾਜ਼ੀ ਨੂੰ ਵੱਢੀ ਲੈਣ ਖਾਤਰ ਖਰੀਆਂ ਖਰੀਆਂ ਸੁਣਾਉਂਦੀ ਹੈ ਫਿਰ ਜਦੋਂ ਕੋਟ ਕਬੂਲੇ ਦੇ ਲੋਕ ਸ਼ਹਿਰ 'ਚ ਅੱਗ ਲੱਗਣ ਕਰਕੇ ਅਦਲੀ ਰਾਜੇ ਦੇ ਗ਼ਲਤ ਫ਼ੈਸਲੇ ਦੇ ਵਿਰੁੱਧ ਰੋਸ ਪ੍ਰਗਟ ਕਰਦੇ ਹਨ ਤਾਂ ਇਥੇ ਵੀ ਅਦਾਲਤ ਦੇ ਗ਼ਲਤ ਫ਼ੈਸਲੇ ਦੀ ਹੀ ਨਿੰਦਾ ਕੀਤੀ ਜਾਂਦੀ ਹੈ :

ਤਾਂ ਕੱਲਰ ਕੋਟ ਕਬੂਲੇ ਸੰਦੇ ਅੱਗ ਲੱਗੀ ਦਰਵਾਜੇ ।
ਅਦਲੀ ਰਾਜੇ, ਅਦਲ ਨ ਕੀਤਾ, ਧੁੰਮਾਂ ਦੇ ਮੁਹਤਾਜੇ ।
ਪਾਣੀ ਪਵੇ ਤੇਲ ਹੁਇ ਜਾਵੇ, ਭੜਕਣ ਸਭ ਦਰਵਾਜੇ ।
ਆਖ ਦਮੋਦਰ ਕੋਟ ਕਬੂਲੇ, ਰੋਵਣ ਲੋਕ ਅਵਾਜੇ ।[57]

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਦਮੋਦਰ ਨੇ ਆਪਣੇ ਕਿੱਸੇ ਵਿਚ ਆਪਣੇ ਸਮੇਂ ਦੇ ਪੰਜਾਬ ਦੀ ਬਹੁਪੱਖੀ ਤਸਵੀਰ ਉਲੀਕਣ ਦਾ ਪ੍ਰਯਤਨ ਕੀਤਾ ਹੈ । ਥਾਂ ਪਰ ਥਾਂ ਸਥਾਨਿਕ ਰੰਗਣ ਭਰੀ ਹੈ । ਜਿਸਮਾਨੀ ਸੁੰਦਰਤਾ, ਰਸਮ ਰਿਵਾਜ, ਖਾਣ ਪੀਣ, ਰਹਿਣ-ਸਹਿਣ, ਕਿੱਤੇ, ਸ਼ੌਕ, ਜਾਤਾਂ ਗੋਤਾਂ, ਕਬੀਲਿਆਂ ਦੀਆਂ ਆਪਸੀ ਲੜਾਈਆਂ ਆਦਿ ਬਾਰੇ ਬੜੀ ਸੁਚੱਜਤਾ ਨਾਲ ਵਰਨਣ ਕੀਤਾ ਹੈ । ਦਮੋਦਰ ਦੀ ਇਸ ਰਚਨਾ ਦੀ ਸਾਹਿਤਕ ਇਤਿਹਾਸਕ, ਸਮਾਜਕ ਤੇ ਸਭਿਆਚਾਰਕ ਮਹੱਤਤਾ ਬਹੁਤ ਹੈ । ਦਮੋਦਰ ਇਕ ਪਾਸੇ ਪੰਜਾਬੀ ਦੇ ਲੋਕ ਸਾਹਿਤ, ਦੂਜੇ ਪਾਸੇ ਆਪਣੇ ਸਮਕਾਲੀ ਅਧਿਆਤਮਕ ਸਾਹਿਤ ਜਿਵੇਂ ਸੂਫ਼ੀ ਬਾਣੀ, ਗੁਰਬਾਣੀ ਤੇ ਭਗਤ ਬਾਣੀ, ਅਤੇ ਤੀਜੇ ਪਾਸੇ ਫ਼ਾਰਸੀ ਮਸਨਵੀ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਪੰਜਾਖੀ ਕਿੱਸਾ-ਕਾਵਿ ਵਿਚ ਇਕ ਸਰਵ ਸ੍ਰੇਸ਼ਟ ਰਚਨਾ ਕਰਨ ਵਿਚ ਮਹਾਨ ਕਿੱਸਾਕਾਰ ਸਾਬਤ ਹੋਇਆ ਹੈ ।

8303

ਹਵਾਲੇ ਤੇ ਟਿੱਪਣੀਆਂ

1. 'ਕਿੱਸਾ ਸੋਹਣੀ ਮਹੀਂਵਾਲ' (ਸੰਪ.) ਡਾ. ਦੀਵਾਨ ਸਿੰਘ, ਪੰਨਾ 1.
2. 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ 257.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. 'ਹੀਰ ਦਮੋਦਰ', ਪੰਨਾ 272.
4. 'ਦਮੋਦਰ ਰਚਨਾਵਲੀ', ਪੰਨਾ 32.
5. ਉਹੀ ।
6. ਉਹੀ, ਪੰਨਾ 34.
7. ਉਹੀ, ਪੰਨਾ 193.
8. 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 143.
9. 'ਦਮੋਦਰ ਰਚਨਾਵਲੀ', ਪੰਨਾ 120.
10. ਉਹੀ, ਪੰਨਾ 138.
11. 'ਦਮੋਦਰ ਇਕ ਸਾਹਿਤਕ ਮੁਲਾਂਕਣ', ਪੰਨਾ 67.
12. 'ਦਮੋਦਰ ਰਚਨਾਵਲੀ', ਪੰਨਾ 94.
13. ਉਹੀ, ਪੰਨਾ 96.
14. ਉਹੀ, ਪੰਨਾ 187.
15. ਉਹੀ, ਪੰਨਾ 247.
16. ਉਹੀ, ਪੰਨਾ 138.
17. ਉਹੀ, ਪੰਨਾ 148.
18. ਡਾ. ਜੀਤ ਸਿੰਘ ਸੀਤਲ, 'ਸ਼ੇਖ ਫ਼ਰੀਦਾ, 'ਖੋਜ ਪਤਿਕਾ' (ਵਿਸ਼ੇਸ਼ ਅੰਕ), ਪੰਨਾ 15.
19. 'ਦਮੋਦਰ ਰਚਨਾਵਲੀ', ਪੰਨਾ 87.
20. 'ਸ਼ੀਰਾਜ਼ਾ', ਪੰਨਾ 37.
21. 'ਦਮੋਦਰ ਰਚਨਾਵਲੀ', ਪੰਨਾ 259,
22. ਉਹੀ, ਪੰਨਾ 30.
23. ਉਹੀ, ਪੰਨਾ 122.
24. ਉਹੀ, ਪੰਨਾ 33.
25. ਉਹੀ, ਪੰਨਾ 30.
26. ਉਹੀ, ਪੰਨਾ 40.
27. ਉਹੀ, ਪੰਨਾ 127.
28. ਉਹੀ ।
29. ਉਹੀ, ਪੰਨਾ 37
30. ਉਹੀ, ਪੰਨਾ 142.
31. ਉਹੀ, ਪੰਨਾ 72.
32. ਉਹੀ, ਪੰਨਾ 31.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

33. ਉਹੀ।
34. ਉਹੀ, ਪੰਨਾ 68.
35. ਉਹੀ।
36. ਉਹੀ, ਪੰਨਾ 55.
37. ਉਹੀ, ਪੰਨਾ 61.
38. ਉਹੀ, ਪੰਨਾ 41.
39. ਉਹੀ, ਪੰਨਾ 232.
40. ਉਹੀ, ਪੰਨਾ 37.
41. ਉਹੀ, ਪੰਨਾ 61.
42. ਉਹੀ, ਪੰਨਾ 33.
43. ਉਹੀ, ਪੰਨਾ 30.
44. ਉਹੀ, ਪੰਨਾ 62.
45. ਉਹੀ, ਪੰਨਾ 138.
46. ਉਹੀ, ਪੰਨਾ 35.
47. ਉਹੀ, ਪੰਨਾ 63.
48. ਉਹੀ, ਪੰਨਾ 158.
49. ਉਹੀ, ਪੰਨਾ 74.
50. ਉਹੀ।
51. ਉਹੀ, ਪੰਨਾ 75.
52. ਉਹੀ, ਪੰਨਾ 256.
53. ਉਹੀ।
54. ਉਹੀ, ਪੰਨਾ 223.
55. ਉਹੀ, ਪੰਨਾ 256.
56. ਉਹੀ, ਪੰਨਾ 250.
57. ਉਹੀ. ਪੰਨਾ 256.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀਰ ਮੁਕਬਲ ਵਿਚ ਪ੍ਰਤਿਬਿੰਬਿਤ ਪੰਜਾਬੀ ਸਭਿਆਚਾਰ

ਹੀਰ ਮੁਕਬਲ ਵਿਚੋਂ ਸਭਿਆਚਾਰ ਦਾ ਅਧਿਐਨ ਕਰਨ ਤੋਂ ਪਹਿਲਾਂ ਸਾਨੂੰ ਕੁਝ ਮੁਕਬਲ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ । ਇਸ ਤੋਂ ਬਿਨਾਂ ਅਸੀਂ ਆਪਣੇ ਵਿਚਾਰਾਂ ਦੀ ਪੁਸ਼ਟੀ ਨਹੀਂ ਕਰ ਸਕਾਂਗੇ । "ਮੁਕਬਲ ਨੇ ਆਪਣੀ ਹੀਰ 1727 ਈ. ਵਿਚ ਲਿਖੀ ਅਤੇ ਜੰਗਨਾਮਾ 1728 ਈ. ਵਿਚ ਮੁਕਾਇਆ...ਬੈਂਤ ਵਿਚ ਲਿਖਿਆ ਮੁਕਬਲ ਦਾ ਕਿੱਸਾ ਵਾਰਿਸ ਦਾ ਮੂਲ ਆਧਾਰ ਬਣਿਆ" ।[1] ਡਾ. ਜੀਤ ਸਿੰਘ ਸੀਤਲ ਅਨੁਸਾਰ ਮੁਕਬਲ ਪੰਜਾਬੀ ਕਾਵਿ ਦਾ ਮਿਲਟਨ ਕਿਹਾ ਸਕਦਾ ਹੈ ਕਿਉਂਕਿ ਜੋ ਉਹ ਨਬੀਨਾ (ਨੇਤ੍ਰ-ਹੀਣ) ਸੀ, ਪਰੰਤੂ ਅਠਾਰ੍ਹਵੀਂ ਸਦੀ ਵਿਚ ਬੈਂਤ ਨੂੰ ਸੰਵਾਰ ਸ਼ਿੰਗਾਰ ਕਿੱਸਾ-ਕਾਵਿ ਦਾ ਵਾਹਣ ਬਣਾਉਣ ਵਿਚ ਮੋਢੀ ਸੀ । ਨਾਮ ਸ਼ਾਹ ਜਹਾਨ, ਉਪਨਾਮ ਮੁਕਬਲ ਸੀ । ਅੱਖਾਂ ਤੋਂ ਮਜਬੂਰ ਹੋਣ ਕਾਰਣ ਆਪਣੇ ਆਪ ਨੂੰ ਆਜਜ਼ ਕਹਿੰਦਾ ਹੈ :

ਤਖਲਸ ਏਸ ਫ਼ਕੀਰ ਦਾ (ਮੁਕਬਲ) ਹੈ ਮਸ਼ਹੂਰ ।
ਇਹ ਆਜਜ਼ ਹੈ ਭਾਈਓ, ਅਖੀਂ ਥੀਂ ਮਜਬੂਰ ।

ਪਰੰਤੂ ਸ਼ਿਅਰ ਕਹਿਣ ਵਿਚ ਮਜਬੂਰ ਨਹੀਂ ਸੀ ਕਿਉਂ ਜੋ ਉਸ ਨੇ ਅਹਿਮਦ ਗੁੱਜਰ ਦੇ ਬੈਂਤ ਉਪਰ ਹੀਰ ਦੇ ਕਿੱਸੇ ਦਾ ਮਹਿਲ ਉਸਾਰਿਆ ।[2]

ਮੁਕਬਲ ਦੇ ਸਮੇਂ ਤੇ ਸਮਾਜ ਬਾਰੇ ਲਿਖਦਿਆਂ ਪ੍ਰੋ. ਗੁਰਦੇਵ ਸਿੰਘ ਗਿਲ ਨੇ ਕਿਹਾ ਹੈ "ਮੁਕਬਲ ਨੇ ਆਪਣਾ ਕਿੱਸਾ ਹੀਰ ਰਾਂਝਾ ਅਠਾਰ੍ਹਵੀਂ ਸਦੀ ਦੇ ਅੱਧ ਦੁਆਲੇ ਲਿਖਿਆ ਜਿਹੜਾ ਮੁਗ਼ਲ ਰਾਜ ਦੀਆਂ ਢਹਿੰਦੀਆਂ ਤੇ ਸਿੱਖ ਮਤ ਦੀਆਂ ਚੜ੍ਹਦੀਆਂ ਕਲਾਂ ਦਾ ਸੀ । ਉਸ ਸਮੇਂ ਧਾਰਮਿਕ ਖੇਤਰ ਵਿਚ ਸਿੱਖ ਮੱਤ ਇਸਲਾਮ ਤੇ ਸੂਫ਼ੀ ਮੱਤ ਦਾ ਬਹੁਤ ਬੋਲਬਾਲਾ ਸੀ ਪਰ ਹਿੰਦੂ ਧਰਮ ਤੇ ਹਿੰਦੂ ਸਮਾਜ ਦੀ ਹਾਲਤ ਇਸ ਸਮੇਂ ਵੀ ਨਹੀਂ ਸੀ ਸੁਧਰੀ ।"[3]

ਸ਼ਮਸ਼ੇਰ ਸਿੰਘ ਅਸ਼ੋਕ ਨੇ ਹੀਰ ਰਾਂਝਾ ਕਹਾਣੀ ਨੂੰ ਸਭਿਆਚਾਰਕ ਤੌਰ ਤੇ ਪਰਖ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਆਂ ਲਿਖਿਆ ਹੈ ਕਿ ਮੁਕਬਲ ਉਸ ਸਮੇਂ ਦਾ ਸਭਿਆਚਾਰਕ ਚਿਤਰ ਵੀ ਪੇਸ਼ ਕਰਦਾ ਹੈ। ਸਾਹਿਤ ਸਮਾਜ ਦਾ ਦਰਪਣ ਹੈ । ਮੁਕਬਲ ਨੇ ਵਿਆਹਾਂ ਸ਼ਾਦੀਆਂ ਦੇ ਰਸਮ ਰਿਵਾਜ ਦੱਸੇ ਹਨ ਜਿਵੇਂ ਧੀਆਂ ਵਾਲੇ ਜਾਂਞੀਆਂ ਨੂੰ ਅਗੋਂ ਲੈਣ ਜਾਂਦੇ ਹਨ, ਵਿਆਹਾਂ ਤੇ ਕੰਜਰੀਆਂ ਦੇ ਨਾਚ ਹੁੰਦੇ ਹਨ, ਤੂਤੀਆਂ ਤੇ ਨੌਕਤਾਂ ਵਜਦੀਆਂ ਹਨ, ਕੁੜੀ ਨੂੰ ਮਾਈਏਂ ਪਾਇਆ ਜਾਂਦਾ ਹੈ। ਸੱਸ ਆਪਣੀ ਨੂੰਹ ਦੇ ਸਿਰ ਤੋਂ ਪਾਣੀ ਵਾਰਦੀ ਹੈ, ਲਾੜ੍ਹਾ ਤੇ ਲਾੜੀ ਲੱਸੀ ਮੁੰਦਰੀ ਦੀ ਖੇਡ ਖੇਡਦੇ ਹਨ, ਜਾਂਞੀਆਂ ਨੂੰ ਸਿੱਠਣੀਆਂ ਦਿਤੀਆਂ ਜਾਂਦੀਆਂ ਹਨ ਇਤਿ ਆਦਿ ।[4]

ਡਾ. ਰਤਨ ਸਿੰਘ ਜੱਗੀ ਅਨੁਸਾਰ "ਮੁਕਬਲ ਨੇ ਆਪਣੀ ਹੀਰ ਵਿਚ ਉਸ ਸਮੇਂ ਦੇ ਸਭਿਆਚਾਰ ਨੂੰ ਵੀ ਚਿਤ੍ਰਿਆ ਹੈ, ਪਰ ਦਮੋਦਰ ਤੋਂ ਘੱਟ। ਦਮੋਦਰ ਦੀ ਹੀਰ ਤਾਂ ਅਸਲੋਂ ਝੰਗ ਦੇ ਇਲਾਕੇ ਦੀਆਂ ਰਸਮਾਂ ਰਿਵਾਜਾਂ ਦਾ ਇਕ ਕੋਸ਼ ਹੈ" ।[5]

ਡਾ. ਜੀਤ ਸਿੰਘ ਸੀਤਲ ਅਨੁਸਾਰ "ਮੁਕਬਲ ਨੇ ਪੰਜਾਬ ਦੇ ਸਭਿਆਚਾਰਕ ਜੀਵਨ ਨੂੰ ਸੁੰਦਰ ਦ੍ਰਿਸ਼ਾਂ ਤੇ ਚਿਤਰਾਂ ਦੁਆਰਾ ਪੇਸ਼ ਕੀਤਾ ਹੈ। ਇਹਨਾਂ ਸਾਰੀਆਂ ਗੱਲਾਂ ਕਾਰਣ ਅਸੀਂ ਮੁਕਬਲ ਨੂੰ ਅਠਾਰ੍ਹਵੀਂ ਸਦੀ ਦਾ ਇਕ ਮਹਾਨ ਸਫ਼ਲ ਤੇ ਸੁਭਾਵਿਕ ਕਿੱਸਾ ਕਵੀ ਕਹਿ ਸਕਦੇ ਹਾਂ ਜਿਸ ਨੇ ਇਸੇ ਸਦੀ ਵਿਚ ਕਿੱਸਾ-ਕਾਵਿ ਦੇ ਆਲੀਸ਼ਾਨ ਭਵਿੱਖ ਦੀ ਨੀਂਹ ਰੱਖੀ ਤੇ ਇਸ ਦੇ ਸੋਨ-ਸੁਨਹਿਰੀ ਕਾਲ ਦੇ ਪ੍ਰਵੇਸ਼ ਕਰਾਉਣ ਵਿਚ ਅਹਿਮ ਰੋਲ ਅਦਾ ਕੀਤਾ।"[6]

ਉਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਸਿੱਧ ਹੁੰਦਾ ਹੈ ਕਿ ਮੁਕਬਲ ਆਪਣੇ ਸਮੇਂ ਦਾ ਪ੍ਰਤਿਨਿਧ ਕਿੱਸਾਕਾਰ ਹੋਇਆ ਹੈ ਜਿਸ ਦੀ ਪੰਜਾਬੀ ਸਭਿਆਚਾਰ ਤੇ ਪੰਜਾਬੀ ਕਿੱਸਾ ਕਾਵਿ ਨੂੰ ਮਹਾਨ ਦੇਣ ਹੈ। ਬੇਸ਼ਕ ਮੁਕਬਲ ਅੱਖਾਂ ਤੋਂ ਹੀਣਾ ਸੀ ਪਰ ਉਸ ਦੀ ਪ੍ਰਤਿਭਾ ਨੇ ਉਸ ਪਿੱਛੋਂ ਆਉਣ ਵਾਲਿਆਂ ਸਾਹਿਤਕਾਰਾਂ ਖਾਸ ਕਰਕੇ ਕਿੱਸਾਕਾਰਾਂ ਵਿਚੋਂ ਵਾਰਿਸ ਸ਼ਾਹ ਵਰਗੇ ਕਿੱਸਾ ਕਾਵਿ ਜਗਤ ਦੇ ਚਮਕਦੇ ਸਿਤਾਰੇ ਦੀ ਰਹਿਨੁਮਾਈ ਕੀਤੀ। ਵਾਰਿਸ ਦੀ ਹੀਰ ਮੁਕਬਲ ਦੀ ਹੀਰ ਦੀ ਪ੍ਰਿਸ਼ਟਭੂਮੀ ਤੇ ਆਧਾਰਿਤ ਹੈ। ਇਸ ਲਈ ਵਾਰਿਸ ਦੀ ਮਹਾਨਤਾ ਵਿਚ ਮੁਕਬਲ ਵੀ ਪੂਰਾ ਸ਼ਰੀਕ ਹੈ।

ਹੁਣ ਅਸੀਂ ਮੁਕਬਲ ਰਚਿਤ ਕਿੱਸਾ ਹੀਰ ਰਾਂਝਾ ਵਿਚੋਂ ਪ੍ਰਤਿਬਿੰਬਿਤ ਪੰਜਾਬੀ ਸਭਿਆਚਾਰਕ ਤੱਤਾਂ ਦਾ ਨਿਰੂਪਣ ਕਰਾਂਗੇ ਜਿਨ੍ਹਾਂ ਵਿਚ ਭਾਸ਼ਾ ਅਤੇ ਬੋਲੀ, ਪਦਾਰਥਕ ਲੱਛਣ ਜਿਵੇਂ ਖਾਣ ਪੀਣ, ਪਹਿਰਾਵਾ ਤੇ ਹਾਰ ਸ਼ਿੰਗਾਰ, ਕਿੱਤੇ ਆਵਾਜਾਈ, ਰਹਿਣ ਸਹਿਣ, ਮਨੋਰੰਜਨ ਤੇ ਦਿਲ ਪਰਚਾਵਾ, ਮਿਥਿਹਾਸ ਤੇ ਧਰਮ; ਜਿਵੇਂ ਰੀਤਾਂ, ਰਸਮੋ-ਰਿਵਾਜ, ਪ੍ਰਾਹੁਣਾਚਾਰੀ, ਵਹਿਮ ਭਰਮ ਤੇ ਜੋਗੀ, ਕਾਨੂੰਨ ਤੇ ਨਿਆਂ ਪ੍ਰਣਾਲੀ ਆਦਿ ਤੱਤ ਸ਼ਾਮਿਲ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਸ਼ਾ ਤੇ ਬੋਲੀ :

ਭਾਸ਼ਾ ਅਤੇ ਸਭਿਆਚਾਰ ਦਾ ਆਪਸੀ ਸੰਬੰਧ ਅਨਿੱਖੜ ਹੁੰਦਾ ਹੈ। ਅਸਲ ਵਿਚ ਸਭਿਆਚਾਰ ਦਾ ਸਭ ਤੋਂ ਪਹਿਲਾਂ ਤੇ ਜ਼ਰੂਰੀ ਤੱਤ ਭਾਸ਼ਾ ਹੀ ਹੈ ਜਿਸ ਨੇ ਕਿ ਸਭਿਆਚਾਰ ਦੇ ਬਾਕੀ ਤੱਤਾਂ ਦਾ ਨਿਰੂਪਣ ਕਰਨਾ ਹੁੰਦਾ ਹੈ। ਮੁਕਬਲ ਦੇ ਕਿੱਸੇ ਵਿਚ ਵਰਤੀ ਗਈ ਭਾਸ਼ਾ ਤੇ ਬੋਲੀ ਅਠਾਰ੍ਹਵੀਂ ਸਦੀ ਦੇ ਮਨੁੱਖੀ ਹਿਰਦੇ ਦੀ ਭਾਸ਼ਾ ਹੈ ਜਿਸ ਵਿਚ ਵੰਨ-ਸੁਵੰਨੇ ਰੰਗ ਭਾਅ ਮਾਰਦੇ ਹਨ ਅਤੇ ਮੁਕਬਲ ਨੇ ਆਪਣਾ ਕਿੱਸਾ ਠੇਠ ਕੇਂਦਰੀ ਪੰਜਾਬੀ ਵਿਚ ਹੀ ਲਿਖਿਆ ਹੈ ਪਰ ਫਿਰ ਵੀ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਪ੍ਰਭਾਵ ਪ੍ਰਤੱਖ ਦਿੱਸਦਾ ਹੈ। ਮੁਕਬਲ ਨੇ ਦਮੋਦਰ ਵਲੋਂ ਵਰਤੀ ਗਈ ਲਹਿੰਦੀ ਝਾਂਗੀ ਬੋਲੀ ਤੋਂ ਵੀ ਕੁੱਝ ਉਧਾਰ ਲਿਆ ਹੈ। ਗੱਲ ਕੀ ਮੁਕਬਲ ਦੀ ਭਾਸ਼ਾ ਵਿਚ ਕੇਂਦਰੀ ਪੰਜਾਬੀ, ਫ਼ਾਰਸੀ, ਤੁਰਕੀ, ਅਰਬੀ ਤੇ ਉਰਦੂ ਆਦਿ ਭਾਸ਼ਾਵਾਂ ਦਾ ਸੁਮੇਲ ਹੈ :

ਫ਼ਾਰਸੀ ਸ਼ਬਦਾਵਲੀ :

ਮੁਕਬਲ ਦੇ ਕਿੱਸੇ ਵਿਚ ਫ਼ਾਰਸੀ ਸ਼ਬਦ ਆਪ ਮੁਹਾਰੇ ਸਹਿਜ ਸੁਭਾਅ ਹੀ ਵਰਤੇ ਗਏ ਹਨ ਕਿਉਂਕਿ ਮੁਕਬਲ ਦੇ ਵੇਲੇ ਪੰਜਾਬ ਵਿਚ ਮੁਗਲਾਂ ਦਾ ਰਾਜ ਚੱਲ ਰਿਹਾ ਸੀ। ਉਨ੍ਹਾਂ ਦੀ ਭਾਸ਼ਾ ਦਾ ਪ੍ਰਭਾਵ ਪੈਣਾ ਸੁਭਾਵਿਕ ਹੀ ਸੀ ਅਤੇ ਇਹ ਸ਼ਬਦ ਉਸ ਸਮੇਂ ਤੱਕ ਲੋਕ ਬੋਲੀ ਦਾ ਅੰਗ ਬਣ ਚੁੱਕੇ ਸਨ : ਅਕਲ, ਸ਼ਾਉਰ, ਆਜਜ਼ੀ, ਸੁਖਨ, ਗੋਸ਼ਾ, ਵਰਖੁਰਦਾਰ, ਮਸਹਲਤ, ਰਵਾਂ ਰੂਬਰੂ, ਰੋਜ਼ਾ, ਵਫ਼ਾ, ਖੌਫ਼ ਆਦਿ।

ਅਰਬੀ ਸ਼ਬਦਾਵਲੀ :

ਮੁਕਬਲ ਕਿਉਂਕਿ ਮੁਸਲਮਾਨ ਕਿੱਸਾਕਾਰ ਸੀ ਜੋ ਇਸਲਾਮੀ ਰਹੁ-ਰੀਤਾਂ ਦਾ ਪਾਬੰਦ ਸੀ। ਇਸ ਲਈ ਅਰਬੀ ਭਾਸ਼ਾ ਦੇ ਸ਼ਬਦ ਵੀ ਕਿੱਸੇ ਵਿਚ ਆਉਣੇ ਸੁਭਾਵਕ ਹੀ ਸਨ। ਉਹ ਸ਼ਬਦ ਕੁੱਝ ਇਸ ਤਰ੍ਹਾਂ ਹਨ : ਅੱਲ੍ਹਾ, ਇਸ਼ਕ, ਇਤਬਾਰ, ਈਮਾਨ, ਸ਼ਾਹਿਦ, ਹਸ਼ਰ, ਮਕਬੂਲ, ਬਹਿਸ਼ਤ, ਫ਼ਾਰਿਗ, ਫੌਤ, ਯਤੀਮ, ਤਾਵੀਜ਼, ਤਸਬੀ ਆਦਿ।

ਲਹਿੰਦੀ ਸ਼ਬਦਾਵਲੀ :

ਮੁਕਬਲ ਰਚਿਤ ਕਿੱਸੇ ਵਿਚ ਲਹਿੰਦੀ ਬੋਲੀ ਨੇ ਵੀ ਮਿਠਾਸ ਭਰ ਦਿੱਤੀ ਹੈ। ਬਾਕੀ ਲਹਿੰਦੀ ਬੋਲੀ ਸਾਹਿਤ ਵਿਚ ਵਰਤਣ ਦੀ ਪਰੰਪਰਾ ਵੀ ਤਾਂ ਦਮੋਦਰ ਨੇ ਸ਼ੁਰੂ ਕਰ ਦਿੱਤੀ ਸੀ। ਲਹਿੰਦੀ ਦੇ ਸ਼ਬਦ ਇਹ ਹਨ : ਕਾਈ, ਸੂ, ਤੈਂਡਾ, ਹੋਸੀ, ਲੱਧਾ, ਵੱਤ, ਤੁੱਠਾ, ਜਾਸੀ, ਕਰਸਾਂ, ਮਿਲਾਵਸਾਂ, ਘੱਤਿਆ ਆਦਿ। ਇਸ ਤਰ੍ਹਾਂ ਮੁਕਬਲ ਦੇ ਕਿੱਸੇ ਵਿਚ ਇਨ੍ਹਾਂ ਭਾਸ਼ਾਵਾਂ ਤੇ ਬੋਲੀਆਂ ਦਾ ਇਕ ਸੁੰਦਰ ਸੁਮੇਲ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਦਾਰਥਕ ਲੱਛਣ :

ਮੁਕਬਲ ਦੇ ਕਿੱਸੇ ਵਿਚ ਉਸ ਸਮੇਂ ਦੇ ਪਦਾਰਥਕ ਲੱਛਣ ਇਹ ਸਨ—

ਖਾਣ ਪੀਣ :

ਮੁਕਬਲ ਨੇ ਆਪਣੇ ਸਮੇਂ ਦੇ ਲੋਕਾਂ ਦੇ ਖਾਣ ਪੀਣ ਦਾ ਭਰਪੂਰ ਵਰਣਨ ਕੀਤਾ ਹੈ। ਉਸ ਸਮੇਂ ਹਿੰਦੂ ਤੇ ਮੁਸਲਮਾਨ ਦੋ ਮੁੱਖ ਸ਼੍ਰੇਣੀਆਂ ਸਨ। ਇਨ੍ਹਾਂ ਦੇ ਖਾਣ ਪੀਣ ਵਿਚ ਕਾਫ਼ੀ ਅੰਤਰ ਸੀ। ਮੁਸਲਮਾਨ ਮਾਸਾਹਾਰੀ ਤੇ ਹਿੰਦੂ ਸ਼ਾਕਾਹਾਰੀ ਭੋਜਨ ਦਾ ਸੇਵਨ ਕਰਦੇ ਸਨ। ਆਮ ਲੋਕਾਂ ਦੀ ਖ਼ੁਰਾਕ ਵਿਚ ਦੁੱਧ, ਦਹੀਂ, ਘਿਉ, ਮੱਖਣ, ਚਾਵਲ, ਕਣਕ, ਸਤੂ ਆਦਿ ਹੁੰਦੇ ਸਨ। ਜਨਮ, ਮੰਗਣਿਆਂ ਤੇ ਵਿਆਹਾਂ ਉੱਤੇ ਵਿਸ਼ੇਸ਼ ਉਚੇਚ ਕਰਕੇ ਮਠਿਆਈਆਂ ਬਣਾਈਆਂ ਜਾਂਦੀਆਂ ਸਨ। ਮੁਕਬਲ ਦੇ ਕਿੱਸੇ ਵਿਚ ਸ਼ਿਕਾਰ ਕੀਤਾ ਮਾਸ, ਬੱਕਰੇ ਦਾ ਮਾਸ, ਪਾਨ ਆਦਿ ਦਾ ਵੀ ਜ਼ਿਕਰ ਆਉਂਦਾ ਹੈ ਜਿਵੇਂ :

ਕੋਹਣ ਬੱਕਰੇ ਤਾਮ ਪਕਾਉਂਦੇ ਨੀ,
ਮੁਕਬਲਾ ਖਾਵਣੇ ਆਇਆ ਜੱਗ ਸਾਰਾ।[7]

ਜਾਂ

ਚਾਵਲ ਖੰਡ ਤੇ ਘੀਉ ਸਭ ਖਲਕ ਖਾਂਦੀ,
ਰਾਂਝੇ ਚਾਕ ਨੇ ਮੂਲ ਨਾ ਪਾਨ ਚੱਟੀ।
ਵਿਚ ਬੇਲੇ ਦੇ ਮੱਝੀਆਂ ਚਾਰਦੇ ਨੂੰ,
ਆਈ ਭੱਤਾ ਲੈ ਫੇਰ ਨਾ ਹੀਰ ਜੱਟੀ।[8]

ਸ਼ਿਕਾਰ ਖੇਡਣਾ :

ਮੁਕਬਲ ਅਨੁਸਾਰ ਉਸ ਸਮੇਂ ਸ਼ਿਕਾਰ ਖੇਡਣ ਦਾ ਸ਼ੌਕ ਅਮੀਰ ਲੋਕਾਂ ਵਿਚ ਆਮ ਹੁੰਦਾ ਸੀ। ਜਦੋਂ ਖੇੜਿਆਂ ਦੀ ਜੰਞ ਹੀਰ ਨੂੰ ਵਿਆਹ ਕੇ ਜਾ ਰਹੀ ਸੀ ਤਾਂ ਰਾਹ ਵਿਚ ਖੇੜਿਆਂ ਨੇ ਸ਼ਿਕਾਰ ਖੇਡ ਕੇ ਕੁੱਝ ਜਾਨਵਰ ਖਾਧੇ ਤੇ ਸ਼ਰਾਬ ਵੀ ਪੀਤੀ। ਜਿਵੇਂ :

ਮਾਰੇ ਖੇੜਿਆਂ ਹਰਨ ਤੇ ਬਹੁਤ ਪਾੜ੍ਹੇ,
ਹੁਕਮ ਨਾਲ ਕਬਾਬ ਬਣਾਂਵਦੇ ਨੇ।
ਮਜਲਿਸ ਲਾਇ ਉਜਾੜ ਦੇ ਵਿਚ ਬੈਠੇ,
ਖੁਸ਼ੀ ਨਾਲ ਸ਼ਰਾਬ ਮੰਗਾਂਵਦੇ ਨੇ।
ਸਾਰੇ ਖਾਇ ਕਬਾਬ ਮਹਿਦੂਦ ਹੋਏ
ਖ਼ਾਤਰ ਹੀਰ ਦੇ ਭੀ ਰਖਵਾਂਵਦੇ ਨੇ।[9]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਰਾਵਾ :

ਪਹਿਰਾਵਾ ਹਰੇਕ ਸਭਿਆਚਾਰ ਵਿਚ ਆਪਣੀ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਕੱਪੜਿਆਂ ਨਾਲ ਮਨੁੱਖ ਆਪਣੇ ਸਰੀਰ ਦੀ ਰੱਖਿਆ ਵੀ ਕਰਦਾ ਹੈ ਅਤੇ ਸੁੰਦਰ ਵੀ ਲੱਗਦਾ ਹੈ। ਸੋਹਣੇ ਕੱਪੜੇ ਪਾਉਣ ਦੀ ਰੁਚੀ ਮਨੁੱਖ ਦੀ ਆਦਿ ਕਾਲ ਤੋਂ ਹੀ ਹੈ। ਪੰਜਾਬੀ ਸਾਹਿਤ ਵਿਚ ਹਰੇਕ ਕਿੱਸਾਕਾਰ ਨੇ ਬਚਪਨ, ਜਵਾਨੀ, ਵਿਆਹ ਸਮੇਂ ਪਾਏ ਜਾਣ ਵਾਲੇ ਸੁੰਦਰ ਬਸਤਰਾਂ ਅਤੇ ਗਹਿਣਿਆਂ ਦਾ ਜ਼ਿਕਰ ਕੀਤਾ ਹੈ। ਮੁਕਬਲ ਦੇ ਸਮੇਂ ਪਹਿਰਾਵੇ ਵਿਚ ਇਹ ਕੱਪੜੇ ਆਮ ਵਰਤੋਂ ਵਿਚ ਲਿਆਏ ਜਾਂਦੇ ਸਨ ਜਿਵੇਂ ਲੂੰਗੀ, ਚੀਰਾ, ਖੇਸ, ਟੋਪੀ, ਝੱਗਾ, ਸੁੱਥਣ, ਲਾਚੇ, ਰੇਸ਼ਮੀ ਫੁਲਕਾਰੀ ਆਦਿ। ਲੂੰਗੀ ਦੀ ਵਿਸ਼ੇਸ਼ ਮਹੱਤਤਾ ਹੁੰਦੀ ਸੀ ਜੋ ਕਿ ਮਰਦ-ਔਰਤ ਦੋਵੇਂ ਹੀ ਪਹਿਨਦੇ ਸਨ। ਹੀਰ ਦੇ ਕੱਪੜੇ ਵੇਖੋ :

ਲੂੰਗੀ ਰੇਸ਼ਮੀ ਹੀਰ ਨੇ ਤੇੜ ਪਾਈ,
ਗਲ ਚੋਲੜੀ ਬੰਦਾ ਦੇ ਨਾਲ ਸੋਹੇ।
ਸਾਲੂ ਪਹਿਨ ਫੁਲਕਾਰੀਆਂ ਹੋਰ ਕੱਪੜੇ,
ਲਾਲ ਕੰਨੀਆਂ ਹੁਸਨ ਜਮਾਲ ਸੋਹੇ।[10]

ਜਦੋਂ ਰਾਂਝਾ ਪੰਜਾਂ ਪੀਰਾਂ ਨੂੰ ਮਿਲਦਾ ਹੈ ਉਨ੍ਹਾਂ ਨੂੰ ਚੜ੍ਹਾਵੇ ਵਜੋਂ ਆਪਣੀ ਲੂੰਗੀ ਭੇਟ ਕਰਦਾ ਹੈ :

ਲੂੰਗੀ ਲਾਹਿ ਕੇ ਉਪਰੋਂ ਸਿਦਕ ਸੇਤੀ,
ਅੱਗੇ ਜਾਇ ਕੇ ਪੀਰਾਂ ਦੀ ਨਜ਼ਰ ਧਰਦਾ।
ਨੀਤ ਖ਼ੈਰ ਕਹੋ ਮੇਰੇ ਬਾਬ ਪੀਰੋ,
ਨਹੀਂ ਉਜਰ ਜੇ ਲਓਗੇ ਵੇਚ ਬਰਦਾ।[11]

ਸਾੜੀ ਪਾਉਣ ਦਾ ਵੀ ਰਿਵਾਜ ਸੀ ਜਿਵੇਂ :

ਸੱਤ ਲੂੰਗੀਆਂ, ਰੇਸ਼ਮੀ ਘਿੰਨ ਸਾੜ੍ਹੀ,
ਹੋਰ ਨਕਦੀ ਦਾ ਢੇਰ ਤਮਾਮ ਕੀਤਾ।
ਅਗੇ ਧਰਿਓ ਨੇ ਆਣ ਕੇ ਲਾਗੀਆਂ ਦੇ,
'ਮੁਕਬਲਾ' ਬੋਲ ਕੇ ਇਹ ਕਲਾਮ ਕੀਤਾ।[12]

ਹਾਰ ਸ਼ਿੰਗਾਰ ਤੇ ਗਹਿਣੇ :

ਮੁਕਬਲ ਦੇ ਸਮੇਂ ਪੰਜਾਬ ਦੇ ਲੋਕਾਂ ਵਿਚ ਜਨਮ, ਮੰਗਣੇ ਤੇ ਵਿਆਹ ਆਦਿ ਰਸਮਾਂ ਉੱਤੇ ਗਹਿਣੇ ਪਾਉਣ ਦਾ ਰਿਵਾਜ ਸੀ। ਔਰਤਾਂ ਵਧੇਰੇ ਸ਼ੌਕੀਨ ਸਨ। ਸਰੀਰ ਦੇ ਵੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੱਖ ਅੰਗਾਂ ਤੇ ਵੱਖ ਵੱਖ ਗਹਿਣੇ ਸ਼ੋਭਦੇ ਸਨ ਜਿਵੇਂ ਨੱਥ, ਵਾਲੀਆਂ, ਪੰਜੇਬਾਂ, ਚੂੜੀਆਂ, ਛਾਪਾਂ ਛੱਲੇ, ਤ੍ਰਗੇ, ਲੌਂਗਾਂ ਦਾ ਹਾਰ, ਵਾਲੇ, ਕੰਗਣ, ਕੰਠਾ, ਕੜੇ ਅਤੇ ਜੰਜੀਰੀਆਂ ਆਦਿ। ਮੁਕਬਲ ਦੇ ਕਿੱਸੇ ਵਿਚ ਗਹਿਣੀਆਂ ਦੀਆਂ ਮਿਸਾਲਾਂ ਵੇਖੋ :

ਅੱਜ ਨੱਥ ਸੁਹਾਗ ਦੀ ਨੱਕ ਸੋਹੇ,
ਕੰਨੀ ਵਾਲੀਆਂ ਵਹੁਟੀਆਂ ਪਾਈਆਂ ਨੇ।[13]

ਜਾਂ

ਹੱਥ ਹੀਰ ਦੇ ਜਾਇ ਕੇ ਪਾਉ ਛੱਲਾ,
ਰੰਗਾ ਰੰਗ ਦੇ ਗਾਵਣੇ ਗਾਉ ਖਾਂ ਨੀ।[14]

ਜਾਂ

ਨੱਕ ਨੱਥ ਸੋਹੇ ਕੰਨੀ ਵਾਲੀਆਂ ਜੀ,
ਮੋਹਨ ਮਾਲੜੀ ਗਲੇ ਦੇ ਵਿਚ ਪਾਈ।
ਚੌਂਪ ਕਲੀ ਤੇ ਤਖ਼ਤੀਆਂ ਹੋਰ ਮਾਲਾ,
ਹੰਸ ਹਾਰ-ਹਮੇਲ ਸ਼ਿੰਗਾਰ ਲਾਈ।
ਹੱਥ ਕੰਗਣਾ ਤੇ ਬਾਹੀਂ ਲਾਲ ਚੂੜਾ,
ਸੁਰਮੇ ਅੱਖਾਂ ਦੇ ਵਿਚ ਬਹਾਰ ਲਾਈ।[15]

ਜਦੋਂ ਹੀਰ ਖੇੜਿਆਂ ਦੇ ਵਿਆਹੀ ਜਾਂਦੀ ਹੈ ਤਾਂ ਮੁਕਲਾਵੇ ਦੇ ਨਾਲ ਮਿੱਠੀ ਨੈਣ ਹੀਰ ਨਾਲ ਜਾਂਦੀ ਹੈ। ਉਹ ਵੀ ਹੀਰ ਨੂੰ ਖੇੜਿਆਂ ਦੇ ਘਰ ਜਾ ਕੇ ਹਾਰ-ਸ਼ਿੰਗਾਰ ਕਰਨ ਲਈ ਕਹਿੰਦੀ ਹੈ :

ਮਿੱਠੀ ਨੈਣ ਫਿਰ ਆਖਦੀ ਹੀਰ ਤਾਈਂ,
ਉਪਰ ਪਲੰਗ ਦੇ ਜਾਇ ਕੇ ਸੌਂ ਹੀਰੇ।
ਲਾਹਿ ਕੱਪੜੇ ਆਪਣੇ ਰੱਖ ਸਾਰੇ,
ਉਠ ਸੇਜ ਵਿਛਾਇ ਕੇ ਸੌਂ ਹੀਰੇ।
ਮਲ ਵੱਟਣਾ ਹਾਰ ਸ਼ਿੰਗਾਰ ਸਾਰਾ,
ਹੋਰ ਮੁਸ਼ਕ ਲਗਾਇ ਕੇ ਸੌਂ ਹੀਰੇ।[16]

ਕਿੱਤੇ :

ਮੁਕਬਲ ਦੇ ਸਮੇਂ ਆਮ ਤੌਰ ਤੇ ਉਤਪਾਦਨ ਦਾ ਸਾਧਨ ਜ਼ਮੀਨ ਹੀ ਹੁੰਦੀ ਸੀ। ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ ਜਿਸ ਵਿਚ ਮੂਲ ਰੂਪ ਵਿਚ ਜ਼ਮੀਨ ਦੇ ਮਾਲਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਗੀਰਦਾਰ ਹੀ ਹੋਇਆ ਕਰਦੇ ਸਨ। ਥੋੜ੍ਹੀ ਜ਼ਮੀਨ ਦੇ ਮਾਲਕ ਵੀ ਸਨ। ਪਰਿਵਾਰ ਵਿਚ ਵੱਡੇ ਵਡੇਰੇ ਦੀ ਮੌਤ ਨਾਲ ਸਭ ਭਰਾਵਾਂ ਵਿਚ ਜ਼ਮੀਨ ਦੀ ਵੰਡ ਤੋਂ ਲੜਾਈਆਂ ਵੀ ਹੋ ਜਾਇਆ ਕਰਦੀਆਂ ਸਨ। ਵਾਹੀ ਦਾ ਕੰਮ ਔਖਾ ਹੋਣ ਕਰਕੇ ਰਾਂਝਾ ਘਰੋਂ ਭੱਜ ਕੇ ਚੂਚਕ ਦੀਆਂ ਮੱਝਾਂ ਚਾਰਨੀਆਂ ਕਬੂਲ ਕਰ ਲੈਂਦਾ ਹੈ। ਘਰ ਛੱਡਣ ਤੋਂ ਪਹਿਲਾਂ ਰਾਂਝਾ ਭਾਬੀਆਂ ਨੂੰ ਘਰੋਂ ਜਾਣ ਦਾ ਕਾਰਨ ਦੱਸਦਾ ਹੈ :

ਰਾਂਝਾ ਰੋਇ ਕੇ ਆਖਦਾ ਭਾਬੀਆਂ ਨੂੰ,
ਹਲ ਵਾਹੁਣਾ ਵੱਡਾ ਜੰਜਾਲ ਹੈ ਨੀ।
ਸਾਰੀ ਉਮਰ ਮੈਂ ਸੁਖ ਦੇ ਨਾਲ ਕੱਟੀ,
ਮੈਥੋਂ ਮਿਹਨਤੀ ਹੋਣ ਮੁਹਾਲ ਹੈ ਨੀ।
ਮੇਰਾ ਆਖਣਾ ਜੀਉ ਫ਼ਕੀਰ ਹੋਈਏ,
ਦੁਨੀਆ ਜੀਵਣਾ ਖ਼੍ਵਾਬ ਖਿਆਲ ਹੈ ਨੀ।[17]

ਵਾਹੀ ਤੋਂ ਬਿਨਾ ਉਸ ਸਮੇਂ ਲੋਕ ਜਾਗੀਰਦਾਰਾਂ ਦੀਆਂ ਨੌਕਰੀਆਂ ਵੀ ਕਰਦੇ ਸਨ। ਲੁਡੱਣ ਮਲਾਹਗੀਰੀ ਕਰਦਾ ਹੈ। ਵਾਹੀ ਤੋਂ ਤੰਗ ਆ ਕੇ ਲੋਕ ਫ਼ਕੀਰ ਹੋ ਜਾਂਦੇ ਸਨ।

ਮਨੋਰੰਜਨ ਅਤੇ ਦਿਲ ਪਰਚਾਵਾ :

ਮੁਕਬਲ ਅਨੁਸਾਰ ਉਸ ਸਮੇਂ ਦੇ ਲੋਕਾਂ ਵਿਚ ਦਿਲ ਪਰਚਾਵੇ ਦੇ ਸਾਧਨ ਇਹੀ ਸਨ ਕਿ ਉਹੀ ਖੁਸ਼ੀ ਦੇ ਸਮੇਂ ਸ਼ਰਾਬਾਂ ਪੀਂਦੇ ਸਨ, ਮਾਸ ਖਾਂਦੇ ਸਨ ਅਤੇ ਢਾਡੀਆਂ, ਭੰਡਾਂ, ਨਕਲਚੀਆਂ, ਬਾਜੀਗਰਾਂ, ਰਾਸਧਾਰੀਆਂ ਦੇ ਕਮਾਲ ਵੇਖਦੇ ਸਨ। ਕੰਜਰੀਆਂ ਦੇ ਨਾਚ ਵੇਖ ਕੇ ਝੂਮਦੇ ਸਨ ਅਤੇ ਕਵਾਲਾਂ ਤੋਂ ਕਵਾਲੀਆਂ ਸੁਣਨ ਦੇ ਸ਼ੌਕ ਰੱਖਦੇ ਸਨ। ਮਿਸਾਲ ਵਜੋਂ :

ਢਾਡੀ ਗਾਂਵਦੇ ਜਸ ਸੁਣਾਂਵਦੇ ਨੀ,
ਮੱਧ ਪੀਇ ਕੇ ਬਕਰੇ ਚਾਰ ਕੁੱਠੇ।
ਹੋਏ ਮਸਤ ਸ਼ਰਾਬ ਦੇ ਨਾਲ ਖੇੜੇ,
ਲਾਹਿ ਕਪੜੇ ਡੂਮਾਂ ਨੂੰ ਚਾਇ ਸੁੱਟੇ।[18]

ਉਸ ਸਮੇਂ ਔਰਤਾਂ ਵਿਚ ਦਿਲ ਪਰਚਾਵੇ ਦੇ ਇਹ ਸਾਧਨ ਸਨ ਕਿ ਕੁੜੀਆਂ ਤ੍ਰਿੰਞਣਾਂ ਵਿਚ ਗਾਉਂਦੀਆਂ ਸਨ। ਸਾਵਣ ਮਹੀਨੇ ਪੀਂਘਾਂ ਝੂਟਦੀਆਂ ਸਨ। ਵਿਆਹ ਸਮੇਂ ਗਿੱਧਾ, ਨੱਚਣਾ, ਟੱਪਣਾ, ਜਾਂਞੀਆਂ ਨੂੰ ਸਿੱਠਣੀਆਂ ਦੇਣਾ ਆਦਿ ਮਨੋਰੰਜਨ ਦੇ ਸਾਧਨ ਸਨ। ਜਿਵੇਂ :

ਬਾਹਰ ਜਾਇ ਇਕੱਠੀਆਂ ਹੋਇ ਖੜੀਆਂ,
ਘੁੰਗਟ ਖੋਲ੍ਹ ਕੇ ਲੱਗੀਆਂ ਗਾਵਣੇ ਜੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਉ ਨਾਹ ਹੈ ਸਾਹੁਰ ਪੇਕਿਆਂ ਦਾ,
ਹਿੱਕਾਂ ਲੱਗੀਆਂ ਖੋਲ੍ਹ ਵਿਖਾਵਣੇ ਜੀ।
ਮਨਭਾਉਂਦੇ ਗਾਉਂਦੀਆਂ ਗੀਤ ਸਹੀਆਂ,
ਨਾਹੀਂ ਆਉਂਦੇ ਸਭ ਸੁਣਾਵਣੇ ਜੀ।
ਹੱਸ ਖੇਡ ਕੇ ਮੁਕਬਲਾ ਸਭ ਸਹੀਆਂ
ਜੂਹੋਂ ਲੱਗੀਆਂ ਘਰਾਂ ਨੂੰ ਜਾਵਣੇ ਜੀ।[19]

ਮਿਥਿਹਾਸ ਅਤੇ ਧਰਮ :

ਮੁਕਬਲ ਕਿਉਂਕਿ ਇਕ ਮੁਸਲਮਾਨ ਕਵੀ ਸੀ ਜੋ ਕਿ ਇਸਲਾਮੀ ਪਰੰਪਰਾ ਵਿਚ ਪੱਕਾ ਸੀ। ਸੁਭਾਵਕ ਹੀ ਸੀ ਕਿ ਮੁਕਬਲ ਦੇ ਕਿੱਸੇ ਵਿਚ ਵਧੇਰੇ ਇਸਲਾਮੀ ਮਿਥਿ-ਹਾਸਕ ਪਰੰਪਰਾਵਾਂ ਦਾ ਜ਼ਿਕਰ ਹੋਵੇਗਾ। ਪਰ ਫਿਰ ਵੀ ਉਸ ਦੀ ਰਚਨਾ ਵਿਚ ਸੂਫ਼ੀਮਤ, ਜੋਗਮਤ, ਹਿੰਦੂਮਤ ਦਾ ਪ੍ਰਭਾਵ ਵੀ ਦਿਸਦਾ ਹੈ। ਸਿੱਖ ਮਤ ਦੇ ਅੰਸ਼ ਵੀ ਕਿਤੇ ਕਿਤੇ ਮਿਲਦੇ ਹਨ। ਮੁਕਲਲ ਆਪਣੇ ਕਿੱਸੇ ਦਾ ਆਰੰਭ ਹੀ ਮੁਸਲਿਮ ਮਿਤਿਹਾਸ ਨਾਲ ਸ਼ੁਰੂ ਕਰਦਾ ਹੈ :

ਅੱਵਲ ਆਖ ਤੂੰ ਸਿਫ਼ਤ ਖੁਦਾਇ ਦੀ ਜੀ,
ਸਾਹਿਬ ਬੇਪਰਵਾਹ ਬੇਅੰਤ ਮੀਤਾ।
ਚੌਦਾਂ ਤਬਕਾਂ ਦਾ ਹੈ ਬਾਦਸ਼ਾਹ ਹੋਇਆ,
ਹਜ਼ਰਤ ਰੱਬ ਦੇ ਨਾਮ ਦਾ ਵਿਰਦ ਕੀਤਾ।
ਅਜਾਜ਼ੀਲ ਨੇ ਹੁਕਮ ਨਾ ਮੰਨਿਆ ਸੀ,
ਰੱਬ ਓਸ ਨੂੰ ਚਾਇ ਸ਼ੈਤਾਨ ਕੀਤਾ।[20]

ਮੁਕਬਲ ਇਸਲਾਮੀ ਮਿਥ ਅਨੁਸਾਰ ਰਾਂਝੇ ਨੂੰ ਜੋਗੀ ਬਣਦਾ ਦਸਦਾ ਹੈ। ਉਹ ਰਾਂਝੇ ਦੀ ਤੁਲਨਾ ਈਰਾਨ ਦੇ ਇਕ ਮਸ਼ਹੂਰ ਵਲੀ ਸ਼ੇਖ ਸਨ੍ਹਾ, ਨਾਲ ਕਰਦਾ ਹੈ ਜੋ ਇਕ ਭੰਗਣ ਦੇ ਇਸ਼ਕ ਵਿਚ ਸੂਰੀਆਂ ਚਾਰਨ ਲੱਗ ਪਿਆ ਸੀ, ਜਿਵੇਂ :

ਪਹੁਤਾ ਮੰਜ਼ਲੋਂ ਮੰਜ਼ਲੀ ਜਾਇ ਟਿੱਲੇ,
ਜੋਗੀ ਹੋਵਣੇ ਤੇ ਜੀਉ ਹੱਲਿਆ ਹੈ।
'ਮੁਕਬਲ' ਸੂਰੀਆਂ ਚਾਰੀਆਂ ਸ਼ੇਖ ਸਨ੍ਹਾ,
ਜਦੋਂ ਇਸ਼ਕ ਨੇ ਮਾਰ ਉਥੱਲਿਆ ਹੈ।[21]

ਇਸਲਾਮ ਵਿਚ ਨਿਮਾਜ ਦੀ ਵਿਸ਼ੇਸ਼ ਮਹੱਤਤਾ ਹੈ ਜੋ ਕਿ ਪੰਜ ਵੇਲੇ ਕੀਤੀ ਜਾਂਦੀ ਹੈ। ਮੁਕਬਲ ਅਨੁਸਾਰ ਹੀਰ ਨਿਮਾਜ ਪੜ੍ਹਦੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਕੇ ਵਜ਼ੂ ਨਿਮਾਜ਼ ਸ਼ਿਤਾਬ ਪੜ੍ਹਦੀ,
ਫ਼ਾਰਿਗ਼ ਹੋਇ ਕੇ ਬੇਨਤੀ ਬਹੁਤ ਕਰਦੀ ।[22]

ਮੁੱਲਾਂ ਅਤੇ ਕਾਜ਼ੀ ਹਰੇਕ ਮੁਸਲਮਾਨ ਨੂੰ ਸ਼ਰ੍ਹਾ ਵਿਚ ਪਾਬੰਦ ਰਹਿਣ ਲਈ ਸਿਖਿਆ ਦੇਂਦੇ ਸਨ । ਸ਼ਰ੍ਹਾ ਦਾ ਡਰ ਹਰੇਕ ਮੁਸਲਮਾਨ ਦੇ ਮਨ ਵਿਚ ਹੁੰਦਾ ਹੈ । ਹੀਰ ਨੂੰ ਸ਼ਰ੍ਹਾ ਦਾ ਡਰ ਪਾ ਕੇ ਉਸ ਨੂੰ ਰਾਂਝੇ ਤੋਂ ਹੋੜਿਆ ਜਾਂਦਾਂ ਹੈ । ਚੂਚਕ ਆਪਣੀ ਪਤਨੀ ਦੇ ਮਨ ਦਾ ਧਰਵਾਸ ਲਿਆਉਣ ਲਈ ਵੀ ਸ਼ਰ੍ਹਾ ਦੀਆਂ ਗੱਲਾਂ ਕਰਦਾ ਆਖਦਾ ਹੈ :

ਝੂਠੀ ਹੀਰ ਨੂੰ ਸ਼ਰਹਾ ਦੇ ਵਿਚ ਕਰਸਾਂ,
ਚੂਚਕ ਰੰਨ ਦਾ ਜੀਉ ਧਰਾਂਵਦਾ ਹੈ ।
ਘਰੋਂ ਚੱਲਿਆ ਉੱਠ ਕੇ ਨਿਮੋਝਾਣਾ,
ਘਰ ਕਾਜੀ ਦੇ 'ਮੁਕਬਲ' ਜਾਂਵਦਾ ਹੈ ।[23]

ਪੰਜ ਪੀਰ :

ਪੰਜ ਪੀਰਾਂ ਦੀ ਮਿਥਿਹਾਸਕ ਤੇ ਅਰਧ-ਯਥਾਰਥਕ ਕਥਾ ਲੋਕਾਂ ਵਿਚ ਪੰਜਾਂ ਪੀਰਾਂ ਉਪਰ ਵਿਸ਼ਵਾਸ ਦੀ ਧਾਰਣੀ ਹੈ । ਮੁਕਬਲ ਪੰਜ ਪੀਰਾਂ ਦਾ ਜ਼ਿਕਰ ਆਪਣੇ ਕਿੱਸੇ ਵਿਚ ਥਾਂ ਪਰ ਥਾਂ ਕਰਦਾ ਹੈ । ਸਗੋਂ ਇੰਜ ਭਾਸਦਾ ਹੈ ਕਿ ਮੁਕਬਲ ਵੀ ਪੰਜ ਪੀਰਾਂ ਦਾ ਸ਼ਰਧਾਲੂ ਸੀ । ਪੰਜਾਂ ਪੀਰਾਂ ਬਾਰੇ ਹੇਠਲੀਆਂ ਸਤਰਾਂ ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ :

ਪੰਜ ਪੀਰਾਂ ਨੇ ਰਾਂਝੇ ਨੂੰ ਹੀਰ ਬਖਸ਼ੀ,
ਜਾਮੇ ਵਿਚ ਨਾ ਮੂਲ ਸਮਾਂਵਦਾ ਈ ।[24]

ਜਾਂ

ਪੰਜੇ ਪੀਰ ਮੁਰਾਕਬੇ ਜਾਇ ਕੇ ਜੀ,
ਮੰਗਵਾਂਵਦੇ ਅਰਸ਼ ਥੋਂ ਮੱਝ ਬੂਰੀ ।[25]

ਜਾਂ

ਪੰਜਾਂ ਪੀਰਾਂ ਨੂੰ ਰਾਂਝੇ ਨੇ ਯਾਦ ਕੀਤਾ,
ਤੁਰਤ ਅੱਖ ਦੇ ਫੋਰ ਦੇ ਵਿਚ ਆਂਵਦੇ ਨੇ ।[26]

ਜਾਂ

ਪੰਜਾਂ ਪੀਰਾਂ ਨੇ ਦੁਹਾਂ ਨੂੰ ਮੱਤ ਦਿੱਤੀ,
ਅੱਠੋ ਪਹਿਰ ਅਲੱਾਹ ਨੂੰ ਯਾਦ ਕਰਨਾ ।[27]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਬੰਦਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਮੁਕਬਲ ਉੱਤੇ ਪੰਜ ਪੀਰਾਂ ਦਾ ਕਾਫ਼ੀ ਪ੍ਰਭਾਵ ਸੀ ਜੋ ਕਿ ਇਸਲਾਮੀ ਮਿਥਿਹਾਸ ਵਿਚੋਂ ਲਏ ਗਏ ਹਨ।

ਮੁਕਬਲ ਦੇ ਕਿੱਸੇ ਵਿਚ ਕਈ ਥਾਈਂ ਹਿੰਦੂ ਸਭਿਆਚਾਰ ਦਾ ਉਸ ਸਮੇਂ ਦੇ ਮੁਸਲਿਮ ਸਭਿਆਚਾਰ ਉੱਤੇ ਕਾਫ਼ੀ ਪ੍ਰਭਾਵ ਪ੍ਰਤੱਖ ਦਿਸਦਾ ਹੈ। ਬਾਹਮਣਾਂ ਦੀ ਕਾਫ਼ੀ ਇੱਜ਼ਤ ਸੀ। ਖੁਸ਼ੀ ਦੇ ਅਵਸਰਾਂ ਉਤੇ ਬ੍ਰਾਹਮਣਾਂ ਨੂੰ ਸਦਿਆ ਜਾਂਦਾ ਸੀ ਜਿਵੇਂ :

ਰੁੱਕਾ ਲਿਖ ਰੰਝੇਟੇ ਨੇ ਬੰਦ ਕੀਤਾ,
ਹੱਥ ਬਾਹਮਣੇ ਦੇ ਪਕੜਾਂਵਦਾ ਹੈ।
ਇੱਕੀ ਅਸ਼ਰਫੀਆਂ ਤੇ ਸਿਰੋਪਾਉ ਖਾਸਾ,
ਦੇ ਕੇ ਬਾਹਮਣੇ ਨੂੰ ਫਰਮਾਂਵਦਾ ਹੈ।[28]

ਜੋਗ ਮਤ ਦਾ ਪ੍ਰਭਾਵ :

ਮੁਕਬਲ ਅਨੁਸਾਰ ਜਦੋਂ ਰਾਂਝਾ ਬਾਲਨਾਥ ਤੋਂ ਜੋਗ ਲਣ ਜਾਂਦਾ ਹੈ ਤਾਂ ਉਥੇ ਰਾਂਝੇ ਦੀ ਤੁਲਨਾ ਗੋਪੀ ਚੰਦ ਨਾਲ ਕੀਤੀ ਗਈ ਹੈ :

ਹੱਥ ਬੰਨ੍ਹ ਕੇ ਰੂਬਰੂ ਖੜਾ ਹੋਇਆ,
ਗੋਪੀ ਚੰਦ ਜਿਉਂ ਲੋੜਦਾ ਜੋਗ ਕਰਿਆ।[29]

'ਮਹਾਨ ਕੋਸ਼' ਅਨੁਸਾਰ, "ਗੋਪੀ ਚੰਦ ਬੰਗਾਲ ਦੇਸ਼ ਵਿਚ ਰੰਗਪੁਰ (ਰੰਗਵਤੀ) ਦਾ ਰਾਜਾ, ਜੋ ਭਰਥਰੀ ਦੀ ਭੈਣ ਮੇਨਾਵਤੀ ਦਾ ਪੁੱਤਰ ਅਤੇ ਰਾਣੀ ਪਦਮਾਵਤੀ ਦਾ ਪਤੀ ਸੀ। ਇਹ ਵੈਰਾਗ ਦੇ ਕਾਰਣ ਰਾਜ ਤਯਾਗ ਕੇ ਜਲੰਧਰ ਨਾਥ ਜੋਗੀ ਦਾ ਚੇਲਾ ਹੋਇਆ"।[30]

ਜੋਗ ਮਤ ਅਨੁਸਾਰ ਜੋ ਵਿਅਕਤੀ ਜੋਗ ਧਾਰਣ ਕਰ ਲਵੇ ਉਸ ਦੀ ਮੁਕਤੀ ਹੋ ਜਾਂਦੀ ਹੈ। ਜੋਗ ਮਨ ਦੀ ਮੈਲ ਦੂਰ ਕਰਕੇ ਰੱਬ ਤੱਕ ਪਹੁੰਚਣ ਦਾ ਮਾਰਗ ਹੈ।

ਮੁਕਬਲ ਅਨੁਸਾਰ :

ਜੋਗੀ ਹੋਇਆਂ ਨਾਥ ਜੀ ਮੁਕਤ ਹੋਵੇ,
ਜੋਗ ਜੀਉ ਦੀ ਮੈਲ ਗਵਾਂਵਦਾ ਹੈ।
ਜੋਗੀ ਹੋਇਆਂ ਬੁਝਦੀਆਂ ਸਭ ਆਸਾਂ,
ਜੋਗ ਰੱਬ ਨੂੰ ਜਾਇ ਮਿਲਾਂਵਦਾ ਹੈ।[31]

ਮੁਕਬਲ ਜੋਗ ਨੂੰ ਧਾਰਨਾ, ਸੂਰਮਗਤੀ ਲਿਖਦਾ ਹੈ ਕਿਉਂਕਿ :

ਜੋਗ ਕੰਮ ਹੈ ਸੂਰਿਆਂ ਪੂਰਿਆਂ ਦਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨ੍ਹਾਂ ਝਲਣੇ ਬ੍ਰਿਹੋਂ ਦੇ ਸੱਲ ਮੀਆਂ ।[32]

ਮੁਕਬਲ ਦੇ ਸਮੇਂ ਲੋਕ ਇਨ੍ਹਾਂ ਜੋਗੀਆਂ ਨੂੰ ਇੱਜ਼ਤ ਨਾਲ ਵਡਿਆਉਂਦੇ ਸਨ। ਖੈਰ ਪਾ ਕੇ ਇਨ੍ਹਾਂ ਦੇ ਸਰਾਪਾਂ ਤੋਂ ਬਚਣਾ ਪੁੰਨ ਸਮਝਦੇ ਸਨ।

ਸੂਫ਼ੀਮਤ ਦਾ ਪ੍ਰਭਾਵ :

ਹੀਰ ਮੁਕਬਲ ਵਿਚ ਸੂਫ਼ੀ ਵਿਚਾਰਧਾਰਾ ਦਾ ਕਾਫ਼ੀ ਪ੍ਰਭਾਵ ਹੈ ਕਿਉਂਕਿ ਮੁਕਬਲ ਉਪਰ ਇਸਲਾਮ ਦੇ ਨਾਲ ਨਾਲ ਸੂਫ਼ੀਮਤ ਦਾ ਪ੍ਰਭਾਵ ਲਾਜ਼ਮੀ ਸੀ। ਇਕ ਮੁਸਲਮਾਨ ਹੋਣ ਕਰਕੇ ਇਹ ਪ੍ਰਭਾਵ ਇਨ੍ਹਾਂ ਸਤਰਾਂ ਤੋਂ ਭਲੀਭਾਂਤ ਨਜ਼ਰ ਆ ਜਾਂਦਾ ਹੈ। ਮੁਕਬਲ ਸੂਫ਼ੀਮਤ ਅਨੁਸਾਰ ਸੰਸਾਰ ਦੀ ਨਾਸ਼ਮਾਨਤਾ ਬਾਰੇ ਵਰਨਣ ਕਰਦਾ ਹੈ :

ਦੁਨੀਆ ਕੁਲ ਮੁਕਾਨ ਫ਼ਨਾਹ ਦਾ ਜੇ,
ਲੱਖ ਵਰ੍ਹੇ ਜੇ ਜੀਵਣਾ ਅੰਤ ਮਰਨਾ ।[33]

ਮੁਕਬਲ ਕੀਤੇ ਕੰਮ ਬਦਲੇ ਪ੍ਰਾਪਤ ਹੋਣ ਵਾਲੇ ਫਲ ਬਾਰੇ ਲਿਖਦਾ ਹੈ :

ਜੇਹਾ ਬੀਜਿਆ ਮੁਕਬਲਾ ਲੁਣੇ ਸੋਈ,
ਆਪ ਰੱਬ ਸੱਚੇ ਫ਼ਰਮਾਇਆ ਈ ।[34]

ਮੁਕਬਲ ਅਨੁਸਾਰ ਕਿਸਮਤ ਵਿਚ ਵਿਸ਼ਵਾਸ਼ ਰੱਖਣਾ ਚਾਹੀਦਾ ਹੈ :

ਆਖ 'ਮੁਕਬਲਾ' ਲਿਖੇ ਦਰਗਾਹਿ ਦੇ ਨੂੰ,
ਕੌਣ ਜੰਮਿਆ ਆਇ ਮਿਟਾਂਵਦਾ ਹੈ ।[35]

ਮੁਕਬਲ ਦੇ ਕਿੱਸੇ ਵਿਚ ਵਿਆਹ ਦੀਆਂ ਰਸਮਾਂ ਦਾ ਜਿੰਨਾਂ ਜਿਕਰ ਹੋਇਆ ਹੈ ਉਸ ਤੋਂ ਇਹ ਭਾਸਦਾ ਹੈ ਕਿ ਮੁਕਬਲ ਦੀ ਹੀਰ ਨੂੰ ਵਿਆਹ ਸੰਬੰਧੀ ਰਸਮਾਂ-ਰਿਵਾਜਾਂ ਦਾ ਜੋ ਸ਼ਬਦ ਕੋਸ਼ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਮੁਕਬਲ ਦੇ ਕਿੱਸੇ ਵਿਚ ਸਾਹਾ ਸੁਧਾਣਾ, ਲਾਗੀ ਭੇਜ ਕੇ ਜੰਞ ਬੁਲਾਉਣੀ, ਜੰਞ ਦੇ ਘਰ ਪੁੱਜਣ ਤੋਂ ਪਹਿਲਾਂ ਕੁੜੀ ਨੂੰ ਮਾਈਏਂ ਪਾਉਣਾ, ਵੱਟਣਾ ਮੱਲਣਾ, ਮਰਾਸਣਾਂ ਤੇ ਕੁੜੀਆਂ ਚਿੜੀਆਂ ਨੇ ਰਲ ਮਿਲ ਕੇ ਢੋਲ ਨਾਲ ਗੀਤ ਗਾਉਣੇ, ਜੰਞ ਨਾਲ ਤੂਤੀਆਂ ਅਤੇ ਨਚਾਰਾਂ ਆਦਿ ਦਾ ਆਉਣਾ, ਵਿਆਹ ਵਿਚ ਜੰਞ ਨੂੰ ਸਿੱਠਣੀਆਂ ਦੇਣਾ, ਲਾੜੇ ਦੇ ਘਰ ਆਉਣ ਤੇ ਤੇਲ ਚੋਣਾ ਆਦਿ ਸ਼ਗਨ ਤੇ ਰਸਮਾਂ ਰਿਵਾਜ ਆ ਜਾਂਦੇ ਹਨ। ਕੁੱਝ ਰਸਮੋਂ-ਰਿਵਾਜ ਇਸ ਪ੍ਰਕਾਰ ਹਨ :

ਸ਼ਗਨ ਪਾਉਣਾ :

ਜਦੋਂ ਸੈਦਾ ਖੇੜਾ ਜੰਞ ਲੈ ਕੇ ਆਉਂਦਾ ਹੈ ਤਾਂ ਉਸ ਨੂੰ ਹੀਰ ਦੇ ਮਾਪੇ ਸ਼ਗਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਈ ਬੁਲਵਾਉਂਦੇ ਹਨ, ਜਿਵੇਂ :

ਸ਼ਗਨ ਕਰਨ ਦੇ ਵਾਸਤੇ ਸਦ ਨੀਂਗਰ,
ਵਿਚ ਮਜਲਿਸ ਦੇ ਆਣ ਬਹਾਇਓ ਨੇ ।
ਝੋਲੀ ਓਸ ਦੀ ਸ਼ਗਨ ਦੀ ਪਾਇ ਸ਼ੱਕਰ,
ਸੌ ਰੋਕ ਰੁਪਈਅੜਾ ਪਾਇਓ ਨੇ ।[36]

ਤੇਲ ਚੋਣਾ :

ਨੀਂਗਰ ਨੂੰ ਘਰ ਦੀਆਂ ਬਰੂਹਾਂ ਲੰਘਾਉਣ ਤੋਂ ਪਹਿਲਾਂ ਸ਼ਗਨ ਵਜੋਂ ਤੇਲ ਚੋਇਆ ਜਾਂਦਾ ਹੈ, ਜਿਵੇਂ :

ਤੇਲ ਚੋਇ ਵਿਛਾਇ ਵਿਛਾਵਣੇ ਜੀ,
ਲਾਗੀ ਵਿਹੜੇ ਦੇ ਵਿਚ ਆਇ ਬਹਿੰਦੇ ।[37]

ਮਹਿੰਦੀ ਲਾਉਣੀ :

ਅੱਜ ਘੜੀ ਸੁਲੱਖਣੀ ਖੈਰ ਦੀ ਹੈ,
ਸਿਰ ਗੁੰਦ ਕੇ ਮੌਲੜੀ ਪਾਂਵਦੇ ਨੀ ।
ਗਲ ਹਸ ਤੇ ਕੰਨ ਦੇ ਵਿਚ ਬੁੰਦੇ
ਹੱਥ ਮੈਂਹਦੜੀ ਘੋਲਿ ਕੇ ਲਾਂਵਦੇ ਨੀ ।[38]

ਵੱਟਣਾ ਮਲਣਾ :

ਜੋਰਾਵਰੀ ਬਹਾ ਕੇ ਹੀਰ ਤਾਈਂ,
ਮਲ ਵਟਣਾ ਤੇਲ ਚੜਾਇਓ ਨੇ ।[39]

ਪਾਣੀ ਵਾਰਨਾ :

ਪਾਣੀ ਵਾਰ ਕੇ ਛੰਨੇ ਦੇ ਵਿਚ ਪੀਤਾ,
ਸੱਸ ਵੇਖ ਕੇ ਬਹੁਤ ਖੁਸ਼ਹਾਲ ਹੋਈ ।[40]

ਸਿੱਠਣੀਆਂ :

ਦਿਓ ਸਿੱਠਣੀਆਂ ਢੋਲ ਵਜਾਇਕੇ ਨੀ,
'ਮੁਕਬਲਾ' ਇਸ਼ਕ ਦੀ ਗੱਲ ਸੁਣਾਉ ਖਾਂ ਨੀ ।[41]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਦਾ ਜਾਂ ਘੁੰਡ :

ਮੁਕਬਲ ਨੇ ਉਸ ਸਮੇਂ ਦੀਆਂ ਔਰਤਾਂ ਦੀ ਦੱਬੀ ਘੁੱਟੀ ਆਵਾਜ਼ ਨੂੰ ਵੀ ਬੁਲੰਦ ਕੀਤਾ ਹੈ ਜੋ ਪਰਦੇ ਅੰਦਰ ਘੁੱਟੀਆਂ ਪਈਆਂ ਹਨ :

ਬਾਹਰ ਜਾਇ ਇਕੱਠੀਆਂ ਹੋਇ ਖੜੀਆਂ,
ਘੁੰਗਟ ਖੋਲ੍ਹ ਕੇ ਲੱਗੀਆਂ ਗਾਵਣੇ ਜੀ ।
ਭਾਉ ਨਾਂਹੁ ਹੈ ਸਹੁਰੇ ਪੇਕਿਆਂ ਦਾ,
ਹਿੱਕਾਂ ਲੱਗੀਆਂ ਖੋਲ੍ਹ ਵਿਖਾਵਣੇ ਜੀ ।[42]

ਚੂਰੀ ਵੰਡਣੀ :

ਜਦੋਂ ਕੁੜੀ ਨੂੰ ਸਹੁਰੇ ਵਿਆਹ ਕੇ ਲੈ ਜਾਂਦੇ ਹਨ ਤਾਂ ਲੜਕੇ ਵਾਲਿਆਂ ਵਲੋਂ ਚੂਰੀ ਕੁਟ ਕੇ ਵੰਡਣ ਦੀ ਰਸਮ ਕੀਤੀ ਜਾਂਦੀ ਸੀ । ਚੂਰੀ ਕੁਟ ਕੇ ਨਵੀਂ ਵਹੁਟੀ ਨੂੰ ਖੁਆਈ ਜਾਂਦੀ ਹੈ । ਫਿਰ ਬਾਕੀ ਭਾਈਚਾਰੇ ਵਿਚ ਵੰਡ ਕੇ ਦਾਨ ਪੁੰਨ ਵੀ ਕੀਤਾ ਜਾਂਦਾ ਸੀ, ਜਿਵੇਂ :

ਚੂਰੀ ਕੁੱਟ ਤਿਆਰ ਕਰ ਖੇੜਿਆਂ ਨੇ,
ਵੰਡੀ ਵਿਚ ਕਬੀਲੜੇ ਖੇਸ਼ ਤਾਈਂ ।
ਜੋ ਕੋਈ ਬੂਹੇ ਤੇ ਆਇਆ ਨਾ ਗਿਆ ਖਾਲੀ,
ਰਾਜ਼ੀ ਕੀਤਾ ਕੰਗਾਲ ਦਰਵੇਸ਼ ਤਾਈਂ ।[43]

ਲੱਸੀ ਮੁੰਦਰੀ :

ਜਦੋਂ ਵਹੁਟੀ ਸਹੁਰੇ ਘਰ ਪਹੁੰਚ ਜਾਂਦੀ ਸੀ ਤਾਂ ਉਥੋਂ ਦੀਆਂ ਸੁਆਣੀਆਂ ਲੱਸੀ ਮੁੰਦਰੀ ਤੇ ਗਾਨਾ ਖੇਡਣ ਦੀ ਰਸਮ ਕਰਦੀਆਂ ਸਨ, ਜਿਵੇਂ :

ਲੱਸੀ ਮੁੰਦੀ ਖਿਡਾਵਣੀ ਹੀਰ ਤਾਈਂ,
ਨਾਲ ਸੈਦੇ ਦੇ ਹੋਇ ਮਸਰੂਰ ਮੀਆਂ ।[44]

ਦਾਜ :

ਮੁਕਬਲ ਅਨੁਸਾਰ ਉਸ ਸਮੇਂ ਮਾਪੇ ਲੜਕੀਆਂ ਨੂੰ ਦਿਲ ਖੋਲ੍ਹ ਕੇ ਦਾਜ ਦਿਆਂ ਕਰਦੇ ਸਨ । ਦਾਜ ਵਿਚ ਦਿੱਤੇ ਜਾਣ ਵਾਲੇ ਕਪੜੇ ਹੋਰ ਵਸਤਾਂ ਦਾ ਜ਼ਿਕਰ ਆਉਂਦਾ ਹੈ :

ਇੱਕੀ ਝੋਟੀਆਂ ਹੀਰ ਨੂੰ ਦਾਜ ਦਿੱਤਾ,
ਨਕਦ ਜਿਨਸ ਦਾ ਕੁੱਝ ਸ਼ੁਮਾਰ ਨਾਹੀਂ ।[45]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਜ ਤੀਸਰੇ 'ਮੁਕਬਲਾ' ਖੱਟ ਰੱਖੀ,
ਚੂਚਕ ਦਾਜ ਦਿੱਤਾ ਸਾਰਾ ਕਾਰਖਾਨਾ ।

ਪ੍ਰਾਹੁਣਾਚਾਰੀ :

ਪ੍ਰਾਹੁਣਾਚਾਰੀ ਪੰਜਾਬੀਆਂ ਦਾ ਆਦਿ ਕਾਲ ਤੋਂ ਹੀ ਸੁਭਾਅ ਬਣਿਆ ਹੋਇਆ ਹੈ । ਮਹਿਮਾਨ ਨਿਵਾਜ਼ੀ ਇਨ੍ਹਾਂ ਦੀ ਰਗ ਰਗ ਵਿਚ ਸਮਾਈ ਪਈ ਹੈ । ਮੁਕਬਲ ਨੇ ਪ੍ਰਾਹੁਣਾ-ਚਾਰੀ ਸਮੇਂ ਖਾਣ ਪੀਣ ਦੇ ਪਦਾਰਥਾਂ ਵਿਚ ਖੰਡ ਚਾਵਲਾਂ ਦੀ ਬਹੁਤ ਪ੍ਰਸੰਸਾ ਕੀਤੀ ਹੈ, ਇਸ ਤਰ੍ਹਾਂ ਜਾਪਦਾ ਹੈ ਕਿ ਚਾਵਲ ਤੇ ਖੰਡ ਮੁਕਬਲ ਦਾ ਮਨਭਾਉਂਦਾ ਭੋਜਨ ਸੀ । ਮੁਕਬਲ ਅਨੁਸਾਰ ਖੇੜਿਆਂ ਦੀ ਜੰਞ ਨੂੰ ਤਾਂ ਖੰਡ ਚਾਵਲ ਦਿੱਤੇ ਜਾਂਦੇ ਹਨ ਅਤੇ ਕਮੀਆਂ ਕਮੀਣਾ ਨੂੰ ਮਾਸ, ਜਿਵੇਂ :

ਰਾਤ ਪਈ ਤੇ ਸੱਦਿਆ ਜਾਂਞੀਆਂ ਨੂੰ,
ਆਣ ਮਾਂਞੀਆਂ ਤਾਮ ਖਿਲਾਵਣੇ ਨੂੰ ।
ਜਾਂਞੀ ਆਣ ਪਹੁਤੇ ਤਾਮ ਖਾਵਣੇ ਨੂੰ,
ਲਾਗੀ ਆਂਵਦੇ ਸ਼ਗਨ ਮਨਾਵਣੇ ਨੂੰ ।
ਥਾਲ ਪੂਰ ਕੇ ਖੰਡ ਚਾਵਲਾਂ ਦੇ,
ਅੱਗੇ ਰੱਖਦੇ ਉਨ੍ਹਾਂ ਦੇ ਖਾਵਣੇ ਨੂੰ ।[46]

ਵਹਿਮ ਭਰਮ ਤੇ ਜੋਗੀ :

ਮੁਕਬਲ ਅਨੁਸਾਰ ਉਸ ਸਮੇਂ ਦੇ ਲੋਕ ਵਹਿਮਾਂ ਭਰਮਾਂ ਵਿਚ ਵਿਸ਼ਵਾਸ ਰੱਖਦੇ ਸਨ । ਜਾਦੂ ਟੂਣੇ ਆਮ ਕੀਤੇ ਜਾਂਦੇ ਸਨ । ਛੋਟੀ ਜਿਹੀ ਬੀਮਾਰੀ ਉੱਤੇ ਵੀ ਅਗਿਆਨੀ ਲੋਕ ਜਾਦੂ-ਟੂਣਿਆਂ ਉਪਰ ਵਿਸ਼ਵਾਸ ਰੱਖਦੇ ਸਨ । ਸਮੁੱਚੇ ਰੂਪ ਵਿਚ ਲੋਕ ਅੰਧ-ਵਿਸ਼ਵਾਸੀ ਸਨ । ਮੁਕਬਲ ਲਿਖਦਾ ਹੈ :

ਫੇਰ ਆਖਿਆ ਭਾਬੀਆਂ ਰਾਂਝਣਾ ਵੇ,
ਜਾਦੂ ਪਾਇ ਕੇ ਜੀਉ ਚੁਰਾਇਆ ਈ ।
ਸੀਨੇ ਵਿਚ ਤੁਫਾਨ ਤੰਨੂਰ ਤੱਪੇ,
ਕੇਹਾ ਬ੍ਰਿਹੋਂ ਆਲੰਬੜਾ ਲਾਇਆ ਈ ।
ਤੇਰੇ ਬਾਝ ਅਰਾਮ ਨਾ ਮੂਲ ਆਵੇ,
ਕੇਹਾ ਘੋਲ ਤਾਵੀਜ਼ ਪਿਲਾਇਆ ਈ ।[47]

ਜਦੋਂ ਹੀਰ ਨੂੰ ਝੂਠਾ ਸੱਪ ਲੜੇ ਦਾ ਬਹਾਨਾ ਸਹਿਤੀ ਨੇ ਬਣਾਇਆ ਤਾਂ ਜੋਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
(ਰਾਂਝਾ) ਕਿੰਨੇ ਫ਼ਖਰ ਨਾਲ ਆਖਦਾ ਹੈ :

ਮੇਰੇ ਪਾਸ ਬੀਮਾਰ ਨੂੰ ਚੁੱਕ ਲਿਆਓ,
ਮੰਤ੍ਰ ਫੂਕ ਉਠਾਇ ਬਹਾਵਸਾਂ ਮੈਂ ।
ਜੇਕਰ ਸੱਪ ਦਾ ਡੰਗਿਆ ਮੋਇਆ ਹੋਵੇ ।
ਹੁਕਮ ਰੱਬ ਦੇ ਨਾਲ ਜੀਵਾਵਸਾਂ ਮੈਂ ।
ਦਰਦ ਦੁੱਖ ਬੀਮਾਰ ਦਾ ਦੂਰ ਹੋਵੇ,
ਮੁਕਬਲਾ ਘੋਲ ਤਾਵੀਜ਼ ਪਿਲਾਵਸਾਂ ਮੈਂ ।[48]

ਕਾਨੂੰਨ ਅਤੇ ਨਿਆਂ ਪ੍ਰਣਾਲੀ :

ਮੁਕਬਲ ਦਾ ਕਿੱਸਾ ਪੜ੍ਹਨ ਉਪਰੰਤ ਪਤਾ ਲੱਗਦਾ ਹੈ ਕਿ ਉਸ ਸਮੇਂ ਨਿਆ ਪ੍ਰਣਾਲੀ ਜਾਂ ਅਦਾਲਤਾਂ ਵਿਚ ਕਾਜ਼ੀਆਂ ਦੀ ਕਾਫ਼ੀ ਪੁੱਛ ਹੁੰਦੀ ਸੀ । ਰਾਜੇ ਅਤੇ ਸਥਾਨਿਕ ਹਾਕਮ ਇਸਲਾਮੀ ਸ਼ਰ੍ਹਾ ਅਨੁਸਾਰ ਫ਼ੈਸਲੇ ਕਰਿਆ ਕਰਦੇ ਸਨ । ਕਾਜ਼ੀਆਂ ਵਿਚ ਰਿਸ਼ਵਤਖੋਰੀ ਜਿਹੀ ਸਮਾਜਕ ਬੁਰਾਈ ਵੀ ਘਰ ਕਰ ਚੁੱਕੀ ਸੀ । ਪੈਸੇ ਦੇ ਲਾਲਚ ਪਿੱਛੇ ਨਿਆਂ ਤੇ ਕਾਨੂੰਨ ਨੂੰ ਛਿੱਕੇ ਤੇ ਟੰਗ ਦਿੱਤਾ ਜਾਂਦਾ ਸੀ । ਹੀਰ ਦਾ ਵਿਆਹ ਜੋ ਉਸ ਦੀ ਮਰਜ਼ੀ ਦੇ ਉਲਟ ਹੁੰਦਾ ਹੈ । ਕਾਜ਼ੀ ਖੇੜਿਆਂ ਅਤੇ ਹੀਰ ਦੇ ਮਾਪਿਆਂ ਤੋਂ ਪੈਸੇ ਲੈ ਕੇ ਜ਼ਬਰਦਸਤੀ ਕਰ ਦੇਂਦਾ ਹੈ ।

ਮੁਕਬਲ ਅਨੁਸਾਰ :

ਕਾਜੀ ਆਖਦਾ, ਚੂਚਕਾ ਸੁਣੀ ਮੈਥੇ,
ਬਾਝ ਦਗੇ ਨਾ ਹੋਣਾ ਹੈ ਕੰਮ ਤੇਰਾ ।[49]

ਕਾਜ਼ੀ ਹੀਰ ਦੇ ਬਾਪ ਚੂਚਕ ਪਾਸੋਂ ਇਹ ਦਗਾ ਕਰਨ ਲਈ ਦੋ ਝੋਟੀਆਂ ਅਤੇ ਕੁੱਝ ਧਨ ਵੱਢੀ ਲੈਂਦਾ ਹੈ :

ਕਾਜ਼ੀ ਲੋਭ ਤੇ ਬਹੁਤ ਖੁਸ਼ਹਾਲ ਹੋਇਆ,
ਜਾਮੇ ਵਿਚ ਨਾ ਮੂਲ ਸਮਾਂਵਦਾ ਹੈ ।[50]

ਇਹ ਰਿਸ਼ਵਤਖੋਰੀ ਉਸ ਸਮੇਂ ਸਾਰੇ ਸਮਾਜ ਵਿਚ ਪਸਰ ਚੁੱਕੀ ਸੀ । ਹਰ ਖੇਤਰ ਵਿਚ ਇਸ ਦਾ ਬੋਲਬਾਲਾ ਸੀ । ਜਦੋਂ ਰਾਂਝਾ ਤਖ਼ਤ ਹਜ਼ਾਰਾ ਛੱਡ ਕੇ ਹੀਰ ਦੇ ਪਿੰਡ ਨੂੰ ਰਵਾਨਾ ਹੁੰਦਾ ਹੈ ਤਾਂ ਉਹ ਰਾਹ ਵਿਚ ਪੱਤਣ ਪਾਰ ਕਰਨ ਲੱਗਾ ਥਕਾਵਟ ਕਰਕੇ ਪਲ ਦੋ ਪਲ ਅਰਾਮ ਕਰਨਾ ਲੋਚਦਾ ਹੈ ਤੇ ਲੁਡੱਣ ਨੂੰ ਹੀਰ ਦੀ ਸੇਜ ਉੱਤੇ ਲੇਟਣ ਲਈ ਕਹਿੰਦਾ ਹੈ ਪਰ ਲੁਡੱਣ ਅਗੋਂ ਨਾਂਹ ਨੁਕਰ ਕਰਦਾ ਹੈ । ਰਾਂਝਾ ਉਸ ਨੂੰ ਆਪਣੇ ਹੱਥ ਦੀ ਅੰਗੂਠੀ ਰਿਸ਼ਵਤ ਵਜੋਂ ਦੇਂਦਾ ਹੈ ਤਾਂ ਮੁਕਬਲ ਲਿਖਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਂਝੇ ਲੁਡਣ ਨੂੰ ਹੱਥ ਦੀ ਛਾਪ ਦਿਤੀ,
ਕਿਸ ਆਖਣਾ ਹੀਰ ਨੂੰ ਜਾਇ ਮੀਆਂ ।
ਅਸਾਂ ਘੜੀ ਦੀ ਘੜੀ ਅਰਾਮ ਕਰਨਾ,
ਨਹੀਂ ਬੈਠਣਾ ਝੌਂਪੜੀ ਪਾਇ ਮੀਆਂ ।[51]

ਮੁਕਬਲ ਅਨੁਸਾਰ ਮਿੱਠੀ ਨੈਣ ਵੀ ਹੀਰ ਤੇ ਰਾਂਝੇ ਦੇ ਮੇਲ ਕਰਾਉਣ ਲਈ ਵੱਢੀ ਲੈਂਦੀ ਹੈ। ਜਦੋਂ ਧੀਦੋ ਰਾਂਝੇ ਦਾ ਪਿਉ ਮਰ ਜਾਂਦਾ ਹੈ ਅਤੇ ਭਰਾਵਾਂ ਵਿਚ ਜ਼ਮੀਨ ਦੀ ਵੰਡ ਸਮੇਂ ਪੰਚ ਵੀ ਲਾਲਚ ਵਿਚ ਆ ਕੇ ਰਾਂਝੇ ਨੂੰ ਮਾੜੀ ਜ਼ਮੀਨ ਦੇਂਦੇ ਹਨ, ਜਿਵੇਂ :

ਮਿਲਕ ਆਪਣੇ ਬਾਪ ਦੀ ਵੰਡਣੇ ਨੂੰ,
ਪੈਂਚ ਸੱਦ ਕੇ ਭਾਈਆਂ ਕੱਛ ਪਾਈ ।
ਜਿਥੇ ਦੱਭ ਸਰੱਕੜਾ ਮੱਲਿਆ ਸੀ,
ਸੋਈ ਜਿੰਮੀ ਰੰਝੇਟੇ ਦੀ ਵੰਡ ਆਈ ।[52]

ਗੱਲ ਕੀ, ਮੁਕਬਲ ਸਮੇਂ ਸਮਾਜ ਦੇ ਹਰ ਅੰਗ ਵਿਚ ਰਿਸ਼ਵਤਖੋਰੀ ਦਾ ਬੋਲਬਾਲਾ ਸੀ। ਕੀ ਕਾਜ਼ੀ, ਕੀ ਨੌਕਰ, ਕੀ ਲਾਗੀ, ਕੀ ਪੈਂਚ ਆਦਿ ਸਭ ਰਿਸ਼ਵਤਖੋਰੀ ਦੇ ਮਰੀਜ਼ ਹੋ ਚੁੱਕੇ ਸਨ। ਮੁਕਬਲ ਅਨੁਸਾਰ :

ਜ਼ਰ ਚਾਹੇ ਫੌਲਾਦ ਨੂੰ ਨਰਮ ਕਰਦਾ,
ਜ਼ਰ ਬਾਝ ਨਾ ਕੰਮ ਬਣ ਆਂਵਦਾ ਹੈ ।
'ਮੁਕਬਲਾ' ਦੀਨ ਦੁਨੀ ਜ਼ਰ ਲੋੜੀਏ ਜੀ,
ਜ਼ਰ ਬਾਝ ਨਾ ਭੈਣ ਭਰਾਵ ਦਾ ਹੈ ।[53]

ਇਸਤਰੀ ਦੀ ਦਸ਼ਾ :

ਮੁਕਬਲ ਦੇ ਸਮਕਾਲੀ ਸਮਾਜ ਵਿਚ ਇਸਤਰੀ ਜਾਤੀ ਨੂੰ ਨਿੰਦਣ ਅਤੇ ਨੀਵੀਂ ਪੱਧਰ ਦੀ ਸਮਝਣ ਵਾਲੀ ਪਰੰਪਰਾਗਤ ਰੁਚੀ ਪ੍ਰਧਾਨ ਸੀ। ਇਸਤਰੀ ਨੂੰ ਆਜ਼ਾਦੀ ਬਿਲਕੁਲ ਨਹੀਂ ਸੀ। ਜਿਹੜੀ ਲੜਕੀ ਮਨ ਮਰਜ਼ੀ ਕਰਨ ਲੱਗਦੀ ਸੀ, ਨੂੰ ਮਾਰਨ ਤੋਂ ਵੀ ਗੁਰੇਜ਼ ਨਹੀਂ ਸੀ ਕੀਤਾ ਜਾਂਦਾ। ਮਿਸਾਲ ਵਜੋਂ :

ਧੀਆਂ ਹੋਰਨਾ ਦੇ ਸਾਡੇ ਧਾੜ ਜੰਮੀ,
ਨੱਢੀ ਕਿਸੇ ਥੋਂ ਸਹਿਮ ਨਾ ਖਾਂਵਦੀ ਹੈ ।
ਥਾਇ ਮਾਰੀਏ 'ਮੁਕਬਲਾ' ਹੀਰ ਤਾਈਂ,
ਨਾਹੀਂ ਡਾਢੜੀ ਲੀਕ ਲਗਾਂਵਦੀ ਹੈ ।[54]

ਵਿਆਹ ਦੇ ਮਾਮਲੇ ਵਿਚ ਲੜਕੀ ਦੀ ਮਰਜ਼ੀ ਦੀ ਪ੍ਰਵਾਹ ਨਹੀਂ ਸੀ ਕੀਤੀ ਜਾਂਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਕਬਲ ਦੇ ਕਿੱਸੇ ਵਿਚ ਹੀਰ ਰੋਂਦੀ ਕੁਰਲਾਉਂਦੀ ਨੂੰ ਮਾਪੇ ਡੋਲੀ 'ਚ ਪਾ ਖੇੜਿਆਂ ਦੇ ਨਾਲ ਤੋਰ ਦੇਂਦੇ ਹਨ। ਮੁਕਬਲ ਲਿਖਦਾ ਹੈ :

ਜ਼ੋਰਾਵਰੀ ਬਹਾਲ ਕੇ ਹੀਰ ਤਾਈਂ,
ਮਲ ਵੱਟਣਾ ਤੇਲ ਚੜ੍ਹਾਇਓ ਨੇ।
ਜ਼ਾਰੀ ਰੋਂਵਦੀ ਵੱਸ ਨਾ ਚਲਦਾ ਹੈ,
ਅਣਪੁੱਛਿਆ ਸਗਨ ਮਨਾਇਓ ਨੇ।[55]

ਮੁਕਬਲ ਨੇ ਵੀ ਇਸਤਰੀ ਦੀ ਨਿੰਦਾ ਕਰਨ ਤੋਂ ਕੋਈ ਕਸਰ ਨਹੀਂ ਛੱਡੀ। ਮੁਕਬਲ ਰਾਂਝੇ ਦੇ ਮੂੰਹੋਂ ਇਹ ਸ਼ਬਦ ਬੁਲਵਾਉਂਦਾ ਹੈ :

ਰਾਂਝਾ ਆਖਦਾ, ਰੰਨਾਂ ਤੋਂ ਨਫਾ ਨਾਹੀਂ,
ਰੰਨਾਂ ਨਾਲ ਕਿਉਂ ਦੋਸਤੀ ਲਾਈਏ ਜੀ।
ਰੰਨਾਂ ਸੱਚਿਆਂ ਨੂੰ ਚਾ ਕਰਨ ਝੂਠੇ,
ਵਾਰੇ ਰੰਨਾਂ ਦੇ ਮੂਲ ਨਾ ਆਈਏ ਜੀ। [56]

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮੁਕਬਲ ਦਾ ਕਿੱਸਾ ਹੀਰ ਰਾਂਝਾ ਅਠ੍ਹਾਰਵੀਂ ਸਦੀ ਦੇ ਪੰਜਾਬੀ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹੈ। ਕਿੱਸੇ ਵਿਚਲੀ ਭਾਸ਼ਾ ਦੀ ਵੰਨਸੁਵੰਨਤਾ, ਖਾਣ ਪੀਣ, ਹਾਰ ਸ਼ਿੰਗਾਰ ਤੇ ਪਹਿਰਾਵਾ, ਮਨੋਰੰਜਨ ਤੇ ਦਿਲ ਪਰਚਾਵੇ ਦੇ ਸਾਧਨ, ਮਿਥਿਹਾਸ ਹਿੰਦੂ ਮੁਸਲਿਮ ਪਰੰਪਰਾਵਾਂ ਦੇ ਹਵਾਲੇ, ਪੰਜ ਪੀਰ ਤੇ ਜੋਗੀਆਂ ਦੇ ਵਰ ਸਰਾਪ, ਸਮੇਂ ਦੇ ਰਸਮੋਂ ਰਿਵਾਜ, ਦਾਜ ਤੇ ਪ੍ਰਾਹੁਣਾਚਾਰੀ, ਲੋਕਾਂ ਦੇ ਵਹਿਮ ਭਰਮ, ਕਾਨੂੰਨ ਤੇ ਨਿਆਂ ਪ੍ਰਣਾਲੀ ਦੀ ਪਤਲੀ ਹਾਲਤ ਅਤੇ ਇਸਤਰੀ ਦੀ ਮਰਦ ਪ੍ਰਧਾਨ ਸਮਾਜ ਸਾਹਮਣੇ ਦੁਰਦਸ਼ਾ ਆਦਿ ਤੱਤਾਂ ਤੋਂ ਉਸ ਸਮੇਂ ਦੇ ਪੰਜਾਬੀ ਸਭਿਆਚਾਰ ਦੀ ਹੂਬਹੂ ਤਸਵੀਰ ਉਘੜਦੀ ਹੈ।

ਹਵਾਲੇ ਤੇ ਟਿੱਪਣੀਆਂ

1. 'ਹੀਰ ਦਮੋਦਰ', (ਸੰਪ.) ਡਾ. ਪਰਮਿੰਦਰ ਸਿੰਘ, ਪੰਨਾ 222.
2. 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ 98.
3. 'ਹੀਰ ਕਾਵਿ ਪਰੰਪਰਾ ਅਤੇ ਹੀਰ ਮੁਕਬਲ', ਪੰਨਾ 76.
4. 'ਮੁਕਬਲ' (ਮੁੱਢਲੀ ਜਾਣ ਪਛਾਣ)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਦੂਜਾ, ਪੰਨਾ 16.
6. 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨੇ 102-03.
7. 'ਮੁਕਬਲ' (ਸੰਪ.) ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 38.
8. ਉਹੀ ।
9. ਉਹੀ, ਪੰਨਾ 41.
10. ਉਹੀ, ਪੰਨਾ 44.
11. ਉਹੀ, ਪੰਨਾ 6.
12. ਉਹੀ, ਪੰਨਾ 20.
13. ਉਹੀ, ਪੰਨਾ 33.
14. ਉਹੀ ।
15. ਉਹੀ, ਪੰਨਾ 44.
16. ਉਹੀ, ਪੰਨਾ 43.
17. ਉਹੀ, ਪੰਨਾ 3.
18. ਉਹੀ, ਪੰਨਾ 20.
19. ਉਹੀ, ਪੰਨਾ 59.
20. ਉਹੀ, ਪੰਨਾ 1.
21. ਉਹੀ, ਪੰਨਾ 51,
22. ਉਹੀ, ਪੰਨਾ 45.
23. ਉਹੀ, ਪੰਨਾ 30.
24. ਉਹੀ, ਪੰਨਾ 7.
25. ਉਹੀ ।
26. ਉਹੀ ।
27. ਉਹੀ, ਪੰਨਾ 12.
28. ਉਹੀ, ਪੰਨਾ 50.
29. ਉਹੀ, ਪੰਨਾ 51.
30. ਪੰਨਾ 429.
31. 'ਮੁਕਬਲ' (ਸੰਪ.) ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 52.
32. ਉਹੀ ।
3੩. ਉਹੀ, ਪੰਨਾ 12.
34. ਉਹੀ, ਪੰਨਾ 18.
35. ਉਹੀ, ਪੰਨਾ 37.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

36. ਉਹੀ, ਪੰਨਾ 19.
37. ਉਹੀ ।
38. ਉਹੀ, ਪੰਨਾ 21.
39. ਉਹੀ, ਪੰਨਾ 28
40. ਉਹੀ, ਪੰਨਾ 42.
41. ਉਹੀ, ਪੰਨਾ 33.
42. ਉਹੀ, ਪੰਨਾ 59.
43. ਉਹੀ, ਪੰਨਾ 42.
44. ਉਹੀ, ਪੰਨਾ 43.
45. ਉਹੀ, ਪੰਨਾ 39.
46. ਉਹੀ, ਪੰਨਾ 34.
47. ਉਹੀ, ਪੰਨਾ 3.
48. ਉਹੀ, ਪੰਨਾ 65.
49. ਉਹੀ, ਪੰਨਾ 36.
50. ਉਹੀ ।
51. ਉਹੀ, ਪੰਨਾ 9.
52. ਉਹੀ, ਪੰਨਾ 2.
53. ਉਹੀ ਪੰਨਾ 36.
54. ਉਹੀ, ਪੰਨਾ 30.
55. ਉਹੀ, ਪੰਨਾ 28.
56. ਉਹੀ, ਪੰਨਾ 13.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀਰ 'ਦਮੋਦਰ' ਅਤੇ ਹੀਰ 'ਮੁਕਬਲ' ਦਾ ਤੁਲਨਾਤਮਕ ਸਭਿਆਚਾਰਕ ਅਧਿਐਨ

ਹੁਣ ਤਕ ਹੀਰ ਦਮੋਦਰ ਅਤੇ ਹੀਰ ਮੁਕਬਲ ਵਿਚੋਂ ਪ੍ਰਤੀਬਿੰਬਤ ਪੰਜਾਬੀ ਸਭਿਆ-ਚਾਰ ਦਾ ਅਧਿਐਨ ਕੀਤਾ ਜਾ ਚੁੱਕਾ ਹੈ। ਹੁਣ ਦੋਹਾਂ ਕਿੱਸਾਕਾਰਾਂ ਦਿਆਂ ਕਿੱਸਿਆਂ ਵਿਚੋਂ ਸਭਿਆਚਾਰ ਦਾ ਤੁਲਨਾਤਮਕ ਅਧਿਐਨ ਕਰਨਾ ਇਸ ਖੋਜ ਨਿਬੰਧ ਦਾ ਮੁੱਖ ਮਨੋਰਥ ਹੈ। ਜਦੋਂ ਸਾਹਿਤ ਵਿਚ ਇਕੋ ਕਹਾਣੀ ਨੂੰ ਦੋ ਕਵੀਆਂ (ਸਾਹਿਤਕਾਰਾਂ) ਨੇ ਰਚਿਆ ਹੋਵੇ ਤੇ ਫਿਰ ਉਨ੍ਹਾਂ ਦੀ ਤੁਲਨਾ ਕਰਨੀ ਹੋਵੇ ਤਾਂ ਸਾਨੂੰ ਦੋਹਾਂ ਦਾ ਮਾਨਸਿਕ ਪਿਛੋਕੜ, ਨਿੱਜੀ ਅਨੁਭਵ ਅਤੇ ਦ੍ਰਿਸ਼ਟੀਕੋਣ ਨੂੰ ਦ੍ਰਿਸ਼ਗੋਚਰ ਕਰਨਾ ਪਵੇਗਾ। ਹਰੇਕ ਸਾਹਿਤਕਾਰ ਆਪਣੀ ਰਚਨਾ ਕਰਨ ਸਮੇਂ ਆਪਣੇ ਵਿਸ਼ੇਸ਼ ਤੇ ਨਵੇਕਲੇ ਤਜ਼ਰਬੇ ਕਰਕੇ ਆਪਣੀ ਸੂਝ ਤੇ ਸੋਝੀ ਦੀ ਵਿਸ਼ੇਸ਼ਤਾ ਕਰਕੇ ਇਕੋ ਗੱਲ ਕਹਿਣ ਲੱਗਿਆਂ ਦੂਜੇ ਸਾਹਿਤਕਾਰ ਨਾਲੋਂ ਫਰਕ ਪਾ ਜਾਵੇਗਾ। ਇਹੀ ਵੱਖਰਤਾ ਉਸ ਦੇ ਵਿਅਕਤਿਤਵ ਦੀ ਛਾਪ, ਉਸ ਦੀ ਦ੍ਰਿਸ਼ਟੀ ਅਤੇ ਸ਼ੈਲੀ ਦੀ ਵਿਸ਼ੇਸ਼ਤਾ ਹੋਵੇਗੀ। ਇਸ ਲਈ ਇਨ੍ਹਾਂ ਵਿਚਾਰਾਂ ਦੀ ਰੌਸ਼ਨੀ ਵਿਚ ਦਮੋਦਰ ਅਤੇ ਮੁਕਬਲ ਰਚਿਤ ਕ੍ਰਿੱਸਾ ਹੀਰ ਰਾਂਝਾ ਦੀ ਸਭਿਆਚਾਰਕ ਤੁਲਨਾ ਕਰਨ ਸਮੇਂ ਸਾਨੂੰ ਕੁਝ ਨੁਕਤੇ ਧਿਆਨ ਵਿਚ ਰੱਖਣੇ ਪੈਣਗੇ। ਇਹ ਦੋਨੋਂ ਕਵੀ ਇਤਿਹਾਸਕ ਤੌਰ ਤੇ ਕਰਮਵਾਰ ਸੋਲ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੇ ਕਿੱਸਾਕਾਰ ਹੋਏ ਹਨ। ਦੂਜੀ ਗੱਲ ਦਮੋਦਰ ਹਿੰਦੂ ਕਿੱਸਾਕਾਰ ਹੈ ਅਤੇ ਮੁਕਬਲ ਮੁਸਲਮਾਨ। ਦੋਵੇਂ ਵੱਖ ਵੱਖ ਸੰਸਕਾਰਾਂ ਵਿਚੋਂ ਪੈਦਾ ਹੋਏ ਹਨ। ਦੋਹਾਂ ਵਿਚ ਸਮੇਂ ਸਥਾਨ ਤੇ ਵੱਖ ਵੱਖ ਧਰਮ ਨਾਲ ਸੰਬੰਧਿਤ ਹੋਣ ਕਰਕੇ ਤੁਲਨਾਤਮਕ ਅਧਿਐਨ ਲਈ ਕੁੱਝ ਸਾਮਗ੍ਰੀ ਜ਼ਰੂਰ ਮਿਲਦੀ ਹੈ। ਇਸ ਲਈ ਉਪਰੋਕਤ ਫ਼ਰਕਾਂ ਨੂੰ ਸਮਝਦਿਆਂ ਹੋਇਆਂ ਹੇਠ ਲਿਖੇ ਨੁਕਤਿਆਂ ਦੇ ਆਧਾਰ ਉੱਤੇ ਤੁਲਨਾ ਕਰਨ ਦੀ ਕੋਸ਼ਿਸ਼ ਕਰਨੀ ਹੈ।

1. ਕਹਾਣੀ ਦੇ ਆਧਾਰ ਉੱਤੇ
2. ਪਾਤਰ ਉਸਾਰੀ ਦੇ ਆਧਾਰ ਉੱਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਵਿਚਾਰਧਾਰਾਈ ਜੀਵਨ ਫ਼ਿਲਾਸਫ਼ੀ ਦੇ ਆਧਾਰ ਉੱਤੇ

4. ਸਮਾਜਕ ਯਥਾਰਥ ਚਿਤ੍ਰਣ ਦੇ ਆਧਾਰ ਉੱਤੇ

ਦਮੋਦਰ ਅਨੁਸਾਰ ਹੀਰ ਦੀ ਕਹਾਣੀ :

ਦਮੋਦਰ ਦੇ ਕਿੱਸੇ ਵਿਚ ਚੂਚਕ ਸਿਆਲ ਜਾਤੀ ਦਾ ਸਿਰ ਕੱਢ ਸਰਦਾਰ ਜੋ ਝੰਗ ਦਾ ਵਸਨੀਕ ਸੀ। ਉਸ ਦੇ ਚਾਰ ਪੁੱਤਰ ਅਤੇ ਇਕ ਧੀ (ਹੀਰ) ਸੀ। ਹੀਰ ਬਚਪਨ ਵਿਚ ਹੀ ਐਨੀ ਸੁੰਦਰ ਸੀ ਕਿ ਉਸ ਦੀ ਸੁੰਦਰਤਾ ਦੀਆਂ ਧੁੰਮਾਂ ਦੂਰ ਦੂਰ ਤਕ ਪੈਣੀਆਂ ਸ਼ੁਰੂ ਹੋ ਗਈਆਂ। ਹੀਰ ਮਰਦਾਂ ਵਾਂਗ ਬੜੀ ਬਹਾਦਰ ਸੀ ਉਹ ਤਾਂ ਨੂਰੇ ਸੰਬਲ ਨਾਲ ਲੜਾਈ ਵੀ ਕਰਦੀ ਹੈ ਤੇ ਮਾਰ ਮੁਕਾਉਂਦੀ ਹੈ ਕਿਉਂਕਿ ਉਸ ਸਮੇਂ ਕਬੀਲਿਆਂ ਵਾਲਾ ਜੀਵਨ ਸੀ ਅਤੇ ਕਬੀਲੇ ਆਪਸ ਵਿਚ ਅਕਸਰ ਲੜ ਵੀ ਪੈਂਦੇ ਸਨ। ਦਮੋਦਰ ਨੇ ਇਥੇ ਹੀਰ ਨੂੰ ਰਾਜਪੂਤ ਰਾਣੀ ਪਦਮਾਵਤੀ ਤੇ ਚੰਡੀ ਦੇਵੀ ਵਰਗੀ ਬਹਾਦਰ ਦਰਸਾਇਆ ਹੈ।

ਦੂਜੇ ਪਾਸੇ ਦਮੋਦਰ, ਤਖ਼ਤ ਹਜ਼ਾਰੇ ਦੇ ਮੌਜਮ ਚੌਧਰੀ (ਧੀਦੋ ਦਾ ਪਿਓ) ਦੀਆਂ ਸਿਫ਼ਤਾਂ ਵੀ ਕਰਦਾ ਹੈ। ਉਹ ਵੀ ਚੰਗਾ ਸਰਦਾ ਪੁੱਜਦਾ ਘਰ ਹੈ। ਧੀਦੋ ਬਹੁਤ ਹੀ ਸੁੰਦਰ ਸੀ। ਭਰਾਵਾਂ ਦੀ ਈਰਖਾ ਕਰਕੇ ਮੌਜਮ ਚੌਧਰੀ ਨੇ ਧੀਦੋ ਦੀ ਮੰਗਣੀ ਖਾਨ ਯਕੂਬ ਦੀ ਲੜਕੀ ਨਾਲ ਕਰ ਦਿਤੀ ਪਰ ਆਪ ਖੁਸ਼ੀਆਂ ਦਾ ਦਿਨ ਵੇਖੇ ਬਗ਼ੈਰ ਹੀ ਫੌਤ ਹੋ ਗਿਆ। ਧੀਦੋ ਰਾਂਝਾ ਭਰਾਵਾਂ ਦੀ ਈਰਖਾ ਕਰਕੇ ਘਰੋਂ ਭੱਜ ਕੇ ਹੀਰ ਦੀ ਬੇੜੀ ਦੇ ਮਲਾਹ ਲੁੱਢਣ ਪਾਸ ਜਾ ਪਹੁੰਚਦਾ ਹੈ। ਹੀਰ ਨਾਲ ਉਥੇ ਪਹਿਲੀ ਤੱਕਣੀ ਤੇ ਹੀ ਪਿਆਰ ਪੈ ਗਿਆ ਅਤੇ ਹੀਰ ਨੇ ਉਸ ਨੂੰ ਚਾਕ ਬਣਾ ਕੇ ਪਿਤਾ ਦੀ ਸਿਫਾਰਸ਼ ਨਾਲ ਆਪਣੀਆਂ ਮੱਝੀਆਂ ਦਾ ਛੇੜੂ ਬਣਾ ਲਿਆ। ਮੱਝੀਆਂ ਦਾ ਛੇੜੂ ਤਾਂ ਜੱਗ ਵਿਖਾਵਾ ਸੀ, ਅਸਲੀ ਤਾਂ ਉਸਨੂੰ ਆਪਣੇ ਦਿਲ ਦਾ ਰਾਜਾ ਬਣਾ ਚੁੱਕੀ ਸੀ। "ਇਸ਼ਕ ਛੁਪਾਇਆਂ ਛੁਪਦਾ ਨਹੀਂ" ਆਖਰ ਸਾਰੀ ਕਹਾਣੀ ਹੀਰ ਦਾ ਤਾਇਆ ਕੈਦੋ ਚੂਚਕ ਸੁਣਾ ਦੇਂਦਾ ਹੈ। ਸਿੱਟੇ ਵਜੋਂ ਹੀਰ ਦਾ ਨਿਕਾਹ ਕਰਕੇ ਰੰਗਪੁਰ ਦੇ ਖੇੜਿਆਂ ਦੇ ਸਹਿਬੇ ਨਾਲ ਪਰਨਾ ਦਿੱਤੀ ਜਾਂਦੀ ਹੈ। ਰਾਂਝਾ ਪਹਿਲਾਂ ਤਾਂ ਹੀਰ ਦੀ ਡੋਲੀ ਨਾਲ ਜਾਂਦਾ ਹੈ ਪਰ ਖੇੜਿਆਂ ਤੋਂ ਡਰਦਾ ਆਪਣੇ ਪਿੰਡ ਤਖ਼ਤ ਹਜ਼ਾਰੇ ਵਾਪਸ ਆ ਜਾਂਦਾ ਹੈ।

ਉਧਰ ਹੀਰ ਦੀ ਨਨਾਣ ਦਾ ਇਸ਼ਕ ਰਾਮੂ ਬ੍ਰਾਹਮਣ ਨਾਲ ਹੋ ਜਾਂਦਾ ਹੈ। ਉਹ ਆਪਣੇ ਮਤਲਬ-ਸਿੱਧੀ ਲਈ ਪ੍ਰੇਮੀ ਜੋੜੇ (ਹੀਰ ਰਾਂਝਾ) ਨੂੰ ਮਿਲਾਉਣਾ ਚਾਹੁੰਦੀ ਹੈ। ਰਾਮੂ ਬ੍ਰਾਹਮਣ ਤਖਤ ਹਜ਼ਾਰੇ ਭੇਜਿਆ ਗਿਆ ਤੇ ਰਾਂਝਾ ਫਿਰ ਸਿੱਧ ਬਗਾਈ ਤੋਂ ਜੋਗੀ ਬਣ ਕੇ ਰੰਗਪੁਰ ਖੇੜਿਆਂ ਦੇ ਪਿੰਡ ਦੇ ਬਾਹਰਵਾਰ ਧੂਣੀ ਧੁਖਾ ਕੇ ਬਹਿ ਜਾਂਦਾ ਹੈ। ਸਹਿਤੀ ਹੀਰ ਨੂੰ ਝੂਠੀ ਮੂਠੀ ਦਾ ਸੱਪ ਲੜਾ ਕੇ, ਬਹਾਨੇ ਨਾਲ ਘਰ ਵਿਚ ਜੋਗੀ ਨੂੰ ਬੁਲਾ ਲੈਂਦੀ ਹੈ। ਚਲੀਹਾ ਕੱਟਣ ਦੇ ਬਹਾਨੇ ਜੋਗੀ (ਰਾਂਝਾ) ਚਾਲੀ ਦਿਨਾਂ ਬਾਅਦ ਹੀਰ ਨੂੰ ਕੱਢ ਕੇ ਦੌੜ ਜਾਂਦਾ ਹੈ। ਖੇੜਿਆਂ ਦੀ ਇੱਜ਼ਤ ਮਿੱਟੀ 'ਚ ਮਿਲ ਗਈ ਇਸ ਲਈ ਉਹ ਗੁੱਸੇ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਰੇ ਹੀਰ ਰਾਂਝੇ ਦੇ ਮਗਰ ਵਾਹਰਾਂ ਲੈ ਕੇ ਪੈ ਗਏ। ਹੀਰ ਰਾਂਝੇ ਨੇ ਨਾਹੜਾਂ ਸਰਦਾਰਾਂ ਦੀ ਸ਼ਰਣ ਲੈ ਲਈ। ਖੇੜਿਆਂ ਅਤੇ ਨਾਹੜਾਂ ਵਿਚ ਜਮ ਕੇ ਲੜਾਈ ਹੋਣ ਲੱਗੀ ਤਾਂ ਰਜੋਏ ਦੇ ਸੱਯਦਾਂ ਨੇ ਵਿਚ ਪੈ ਕੇ ਮਾਮਲਾ ਕੋਟਕਬੂਲੇ ਦੇ ਅਦਲੀ ਰਾਜੇ ਦੇ ਪਾਸ ਪਹੁੰਚਾ ਦਿੱਤਾ।

ਕੋਟਕਬੂਲੇ ਦੇ ਕਾਜ਼ੀ ਨੇ ਇਸਲਾਮੀ ਸ਼ਰ੍ਹਾ ਅਨੁਸਾਰ ਆਪਣਾ ਫ਼ੈਸਲਾ ਦੇਂਦਿਆਂ ਹੀਰ ਵਾਪਸ ਖੇੜਿਆਂ ਨੂੰ ਦੇ ਦਿੱਤੀ। ਵਿਚਾਰੇ ਰਾਂਝੇ ਨੂੰ ਸਜ਼ਾ ਵਜੋਂ ਕੋੜੇ ਵੀ ਖਾਣੇ ਪਏ। ਇਥੋਂ ਖੇੜੇ ਹੀਰ ਨੂੰ ਲੈ ਕੇ ਰੰਗਪੁਰ ਰਵਾਨਾ ਹੋ ਗਏ ਤਾਂ ਅਚਾਨਕ ਹੀ ਕੋਟਕਬੂਲੇ ਨੂੰ ਅੱਗ ਦੀਆਂ ਲਾਟਾਂ ਨੇ ਘੇਰ ਲਿਆ। ਲੋਕਾਂ ਨੇ ਇਹ ਕੌਤਕ ਜੋਗੀ (ਰਾਂਝੇ) ਦਾ ਹੀ ਸਮਝ ਕੇ ਅਦਲੀ ਰਾਜੇ ਦੇ ਦਰਬਾਰ ਵਿਚ ਰੌਲਾ ਰੱਪਾ ਪਾਇਆ ਅਤੇ ਹੀਰ ਜੋਗੀ ਨੂੰ ਵਾਪਸ ਦਿਵਾ ਕੇ ਇਨਸਾਫ਼ ਕਰਵਾਇਆ। ਦਮੋਦਰ ਅਨੁਸਾਰ ਅੰਤ ਵਿਚ ਹੀਰ ਤੇ ਰਾਂਝਾ ਇਕੱਠੇ ਹੋ ਕੇ, ਪੰਜ ਪੀਰਾਂ ਦੀ ਅਸੀਸ ਲੈ ਕੇ ਕਿਸੇ ਪਾਸੇ ਨੂੰ ਚਲੇ ਗਏ ਅਤੇ ਫਿਰ ਨਜ਼ਰ ਨਹੀਂ ਆਏ। ਅੰਤ ਸੁਖਾਂਤ ਵਿਚ ਹੋਇਆ :

ਪੰਜ ਅਸਵਾਰ, ਜੋੜੇ ਸਭ ਕਾਲੇ, ਚੜ੍ਹ ਅਗੈਂਬ੍ਹੁ ਆਏ।
ਹੱਥ ਫਿਰੇਂਦੇ ਸਿਰ ਦੋਹਾਂ ਦੇ, ਸਿਰ ਚੁੰਮਣ ਤੇ ਸਧਰਾਏ।
ਇੱਕੇ ਬਾਝਹੁ ਤੂੰ ਸੁਣ ਹੀਰੇ! ਰੋਸ਼ਨ ਹੋਂਦੇ ਨਾਹੇ।
ਆਖ ਦਮੋਦਰ ਛਪੇ ਕਿਥਾਈਂ, ਗਏ ਸੁ ਫੇਰ ਨਾ ਆਏ।[1]

ਮੁਕਬਲ ਅਨੁਸਾਰ ਹੀਰ ਦੀ ਕਹਾਣੀ :

ਮੁਕਬਲ ਅਨੁਸਾਰ ਹੁਣ ਦਮੋਦਰ ਰਚਿਤ ਕਿੱਸੇ ਵਾਲੀ ਹੀਰ ਪਦਮਾਵਤੀ ਚੰਡੀ ਦੇਵੀ ਦੇ ਸਰੂਪ ਵਾਲੀ ਬਹਾਦਰ ਔਰਤ ਨਹੀਂ ਹੈ ਕਿਉਂਕਿ ਮੁਕਬਲ ਅਨੁਸਾਰ ਝੰਗ ਸਿਆਲਾਂ ਦੇ ਜੀਵਨ ਵਿਚ ਖੁਲ੍ਹਾ ਖੁਲਾਸਾ ਸੁਭਾਅ ਹੁਣ ਨਹੀਂ ਰਿਹਾ ਜਿਹੜਾ ਦਮੋਦਰ ਦੇ ਸਮੇਂ ਸੀ। ਦਮੋਦਰ ਦੇ ਕਿੱਸੇ ਵਿਚ ਸਿਆਲ ਜਾਤੀ ਕਬਾਇਲੀ ਕਿਸਮ ਦੀ ਸੀ ਜੋ ਕਿ ਪਸ਼ੂ ਚਾਰ ਕੇ ਆਪਣਾ ਗੁਜ਼ਾਰਾ ਕਰਦੀ ਸੀ ਤੇ ਖਾਣ ਜੋਗੀ ਖੇਤੀਬਾੜੀ ਕਰ ਲੈਂਦੇ ਸਨ। ਪਰ ਮੁਕਬਲ ਦੀ ਰਚਨਾ ਵਿਚ ਇੰਜ ਜਾਪਦਾ ਹੈ ਕਿ ਇਹ ਲੋਕ ਸਥਾਪਿਤ ਹੋਈ ਕਿਰਸਾਣੀ ਜ਼ਿੰਦਗੀ ਦੇ ਮੈਂਬਰ ਭਾਸਦੇ ਹਨ।

ਮੁਕਬਲ ਅਨੁਸਾਰ ਹੀਰ ਦੀ ਕਹਾਣੀ ਲਗਪਗ ਦਮੋਦਰ ਵਾਲੀ ਹੀ ਕਹਾਣੀ ਹੈ, ਥੋੜ੍ਹਾ ਬਹੁਤਾ ਨਾਵਾਂ ਥਾਵਾਂ ਦਾ ਫਰਕ ਹੈ। ਮੁਕਬਲ ਆਪਣੇ ਕਿੱਸੇ ਵਿਚ ਪਹਿਲਾਂ ਧੀਦੋ ਰਾਂਝੇ ਦਾ ਜ਼ਿਕਰ ਕਰਦਾ ਹੈ ਕਿ ਮੌਜੂ ਚੌਧਰੀ ਦੀ ਮੌਤ ਪਿਛੋਂ ਧੀਦੋ ਨੂੰ ਘਰ ਦੀ ਜ਼ਮੀਨ ਵੰਡ ਕੇ ਦਿਤੀ ਗਈ। ਪਰ ਰਾਂਝਾ ਸਖਤ ਮਿਹਨਤ ਕਰਨ ਤੋਂ ਡਰਦਾ ਹੋਇਆ ਲੱਖ ਭ਼ਰਜਾਈਆਂ ਦੇ ਸਮਝਾਉਣ ਤੇ ਵੀ ਨਹੀਂ ਰੁਕਿਆ ਅਤੇ ਘਰੋਂ ਦੌੜ ਗਿਆ। ਰਾਂਝੇ ਧੀਦੋ ਰਾਤ ਰਾਹ 'ਚ ਕੱਟ ਕੇ ਲੁੱਡਣ ਨੂੰ ਦਰਿਆ ਪਾਰ ਕਰਨ ਲਈ ਮਿੰਨਤ ਕੀਤੀ। ਜਦੋਂ ਬੇੜੀ ਵਿਚ ਉਹ ਚੜ੍ਹਿਆ ਹੀ ਸੀ ਤਾਂ ਹੀਰ ਦਾ ਪਲੰਘ ਵਿਛਿਆ ਵੇਖ ਆਪਣਾ ਮਨ ਉਥੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੀ ਵਿਛਾ ਬੈਠਾ ਤੇ ਆਰਾਮ ਕਰਨਾ ਚਾਹਿਆ। ਉਧਰੋਂ ਹੀਰ ਆਪਣੀਆਂ ਸਹੇਲੀਆਂ ਸਮੇਤ ਉਥੇ ਆ ਕੇ ਧਮਕੀ ਪਰ ਜਲਦੀ ਹੀ ਉਸ ਦੀ ਗਰਮ ਜੋਸ਼ੀ ਪਿਆਰ ਭਰੀ ਤੱਕਣੀ ਅਗੇ ਬਰਫ਼ ਬਣ ਕੇ ਰਹਿ ਗਈ ਅਤੇ ਰਾਂਝਾ-ਹੀਰ ਇਕਮਿਕ ਹੋ ਗਏ।

ਦਮੋਦਰ ਆਪਣੀ ਕਹਾਣੀ ਦਾ ਆਰੰਭ ਸਿਆਲਾਂ ਤੋਂ ਕਰਦਾ ਹੈ। ਦਮੋਦਰ ਅਨੁਸਾਰ ਰਾਂਝਾ ਘਰੋਂ ਭਰਾਵਾਂ ਨਾਲ ਨਰਾਜ਼ਗੀ ਕਰਕੇ ਦੌੜਦਾ ਹੈ ਪਰ ਮੁਕਬਲ ਤਾਂ ਰਾਂਝੇ ਨੂੰ ਸੁਪਨੇ ਵਿਚ ਹੀਰ ਦੇ ਦਰਸ਼ਨ ਕਰਵਾਉਂਦਾ ਹੈ। ਦਮੋਦਰ ਦਾ ਰਾਂਝਾ ਘਰੋਂ ਰੁੱਸ ਕੇ ਮਸੀਤ ਵਿਚ ਰਾਤ ਰਹਿੰਦਾ ਹੈ ਜਿਥੇ ਝੀਉਰੀ ਤੇ ਉਸ ਦੀ ਕੁੜੀ ਦੋਹੇਂ ਹੀ ਉਸ ਤੇ ਮੋਹਤ ਹੋ ਜਾਂਦੀਆਂ ਹਨ ਪਰ ਮੁਕਬਲ ਅਜਿਹਾ ਦ੍ਰਿਸ਼ ਨਹੀਂ ਵਿਖਾਉਂਦਾ। ਦਮੋਦਰ ਅਨੁਸਾਰ ਹੀਰ ਦੀ ਲੜਾਈ ਨੂਰੇ ਸੰਬਲ ਵਾਲੀ ਘਟਨਾ ਵੀ ਮੁਕਬਲ ਦੇ ਕਿੱਸੇ ਵਿਚ ਨਹੀਂ ਹੈ।

ਹੀਰ ਤੇ ਰਾਂਝੇ ਦੇ ਪ੍ਰੇਮ ਚੱਕਰ ਦਾ ਪਤਾ ਮੁਕਬਲ ਅਨੁਸਾਰ ਵੀ ਕੈਦੋਂ ਰਾਹੀਂ ਚੂਚਕ ਨੂੰ ਲੱਗਦਾ ਹੈ। ਹੀਰ ਰਾਂਝੇ ਦੇ ਪ੍ਰੇਮ ਚਰਚੇ ਹਰ ਜ਼ਬਾਨ ਤੇ ਹੋ ਰਹੇ ਹਨ। ਹੀਰ ਆਪਣੇ ਤਾਏ ਕੈਦੋਂ ਤੋਂ ਬਦਲਾ ਲੈਣ ਲਈ ਉਸ ਦੀ ਝੁੱਗੀ ਸਾੜ ਦੇਂਦੀ ਹੈ। ਹੁਣ ਹੀਰ ਦੇ ਨਿਕਾਹ ਬਾਰੇ ਸਲਾਹਾਂ ਮਸ਼ਵਰੇ ਹੋ ਰਹੇ ਹਨ। ਅੰਤ ਫ਼ੈਸਲਾ ਹੁੰਦਾ ਹੈ ਕਿ ਰੰਗਪੁਰ ਖੇੜਿਆਂ ਦੇ ਸੈਦੇ ਨਾਲ ਹੀਰ ਦਾ ਨਿਕਾਹ ਕਰ ਦਿੱਤਾ ਜਾਵੇ। ਜੰਞ ਆਉਂਦੀ ਹੈ, ਹੀਰ ਨੂੰ ਵਿਆਹ ਕੇ ਤੁਰ ਪੈਂਦੀ ਹੈ। ਰਾਹ ਵਿਚ ਖੇੜੇ ਸ਼ਿਕਾਰ ਖੇਡਦੇ ਹਨ ਤਾਂ ਰਾਂਝੇ ਨੂੰ ਹੀਰ ਨਾਲ ਗੱਲ-ਬਾਤ ਕਰਨ ਦਾ ਮੌਕਾ ਮਿਲ ਜਾਂਦਾ ਹੈ। ਰਾਂਝਾ ਹੀਰ ਦੀ ਡੋਲੀ ਨਾਲ ਜਾਂਦਾ ਹੈ, ਫਿਰ ਰੰਗਪੁਰ ਤੋਂ ਸਿੱਧਾ ਤਖਤ ਹਜ਼ਾਰੇ। ਜਦੋਂ ਕਿ ਮੁਕਬਲ ਅਨੁਸਾਰ ਪਹਿਲਾਂ ਰਾਂਝਾ ਰੰਗਪੁਰ ਤੋਂ ਝੰਗ ਸਿਆਲਾਂ ਦੇ ਜਾ ਕੇ ਹੀਰ ਦੀਆਂ ਸਹੇਲੀਆਂ ਨੂੰ ਮਿਲਦਾ ਹੈ ਜੋ ਉਸ ਨੂੰ ਉਥੇ ਰਹਿ ਪੈਣ ਲਈ ਮਜਬੂਰ ਕਰਦੀਆਂ ਹਨ।

ਮੁਕਬਲ ਹੀਰ ਦੀ ਨਨਾਣ ਸਹਿਤੀ ਜਿਸ ਦਾ ਪਿਆਰ ਰਾਮੂ ਬ੍ਰਾਹਮਣ ਦੀ ਥਾਂ ਮੁਰਾਦ ਬਲੋਚ ਨਾਲ ਦਸਦਾ ਹੈ। ਇਥੇ ਮੁਕਬਲ ਪਾਤਰਾਂ ਦਾ ਇਸਲਾਮੀ ਕਰਣ ਕਰਦਾ ਹੈ, ਉਸ ਦੀ ਕੱਟੜਤਾ ਕਦੇ ਵੀ ਇਜ਼ਾਜਤ ਨਹੀਂ ਦੇਂਦੀ ਕਿ ਇਕ ਮੁਸਲਿਮ ਔਰਤ ਦਾ ਪ੍ਰੇਮੀ ਕੋਈ ਬ੍ਰਾਹਮਣ ਹੋਵੇ। ਮੁਕਬਲ ਅਨੁਸਾਰ ਸਹਿਤੀ ਹੀਰ ਤੋਂ ਚਿੱਠੀ ਲਿਖਵਾ ਕੇ ਕਿਸੇ ਬ੍ਰਾਹਮਣ ਦੇ ਹੱਥ ਭੇਜਦੀ ਹੈ। ਬ੍ਰਾਹਮਣ ਪਹਿਲਾਂ ਝੰਗ ਸਿਆਲੀਂ ਜਾਂਦਾ ਹੈ ਫਿਰ ਉਥੋਂ ਰਾਂਝੇ ਦਾ ਪਿੰਡ ਪੁੱਛ ਕੇ ਤਖਤ ਹਜ਼ਾਰੇ ਜਾ ਰਾਂਝੇ ਨੂੰ ਮਿਲਦਾ ਹੈ। ਰਾਂਝਾ ਖ਼ਤ ਪੜ੍ਹਦਿਆਂ ਹੀ ਹੀਰ ਦੇ ਪਿਆਰ ਵਿਚ ਕੁੱਠਾ, ਮੁਕਬਲ ਅਨੁਸਾਰ ਬਾਲ ਨਾਥ ਤੋਂ ਬੜੀ ਜਦੋਜਹਿਦ ਨਾਲ ਜੋਗ ਲੈ ਕੇ ਜੋਗੀ ਬਣ ਰੰਗਪੁਰ ਦੇ ਕਾਲੇ ਬਾਗ ਵਿਚ ਜਾ ਡੇਰਾ ਲਾਉਂਦਾ ਹੈ।

ਇਧਰ ਹੀਰ ਦੀ ਹਮਦਰਦਣ ਸਹਿਤੀ ਹੀਰ ਨੂੰ ਸੱਪ ਲੜੇ ਦਾ ਬਹਾਨਾ ਬਣਾ ਕੇ ਜੋਗੀ ਨੂੰ ਘਰ ਬੁਲਾਉਣ ਦਾ ਪਰਪੰਚ ਰਚਦੀ ਹੈ। ਇਥੇ ਦਮੋਦਰ ਹੀਰ ਦਾ ਇਲਾਜ ਇਕ ਬੰਦ ਕਮਰੇ ਵਿਚ ਪੂਰੇ ਚਾਲੀ ਦਿਨ ਹੁੰਦਾ ਦਸਦਾ ਹੈ ਜੋ ਚਲੀਹਾ ਕੱਟਣ ਦਾ ਸੰਕੇਤ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੈ ਪਰ ਮੁਕਬਲ ਨੇ ਹੀਰ ਰਾਂਝੇ ਤੇ ਸਹਿਤੀ-ਮੁਰਾਦ ਨੂੰ ਪਹਿਲੀ ਰਾਤ ਹੀ ਰੰਗਪੁਰ ਤੋਂ ਨਸਾ ਦਿੱਤਾ ਹੈ। ਦਮੋਦਰ ਮੁਕਬਲ ਵਾਂਗ ਸਹਿਤੀ ਨੂੰ ਆਪਣੇ ਪ੍ਰੇਮੀ ਨਾਲ ਨਹੀਂ ਨਸਾਉਂਦਾ। ਹੀਰ ਦੇ ਨੱਸ ਜਾਣ ਦੀ ਖਬਰ ਖੇੜਿਆਂ ਨੂੰ ਮਿਲੀ ਤਾਂ ਉਨ੍ਹਾਂ ਦੇ ਸੱਠ ਸਵਾਰ ਚੌਹਾਂ ਪ੍ਰੇਮੀਆਂ ਨੂੰ ਲੱਭਣ ਲਈ ਚੜ੍ਹਾਈ ਕਰਦੇ ਹਨ। ਸਹਿਤੀ ਮੁਰਾਦ ਤਾਂ ਆਪਣੇ ਮੰਤਵ ਵਿਚ ਸਫਲ ਹੋ ਗਏ ਪਰ ਰਾਂਝਾ ਹੀਰ ਪਕੜੇ ਗਏ। ਅਦਲੀ ਰਾਜੇ ਦੇ ਪੇਸ਼ ਕੀਤਾ ਗਿਆ ਤਾਂ ਸ਼ਰ੍ਹਾ ਅਨੁਸਾਰ ਹੀਰ ਖੇੜਿਆਂ ਨੂੰ ਮਿਲ ਗਈ। ਇਥੇ ਮੁਕਬਲ ਪੰਜ ਪੀਰਾਂ ਦੇ ਸਰਾਪ ਨਾਲ ਕੋਟ ਕਬੂਲੇ ਨੂੰ ਅੱਗ ਲਗਦੀ ਦਸਦਾ ਹੈ ਅਤੇ ਨਾਲ ਹੀ ਅਦਲੀ ਰਾਜੇ ਦੇ ਢਿੱਡ ਵਿਚ ਸੂਲ (ਦਰਦ) ਉੱਠਣ ਲੱਗ ਪੈਂਦਾ ਹੈ। ਅਦਲੀ ਰਾਜਾ ਆਪਣਾ ਫ਼ੈਸਲਾ ਉਸੇ ਸਮੇਂ ਬਦਲ ਕੇ ਹੀਰ ਰਾਂਝੇ ਨੂੰ ਉਸ ਦਾ ਹੱਕ ਦੱਸ ਕੇ ਸੌਂਪ ਦੇਂਦਾ ਹੈ। ਅੰਤ ਹੀਰ ਤੇ ਰਾਂਝੇ ਦਾ ਸੱਚਾ ਪਿਆਰ ਇਕ ਦੂਜੇ ਨੂੰ ਮਿਲਾ ਦੇਂਦਾ ਹੈ। ਹੀਰ ਝੰਗ ਸਿਆਲਾਂ ਨੂੰ ਚਲੀ ਜਾਂਦੀ ਹੈ ਅਤੇ ਰਾਂਝਾ ਤਖ਼ਤ ਹਜ਼ਾਰੇ ਨੂੰ। ਕਿਉਂਕਿ ਹੀਰ ਉਧਲ ਕੇ ਆਈ ਨਹੀਂ ਅਖਵਾਉਣਾ ਚਾਹੁੰਦੀ। ਇਸ ਲਈ ਰਾਂਝੇ ਨੂੰ ਜੰਝ ਲੈ ਕੇ ਆਉਣ ਲਈ ਕਹਿੰਦੀ ਹੈ। ਜਦੋਂ ਹੀਰ ਝੰਗ ਸਿਆਲੀਂ ਜਾ ਪਹੁੰਚਦੀ ਹੈ ਤਾਂ ਬੁਖ਼ਾਰ ਹੋ ਜਾਂਦਾ ਹੈ। ਬਹੁਤ ਇਲਾਜ ਦੇ ਬਾਅਦ ਵੀ ਤੰਦਰੁਸਤ ਨਹੀਂ ਹੁੰਦੀ ਤੇ ਅੰਤ "ਜੁੰਮੇ ਦੇ ਰੋਜ ਵਸਾਲ ਹੋਈ"। ਸਿਆਲਾਂ ਨੇ ਹੀਰ ਨੂੰ ਦਫ਼ਨਾ ਦਿੱਤਾ ਅਤੇ ਰਾਂਝੇ ਨੂੰ ਵੀ ਸੁਨੇਹਾ ਭੇਜ ਦਿੱਤਾ। ਅੰਤ ਦੁਖਾਂਤ ਵਿਚ ਹੁੰਦਾ ਹੈ :

ਹੀਰ ਝੰਗ ਸਿਆਲਾਂ ਦੇ ਜਾਇ ਪਹੁੰਚੀ,
ਮਿਲੀ ਪੇਕਿਆਂ ਨੂੰ ਖੁਸ਼ਹਾਲ ਹੋਈ।
ਘਰ ਜਾਂਦਿਆਂ ਹੀਰ ਨੂੰ ਤਾਪ ਚੜ੍ਹਿਆ,
ਨੱਢੀ ਹਾਲ ਥੋਂ ਬਹੁਤ ਬਿਹਾਲ ਹੋਈ।
ਦਾਰੂ ਕਾਰ ਨਾ ਆਂਵਦਾ ਖਾਇ ਥੱਕੀ,
ਆਖਰ ਜੁੰਮੇ ਦੇ ਰੋਜ਼ ਵਸਾਲ ਹੋਈ।
ਜ਼ਾਰੀ ਰੋਇ ਕੇ ਮਾਪਿਆਂ ਦਫਨ ਕੀਤੀ,
'ਮੁਕਬਲ' ਹੀਰ ਦੀ ਪ੍ਰੀਤ ਕਮਾਲ ਹੋਈ।[2]

ਦੋਹਾਂ ਵਿਚ ਅੰਤਰ :

- ਦਮੋਦਰ ਨੇ ਆਪਣੇ ਕਿੱਸੇ ਦੇ ਆਰੰਭ ਵਿਚ ਚੂਚਕ ਦੇ ਪਿੰਡ ਹੱਟੀ ਪਾਈ ਦਸਿਆ ਹੈ ਅਤੇ ਉਥੇ ਹੀ ਉਸ ਨੇ ਹੀਰ ਦੇ ਜਨਮ ਤੋਂ ਲੈ ਕੇ ਅੰਤ ਤਕ ਦੀਆਂ ਸਾਰੀਆਂ ਘਟਨਾਵਾਂ ਨੂੰ ਅੱਖੀਂ ਡਿੱਠਾ ਹੈ (ਜਿਸ ਬਾਰੇ ਵਿਦਵਾਨਾਂ 'ਚ ਮੱਤਭੇਦ ਹੈ) ਭਾਵੇਂ ਕਿ ਇਹ ਪ੍ਰੇਮ-ਕਹਾਣੀ ਉਸ ਤੋਂ ਲਗਪਗ ਡੇਢ ਸੌ ਸਾਲ ਪਹਿਲਾਂ ਵਾਪਰੀ ਹੈ। ਪਰ ਮੁਕਬਲ ਨੇ ਤਾਂ ਕਿੱਸੇ ਦਾ ਆਰੰਭ ਕੁਝ ਆਸ਼ਕਾਂ ਦੀ ਫ਼ੁਰਮਾਇਸ਼ ਨਾਲ ਕੀਤਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਉਂਕਿ ਲੋਕਾਂ ਦੇ ਮਨਾਂ ਵਿਚ ਹੀਰ ਰਾਝੇ ਦੀ ਪ੍ਰੇਮ ਕਹਾਣੀ ਵਸ ਚੁਕੀ ਸੀ।

- ਦਮੋਦਰ ਨੇ ਸਭ ਤੋਂ ਪਹਿਲਾਂ ਹੀਰ ਦੇ ਜਨਮ ਦੀ ਗੱਲ ਕੀਤੀ ਹੈ। ਥਾਨ ਚੂਚਕ ਦੇ ਘਰ ਹੀਰ ਦੇ ਜਨਮ ਉੱਤੇ ਜੱਗ ਨੇ ਬਹੁਤ ਵਧਾਈਆਂ ਦਿੱਤੀਆਂ। ਮੁਕਬਲ ਨੇ ਦਮੋਦਰ ਦੇ ਉਲਟ ਮੌਜੂ ਜੱਟ ਦੇ ਲਾਡਲੇ ਪੁੱਤਰ ਧੀਦੋ ਦੀ ਸੁੰਦਰਤਾ ਤੋਂ ਸ਼ੁਰੂ ਕੀਤਾ ਹੈ।

- ਦਮੋਦਰ ਦੇ ਕਿੱਸੇ ਵਿਚ ਰਾਂਝਾ ਭਰਾਵਾਂ ਦੀ ਮੰਦੀ ਨੀਯਤ ਤੋਂ ਤੰਗ ਆ ਕੇ ਘਰ ਬਾਹਰ ਛੱਡ ਜਾਂਦਾ ਹੈ ਅਤੇ ਰਾਤ ਮਸੀਤ ਵਿਚ ਠਹਿਰਦਾ ਹੈ ਜਿਥੇ ਉਸ ਦੀ ਸੁੰਦਰਤਾ ਉੱਤੇ ਮਹਿਰੀ ਕੁੜੀ ਤੇ ਉਸ ਦੀ ਮਾਂ ਦੋਵੇਂ ਹੀ ਮੋਹਿਤ ਹੋ ਜਾਂਦੀਆਂ ਹਨ। ਰਾਂਝੇ ਦੀ ਮਸੀਤ ਦੇ ਮੁੱਲਾਂ ਨਾਲ ਲੜਾਈ ਵੀ ਦੱਸੀ ਹੈ। ਪਰ ਮੁਕਬਲ ਦੇ ਰਾਂਝੇ ਨੂੰ ਇਕ ਰਾਤ ਰਾਹ ਵਿਚ ਗੁਜ਼ਾਰਦਿਆਂ ਦਸਿਆ ਹੈ। ਦੂਜੀ ਰਾਤ ਮਸੀਤ ਵਿਚ ਮੁੱਲਾਂ ਨੂੰ ਰਾਂਝੇ ਦੀ ਸੇਵਾ ਕਰਦਿਆਂ ਵਿਖਾਇਆ ਹੈ।

- ਦਮੋਦਰ ਨੇ ਹੀਰ ਦੀ ਨੂਰੇ ਸੰਬਲ ਨਾਲ ਲੁੱਡਣ ਮਲਾਹ ਪਿਛੇ ਲੜਾਈ ਕਰਵਾਈ ਹੈ ਅਤੇ ਹੀਰ ਨੂਰੇ ਨੂੰ ਮਾਰ ਮੁਕਾਂਦੀ ਹੈ। ਪਰ ਮੁਕਬਲ ਦੇ ਕਿੱਸੇ ਵਿਚ ਇਹ ਘਟਨਾ ਹੈ ਹੀ ਨਹੀਂ।

- ਦਮੋਦਰ ਨੇ ਰਾਂਝੇ ਦੀ ਮੰਗਣੀ ਪਿਉ ਦੇ ਜੀਊਂਦਿਆਂ ਹੀ ਯਕੂਬ ਵੜਾਇਚ ਇਕ ਵੱਡੇ ਰਾਠ ਦੀ ਧੀ ਨਾਲ ਹੋਈ ਦੱਸੀ ਹੈ। ਪਰ ਮੁਕਬਲ ਨੇ ਇਹ ਜ਼ਿਕਰ ਨਹੀਂ ਕੀਤਾ।

- ਦਮੋਦਰ ਦੇ ਕਿੱਸੇ ਵਿਚ ਹੀਰ ਬਾਰਾਂ ਸਾਲ ਦੀ ਉਮਰ ਵਿਚ ਰਾਂਝੇ ਨਾਲ ਅੱਖਾਂ ਲਾ ਲੈਂਦੀ ਹੈ ਤਾਂ ਸਿਆਲਾਂ ਨੇ ਉਸ ਦੀ ਮੰਗਣੀ ਖੇੜਿਆਂ ਦੇ ਲੜਕੇ ਸਹਿਬੇ ਨਾਲ ਕਰ ਦਿੱਤੀ। ਪਰ ਮੁਕਬਲ ਹੀਰ ਦੀ ਮੰਗਣੀ ਰਾਂਝੇ ਨਾਲ ਮਿਲ਼ਣ ਤੋਂ ਬਾਰਾਂ ਸਾਲ ਪਿੱਛੋਂ ਸੈਦੇ ਨਾਲ ਹੋਈ ਦੱਸਦਾ ਹੈ।

- ਦਮੋਦਰ ਦਾ ਰਾਂਝਾ ਭਰਾਵਾਂ ਦੀ ਬਦਸਲੂਕੀ ਕਰਕੇ ਘਰੋਂ ਨੱਠਦਾ ਹੈ। ਪਰ ਮੁਕਬਲ ਅਨੁਸਾਰ ਰਾਂਝਾ ਹੀਰ ਦੇ ਸੁਪਨੇ ਵਿਚ ਦਰਸ਼ਨ ਕਰਕੇ, ਉਸ ਦੀ ਭਾਲ ਵਿਚ ਘਰੋਂ ਨਿਕਲਿਆ। ਦੂਜਾ ਉਹ ਖੇਤੀ ਦੇ ਔਖੇ ਕੰਮ ਤੋਂ ਡਰਦਾ ਦੱਸਿਆ ਹੈ।

- ਦਮੋਦਰ ਅਨੁਸਾਰ ਰਾਂਝੇ ਨੂੰ ਪੰਜ ਪੀਰ ਬੇੜੇ ਵਿਚ ਮਿਲੇ ਅਤੇ ਉਸ ਤੋਂ ਲਲਿਤ ਰਾਗ ਸੁਣ ਕੇ ਪ੍ਰਸੰਨ ਹੋਏ। ਫਿਰ ਉਨ੍ਹਾਂ ਰਾਂਝੇ ਦੀ ਦਰਦ ਕਹਾਣੀ ਸੁਣੀ ਤੇ ਹੀਰ ਨੂੰ ਸੁਪਨੇ ਵਿਚ ਮਿਲਾ ਕੇ ਰਾਂਝਾ ਉਸ ਦੇ ਪੱਲੇ ਪਾ ਆਏ। ਮੁਕਬਲ ਅਨੁਸਾਰ ਪੰਜ ਪੀਰ ਰਾਂਝੇ ਨੂੰ ਰਾਹ ਵਿਚ ਮਿਲੇ ਤਾਂ ਉਸ ਨੇ ਉਨ੍ਹਾਂ ਨੂੰ ਸਲਾਮ ਕਰਕੇ ਸਿਦਕ ਸੇਤੀ ਲੂੰਗੀ ਲਾਹ ਕੇ ਉਨ੍ਹਾਂ ਦੇ ਨਜ਼ਰ ਕਰਕੇ ਆਪਣੇ ਉੱਤੇ ਮਿਹਰ ਦੀ ਨਜ਼ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਫਰਿਆਦ ਕੀਤੀ। ਇਸ ਲਈ ਪੀਰਾਂ ਨੇ ਖੁਸ਼ ਹੋ ਕੇ ਰਾਂਝੇ ਨੂੰ ਹੀਰ ਬਖਸ਼ ਦਿੱਦੀ।

o ਦਮੋਦਰ ਅਨੁਸਾਰ ਲੁਡੱਣ ਰਾਂਝੇ ਦੀ ਵੰਝਲੀ ਸੁਣ ਕੇ ਉਸ ਉਤੋਂ ਮੱਝਾਂ ਦਾ ਵੱਗ ਅਤੇ ਦੋਵੇਂ ਔਰਤਾਂ ਕੁਰਬਾਨ ਕਰਨ ਲਈ ਤਿਆਰ ਹੋ ਗਿਆ ਪਰ ਰਾਂਝੇ ਦਾ ਆਦਰਸ਼ ਸਿਰਫ਼ ਹੀਰ ਦੀ ਪ੍ਰਾਪਤੀ ਸੀ। ਉਸ ਨੇ ਹੀਰ ਦੇ ਪਲੰਘ ਤੇ ਸੌਣ ਦੀ ਇੱਛਿਆ ਕੀਤੀ ਪਰ ਮੁਕਬਲ ਅਨੁਸਾਰ ਲੁਡੱਣ ਨੇ ਰਾਂਝੇ ਕੋਲੋਂ ਹੱਥ ਦੀ ਛਾਪ ਵੱਢੀ ਵਜੋਂ ਲੈ ਕੇ ਹੀਰ ਦੇ ਪਲੰਘ ਤੇ ਸੌਣ ਦਿੱਤਾ।

o ਦਮੋਦਰ ਅਨੁਸਾਰ ਹੀਰ ਜਦ ਖੇੜਿਆਂ ਦੇ ਵਿਆਹੀ ਜਾਂਦੀ ਹੈ ਤਾਂ ਦਾਜ ਵਿਚ ਦਿੱਤੀਆਂ ਮੱਝਾਂ ਤੁਰਦੀਆਂ ਨਹੀਂ ਇਸ ਲਈ ਰਾਂਝੇ ਨੂੰ ਹੀਰ ਦੀ ਡੋਲੀ ਨਾਲ ਜਾਣ ਲਈ ਤਿਆਰ ਕੀਤਾ ਜਾਂਦਾ ਹੈ। ਖੇੜੇ ਇਸ ਗਲੋਂ ਖ਼ਾਰ ਖਾਂਦੇ ਹਨ ਅਤੇ ਰਾਂਝੇ ਨੂੰ ਮਾਰ ਮੁਕਾਣ ਦੀਆਂ ਵਿਉਂਤਾਂ ਘੜਦੇ ਹਨ ਮੁਕਬਲ ਅਨੁਸਾਰ ਵੀ ਰਾਂਝਾ ਹੀਰ ਦੀ ਡੋਲੀ ਨਾਲ ਜਾਂਦਾ ਹੈ ਪਰ ਉਹ ਰਾਹ ਵਿਚ ਜਦੋਂ ਖੇੜੇ ਸ਼ਿਕਾਰ ਖੇਡ ਰਹੇ ਹਨ ਤਾਂ ਹੀਰ ਨੂੰ ਡੋਲੀ ਵਿਚ ਮਿਲਦਾ ਹੈ। ਜਦੋਂ ਖੇੜੇ ਵਾਪਸ ਆਉਂਦੇ ਹਨ ਤਾਂ ਦੋਹਾਂ ਤੇ ਸ਼ੱਕ ਕਰਕੇ ਉਨ੍ਹਾਂ ਨੂੰ ਮਾਰਨ ਦੀ ਸੋਚਦੇ ਹਨ ਪਰ ਹੀਰ ਚਲਾਕੀ ਨਾਲ ਗਲੇ ਦੀ ਮਾਲਾ ਤੋੜ ਕੇ, ਮਾਲਾ ਦੇ ਮੋਤੀ ਰਾਂਝੇ ਰਾਹੀਂ ਚੁਗਣ ਦਾ ਬਹਾਨਾ ਕਰਦੀ ਹੈ।

o ਦਮੋਦਰ ਅਮੁਸਾਰ ਰਾਂਝਾ ਖੇੜਿਆਂ ਦੇ ਪਿੰਡੋਂ ਡੂਮਣੀ ਦੇ ਕਹਿਣ ਅਨੁਸਾਰ ਕਿ ਖੇੜਿਆਂ ਤੈਨੂੰ ਮਾਰਨ ਦੀ ਵਿਉਂਤ ਬਣਾਈ ਹੈ, ਸੁਣ ਕੇ ਰਾਤੋ ਰਾਤ ਦਰਿਆ ਪਾਰ ਕਰਕੇ ਝੰਗ ਸਿਆਲੀਂ ਆ ਪਹੁੰਚਾ ਅਤੇ ਹੀਰ ਦੀ ਪਰਮ ਸਹੇਲੀ ਹੱਸੀ ਨੂੰ ਸਾਰੀ ਵਿਥਿਆ ਸੁਣਾਈ। ਫਿਰ ਰਾਂਝਾ ਤਖ਼ਤ ਹਜ਼ਾਰੇ ਨੂੰ ਚਲਾ ਗਿਆ ਪਰ ਮੁਕਬਲ ਅਨੁਸਾਰ ਖੇੜਿਆਂ ਨੇ ਰਾਂਝੇ ਨੂੰ ਆਪਣੀ ਮਰਜ਼ੀ ਨਾਲ ਝੰਗ ਸਿਆਲੀਂ ਭੇਜਿਆ ਪਰ ਰਾਂਝਾ ਝੰਗ ਸਿਆਲ ਜਾਣ ਦੀ ਥਾਂ ਸਿੱਧਾ ਤਖਤ ਹਜ਼ਾਰੇ ਪਹੁੰਚ ਗਿਆ।

o ਦਮੋਦਰ ਅਨੁਸਾਰ ਹੀਰ ਦੀ ਨਨਾਣ ਸਹਿਤੀ ਦਾ ਪ੍ਰੇਮੀ ਰਾਮੂ ਬ੍ਰਾਹਮਣ ਹੀਰ ਦਾ ਸੁਨੇਹਾ ਲੈ ਕੇ ਤਖ਼ਤ ਹਜ਼ਾਰੇ ਆਉਂਦਾ ਹੈ। ਰਾਝੇ ਨੂੰ ਲੱਭ ਕੇ ਹੀਰ ਦਾ ਸੁਨੇਹਾ ਦੇਂਦਾ ਹੈ ਪਰ ਮੁਕਬਲ ਅਨੁਸਾਰ ਹੀਰ ਖ਼ਤ ਲਿਖ ਕੇ ਸਹਿਤੀ ਨੂੰ ਦੇਂਦੀ ਹੈ ਅਤੇ ਸਹਿਤੀ ਉਹ ਖ਼ਤ ਕਿਸੇ ਬ੍ਰਾਹਮਣ ਲਾਗੀ ਦੇ ਹੱਥ ਭੇਜਦੀ ਹੈ। ਬ੍ਰਾਹਮਣ ਪਹਿਲਾਂ ਝੰਗ ਸਿਆਲਾਂ ਦੇ ਜਾਂਦਾ ਹੈ, ਉਥੋਂ ਲੋਕਾਂ ਤੋਂ ਪੁੱਛਣ ਉਪਰੰਤ ਤਖਤ ਹਜ਼ਾਰੇ ਵੱਲ ਜਾਂਦਾ ਹੈ।

o ਦਮੋਦਰ ਅਨੁਸਾਰ ਰਾਂਝਾ ਜੋਗੀ ਬਣਨ ਲਈ 'ਸਿੱਧ ਬਗਾਈ' ਪਾਸੋਂ ਜੋਗ ਲੈਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਫਿਰ ਝੰਗ ਸਿਆਲ ਜਾ ਹੀਰ ਦੀ ਸਹੇਲੀ ਹਸੀ ਨੂੰ ਮਿਲਦਾ ਹੈ, ਫਿਰ ਉਥੋਂ ਰੰਗਪੁਰ ਖੇੜਿਆਂ ਦੇ ਪਹੁੰਚਦਾ ਹੈ। ਰਾਂਝੇ ਨੇ ਦਰਿਆ ਕੰਢੇ ਧੂਣੀ ਲਾ ਲਈ ਜਿਥੇ ਸਹਿਤੀ ਨਾਲ ਉਸ ਦਾ ਮੇਲ ਹੁੰਦਾ ਹੈ। ਪਰ ਮੁਕਬਲ ਅਨੁਸਾਰ ਰਾਂਝਾ ਜੋਗੀ ਬਨਣ ਲਈ ਭਰਾ ਭਰਜਾਈਆਂ ਤੋਂ ਚੋਰੀ ਬਾਲ ਨਾਥ ਦੇ ਟਿੱਲੇ ਪਹੁੰਚਦਾ ਹੈ। ਜੋਗ ਲੈ ਕੇ ਰਾਂਝਾ ਸਿੱਧਾ ਰੰਗਪੁਰ ਖੇੜਿਆਂ ਦੇ ਪਹੁੰਚ ਕੇ ਘਰ ਘਰ ਅਲਖ ਜਗਾਉਂਦਾ ਫਿਰਦਾ ਹੈ। ਪਿੰਡੋਂ ਬਾਹਰ ਵਾਰ ਧੂਣੀ ਲਾਈ ਹੈ। ਜਿਥੇ ਅੱਜੂ ਹੀਰ ਦੇ ਸਹੁਰੇ ਦੀ ਪੋਤਰੀ ਕੌਲਾਂ ਸਹੇਲੀਆਂ ਸਮੇਤ ਧੂਣੀ ਉੱਤੇ ਸੁੱਕਾ ਸਰਕੜਾ ਸੁੱਟਦੀ ਹੈ ਤੇ ਅੱਗ ਬਲ ਪੈਣ ਤੇ ਰਾਂਝੇ ਦੇ ਗੁੱਸੇ ਦਾ ਸ਼ਿਕਾਰ ਹੋ ਕੇ ਡਿੱਗ ਪੈਂਦੀ ਹੈ। ਬਾਕੀ ਸਭ ਸਹੇਲੀਆਂ ਭੱਜ ਜਾਂਦੀਆਂ ਹਨ। ਫਿਰ ਕੌਲਾਂ ਰਾਂਝੇ ਦੇ ਕਿਸੇ ਕੰਮ ਆਉਣ ਦਾ ਕੌਲ ਇਕਰਾਰ ਕਰਦੀ ਹੈ ਅਤੇ ਹੀਰ ਨੂੰ ਰਾਂਝੇ ਜੋਗੀ ਦੀ ਖ਼ਬਰ ਕਰਦੀ ਹੈ।

- ਦਮੋਦਰ ਹੀਰ ਤੇ ਰਾਂਝੇ ਨੂੰ ਸਹਿਤੀ ਦੇ ਘਰ ਚਲੀਹਾ ਕੱਟਣ ਦੇ ਬਹਾਨੇ ਕਈ ਦਿਨ ਰੱਖਦਾ ਹੈ ਪਰ ਮੁਕਬਲ ਅਨੁਸਾਰ ਹੀਰ ਰਾਂਝੇ ਦੀ ਝੌਪੜੀ ਵਿਚ ਸਹਿਤੀ ਨਾਲ ਇਕ ਰਾਤ ਰਹਿੰਦੀ ਹੈ ਅਤੇ ਹੀਰ ਰਾਂਝਾ, ਸਹਿਤੀ-ਮੁਰਾਦ ਉਸੇ ਰਾਤ ਦੌੜ ਜਾਂਦੇ ਹਨ। ਦਮੋਦਰ ਅਨੁਸਾਰ ਹੀਰ ਨੂੰ ਰਾਂਝਾ ਲੈ ਕੇ ਦੌੜ ਜਾਂਦਾ ਹੈ ਪਰ ਸਹਿਤੀ ਉਥੇ ਹੀ ਬੇਹੋਸ਼ੀ ਦਾ ਬਹਾਨਾ ਲਾ ਕੇ ਪਈ ਰਹੀ।
- ਦਮੋਦਰ ਅਨੁਸਾਰ ਜਦੋਂ ਹੀਰ ਰਾਂਝਾ ਖੇੜਿਆਂ ਤੋਂ ਨੱਸਦੇ ਹਨ ਅਤੇ ਖੇੜਿਆਂ ਦੇ ਪਿੱਛਾ ਕਰਨ ਉੱਤੇ ਹੀਰ ਰਾਂਝਾ ਨਾਹੜਾਂ ਦੀ ਸ਼ਰਨ ਲੈਂਦੇ ਹਨ ਫਿਰ ਖੇੜਿਆਂ ਤੇ ਨਾਹੜਾਂ ਦੀ ਲੜਾਈ ਹੁੰਦੀ ਹੈ। ਪਰ ਮੁਕਬਲ ਅਨੁਸਾਰ ਖੇੜੇ ਅਦਲੀ ਰਾਜੇ ਦੇ ਸ਼ਹਿਰ ਵਿਚ ਜਾ ਕੇ ਰਾਂਝੇ ਤੇ ਹੀਰ ਨੂੰ ਫੜ੍ਹਦੇ ਹਨ ਫਿਰ ਰਾਂਝੇ ਨੂੰ ਕੁਟਦੇ ਮਾਰਦੇ ਵੀ ਹਨ। ਨਾਲ ਹੀ ਅਦਲੀ ਰਾਜੇ ਦੇ ਦਰਬਾਰ ਹੀਰ ਦੀ ਵਾਪਸੀ ਲਈ ਫਰਿਆਦ ਕਰਦੇ ਹਨ।
- ਦਮੋਦਰ ਕਹਾਣੀ ਦਾ ਅੰਤ ਸੁਖਾਂਤ ਵਿਚ ਕਰਦਾ ਹੈ। ਹੀਰ ਤੇ ਰਾਂਝੇ ਨੂੰ ਅਦਲੀ ਰਾਜੇ ਦੇ ਦੁਬਾਰਾ ਫੈਸਲੇ ਅਨੁਸਾਰ ਇਕੱਠਿਆਂ ਕਰਕੇ ਲੰਮੀ ਤਰਫ਼ ਸਿਧਾਏ ਦਸਿਆ ਹੈ। ਪਰ ਮੁਕਬਲ ਅਨੁਸਾਰ ਜਦੋਂ ਹੀਰ ਝੰਗ ਸਿਆਲੀਂ ਵਾਪਸ ਜਾ ਕੇ ਤਾਪ ਨਾਲ ਮਰ ਗਈ ਤਾਂ ਚੂਚਕ ਨੇ ਰਾਂਝੇ ਨੂੰ ਮਾਤਮੀ ਖ਼ਤ ਭੇਜਿਆ ਜਿਸ ਨੂੰ ਪੜ੍ਹ ਕੇ ਰਾਂਝਾ ਵੀ ਆਹ ਮਾਰ ਕੇ ਮਰ ਗਿਆ। ਅਤੇ ਅੰਤ ਦੁਖਾਂਤ ਵਿਚ ਹੋਇਆ।

ਦੋਹਾਂ ਵਿਚ ਸਾਂਝ :

- ਦਮੋਦਰ ਅਤੇ ਮੁਕਬਲ ਦੋਹਾਂ ਨੇ ਹੀ ਹੀਰ ਰਾਂਝੇ ਦੀ ਪ੍ਰੇਮ ਕਹਾਣੀ ਦਾ ਆਰੰਭ ਲੁਡੱਣ ਦੀ ਬੇੜੀ ਵਿਚ ਹੀ ਕੀਤਾ ਹੈ ਜਦੋਂ ਰਾਂਝਾ ਹੀਰ ਦੀ ਸੇਜ ਉੱਤੇ ਸੌਂ ਰਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਹੈ ਤਾਂ ਹੀਰ ਗੁੱਸੇ ਨਾਲ ਰਾਂਝੇ ਉੱਤੇ ਝਪਕਦੀ ਹੈ ਪਰ ਰਾਂਝੇ ਦਾ ਸੁੰਦਰ ਮੁੱਖੜਾ ਵੇਖਦਿਆਂ ਹੀ ਮੋਹਿਤ ਹੋ ਜਾਂਦੀ ਹੈ ।

- ਦੋਹਾਂ ਅਨੁਸਾਰ ਰਾਂਝੇ ਨੂੰ ਮੱਝਾਂ ਚਾਰਨ ਲਈ ਚਾਕ ਨੌਕਰ ਵਜੋਂ ਰੱਖਣ ਲਈ ਹੀਰ ਆਪਣੇ ਪਿਤਾ ਚੂਚਕ ਨੂੰ ਸਿਫਾਰਸ਼ ਕਰਦੀ ਹੈ ਅਤੇ ਫਿਰ ਮੌਕਾ ਮਿਲਣ ਤੇ ਅਕਸਰ ਉਸ ਨੂੰ ਬੇਲੇ ਵਿਚ ਮਿਲਦੀ ਰਹਿੰਦੀ ਹੈ ।

- ਦੋਹਾਂ ਅਨੁਸਾਰ ਹੀਰ ਰਾਂਝੇ ਉਪਰ ਪੰਜਾਂ ਪੀਰਾਂ ਦੀ ਬਖਸ਼ਿਸ਼ ਹੁੰਦੀ ਹੈ ਜਦੋਂ ਵੀ ਕਿਸੇ ਇਕ ਉੱਤੇ ਭੀੜ ਬਣਦੀ ਤਾਂ ਅੱਖ ਦੇ ਫੋਰੇ ਵਿਚ ਪੰਜ ਪੀਰ ਆ ਹਾਜ਼ਰ ਹੁੰਦੇ ਹਨ ।

- ਦੋਹਾਂ ਨੇ ਹੀਰ ਦੀਆਂ 360 ਸਹੇਲੀਆਂ ਦੱਸੀਆਂ ਹਨ ਅਤੇ ਹਿੰਦੂ-ਮੁਸਲਿਮ ਮਿਥਾਂ ਦੇ ਹਵਾਲੇ ਦੇ ਕੇ ਹੀਰ ਰਾਂਝੇ ਦੇ ਇਸ਼ਕ ਨੂੰ ਵਡਿਆਇਆ ਹੈ ।

- ਦੋਹਾਂ ਅਨੁਸਾਰ ਹੀਰ ਦਾ ਚਾਚਾ ਜਾਂ ਤਾਇਆ ਕੈਦੋਂ ਰਾਂਝੇ ਕੋਲੋਂ ਧੋਖੇ ਨਾਲ ਚੂਰੀ ਲੈ ਜਾ ਕੇ ਚੂਚਕ ਪਾਸ ਹੀਰ ਵਿਰੁੱਧ ਸ਼ਿਕਾਇਤ ਕਰਦਾ ਹੈ ਦੂਜੇ ਪਾਸੇ ਹੀਰ ਨੂੰ ਜਦੋਂ ਪਤਾ ਲੱਗਦਾ ਹੈ ਤਾਂ ਉਹ ਕੈਦੋਂ ਨੂੰ ਮਾਰਦੀ ਕੁੱਟਦੀ ਹੈ ਅਤੇ ਉਸ ਦੀ ਝੌਂਪੜੀ ਤਕ ਸਾੜ ਦੇਂਦੀ ਹੈ ।

- ਜਦੋਂ ਹੀਰ ਦੀ ਡੋਲੀ ਤੁਰਦੀ ਹੈ ਤਾਂ ਦੋਹਾਂ ਅਨੁਸਾਰ ਰਾਂਝਾ ਮੱਝਾਂ ਦਾ ਵੱਗ ਅਤੇ ਟੱਮਕ ਚੁੱਕ ਕੇ ਹੀਰ ਨਾਲ ਜਾਂਦਾ ਹੈ ।

- ਦੋਹਾਂ ਅਨੁਸਾਰ ਰਾਂਝੇ ਅਤੇ ਸਹਿਤੀ (ਹੀਰ ਦੀ ਨਨਾਣ) ਦੀ ਲੜਾਈ ਹੁੰਦੀ ਹੈ ਅਤੇ ਅੰਤ ਵਿਚ ਸਹਿਤੀ ਆਪਣੇ ਮਤਲਬ-ਸਿੱਧੀ ਲਈ ਹੀਰ ਰਾਂਝੇ ਦੀ ਹਮਦਰਦਣ ਬਣ ਮਦਦ ਕਰਦੀ ਹੈ ।

- ਦੋਹਾਂ ਅਨੁਸਾਰ ਹੀਰ ਨੂੰ ਕਪਾਹ ਚੁਗਦਿਆਂ ਝੂਠਾ ਸੱਪ ਲੜਨ ਦਾ ਬਹਾਨਾ ਕੀਤਾ ਜਾਂਦਾ ਹੈ ਅਤੇ ਇਲਾਜ ਕਰਨ ਦੇ ਬਹਾਨੇ ਮੌਕਾ ਵੇਖ ਕੇ ਰਾਂਝਾ ਹੀਰ ਨੂੰ ਲੈ ਕੇ ਦੌੜ ਜਾਂਦਾ ਹੈ ।

- ਦੋਹਾਂ ਅਨੁਸਾਰ ਹੀਰ ਤੇ ਰਾਂਝੇ ਨੂੰ ਖੇੜੇ ਪਕੜ ਲੈਂਦੇ ਹਨ ਅਤੇ ਇਨਸਾਫ਼ ਲਈ ਅਦਲੀ ਰਾਜੇ ਦੇ ਦਰਬਾਰ ਹਾਜ਼ਰ ਹੁੰਦੇ ਹਨ । ਕਾਜ਼ੀ ਨੇ ਇਸਲਾਮੀ ਸ਼ਰ੍ਹਾ ਅਨੁਸਾਰ ਹੀਰ ਖੇੜਿਆਂ ਨੂੰ ਵਾਪਸ ਦੇ ਦਿੱਤੀ ਪਰ ਜੋਗੀ (ਰਾਂਝੇ) ਦੇ ਸਰਾਪ ਨਾਲ ਸ਼ਹਿਰ ਨੂੰ ਅੱਗ ਲੱਗ ਜਾਂਦੀ ਹੈ । ਫਿਰ ਜਦੋਂ ਰਾਂਝੇ ਨੂੰ ਹੀਰ ਵਾਪਸ ਦੇਣਾ ਮੰਨਦੇ ਹਨ ਤਾਂ ਰਾਂਝਾ ਰੱਬ ਅੱਗੇ ਦੁਆ ਕਰਕੇ ਅੱਗ ਬੁਝਾ ਦੇਂਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਤਰ ਉਸਾਰੀ ਦੇ ਆਧਾਰ ਉੱਤੇ :

(ਦਮੋਦਰ ਦੇ ਪਾਤਰ) : ਦਮੋਦਰ ਰਚਿਤ ਕਿੱਸੇ ਵਿਚਲੇ ਪਾਤਰ ਜੀਉਂਦੇ ਜਾਗਦੇ ਹੱਡ ਮਾਸ ਦੇ ਪੁਤਲੇ ਅਤੇ ਸਹਿਜ ਸੁਭਾਵਿਕਤਾ ਦੇ ਵਿਸ਼ੇਸ਼ ਗੁਣਾਂ ਦੇ ਮਾਲਕ ਹਨ। ਪਾਤਰ ਆਪਸ ਵਿਚ ਮਾਤ ਭਾਸ਼ਾ ਪੰਜਾਬੀ ਉਪ ਬੋਲੀ ਝਾਂਗੀ ਵਿਚ ਸੰਜਮੀ ਤੇ ਸੰਕੋਚਮਈ ਸ਼ੈਲੀ ਵਿਚ ਵਾਰਤਾਲਾਪ ਕਰਦੇ ਹਨ। ਕੋਈ ਵੀ ਪਾਤਰ ਮਨੋਕਲਪਿਤ ਨਹੀਂ ਲੱਗਦਾ। ਕਿੱਸੇ ਦੀ ਨਾਇਕਾ ਹੀਰ ਸੱਚ ਦਾ ਪੱਲੜਾ ਫੜ ਕੇ ਪੇਕੇ ਸਹੁਰੇ ਘਰ, ਕਾਜੀਆਂ, ਦੂਜਿਆਂ ਕਬੀਲਿਆਂ ਅਤੇ ਅਦਲੀ ਰਾਜੇ ਦੀ ਅਦਾਲਤ ਵਿਚੋਂ ਆਪਣਾ ਹੱਕ ਪ੍ਰਾਪਤ ਕਰਦੀ ਹੈ। ਇਕ ਪੰਜਾਬਣ ਮੁਟਿਆਰ ਦੀ ਪ੍ਰਤੀਨਿਧਤਾ ਕਰਨ ਵਾਲੀ ਨਿੱਡਰ, ਬਹਾਦਰ ਤੇ ਮਰਦਾਨੀ ਕੁੜੀ ਹੈ। ਹੀਰ ਦੀ ਨੈਤਿਕਤਾ ਵੀ ਬੇਮਿਸਾਲ ਹੈ। ਇਕ ਪਾਸੇ ਹੀਰ ਤਲਵਾਰ ਦੀ ਧਨੀ ਹੈ ਦੂਜੇ ਪਾਸੇ ਹੁਸਨ ਦੀ ਰਾਣੀ ਵੀ ਹੈ। ਰਾਂਝਾ ਇਕ ਆਦਰਸ਼ਕ ਪਾਤਰ ਹੈ। ਦਮੋਦਰ ਦਾ ਰਾਂਝਾ ਸਿਆਣਾ, ਸੁੰਦਰ ਗੁਣਵਾਨ ਅਤੇ ਚਰਿਤਰ ਦਾ ਸਾਫ਼ ਨੌਜਵਾਨ ਹੈ ਭਾਵੇਂ ਉਹ ਆਪਣੇ ਭਤੀਜੇ ਦੀ ਜੰਞੇ ਗਿਆ ਕੁੜੀਆਂ ਦੇ ਝੁਰਮਟ ਵਿਚ ਘਿਰਿਆ ਹੋਵੇ, ਭਾਵੇਂ ਹੀਰ ਦੀਆਂ ਸਹੇਲੀਆਂ ਕੋਲ ਹੋਵੇ, ਅੰਤ ਤਕ ਹੀਰ ਦਾ ਹੀ ਬਣਿਆ ਰਹਿੰਦਾ ਹੈ। ਗੱਲ ਕੀ ਦਮੋਦਰ ਨੇ ਆਪਣੇ ਕਿੱਸੇ ਵਿਚ ਪਾਤਰ ਉਸਾਰੀ ਕਰਨ ਲੱਗਿਆਂ ਮਨੋਵਿਗਿਆਨਕ ਛੋਹਾਂ ਦੇ ਕੇ ਪਾਤਰਾਂ ਦੇ ਚਰਿਤਰ ਨੂੰ ਯਥਾਰਥਕ ਰੂਪ ਵਿਚ ਉਘਾੜਿਆ ਹੈ।

ਪ੍ਰਮੁੱਖ ਮਰਦ ਪਾਤਰ :

ਧੀਦੋ ਰਾਂਝਾ (ਕਿੱਸੇ ਦਾ ਨਾਇਕ) ਮੌਜਮ, (ਰਾਂਝੇ ਦਾ ਪਿਓ), ਧੀਦੋ ਦੇ ਤਿੰਨ ਭਰਾ ਤਾਹਿਰ, ਜਾਹਿਰ ਤੇ ਜੀਵਨ, ਚੂਚਕ (ਹੀਰ ਦਾ ਬਾਪ), ਕੈਦੋਂ (ਹੀਰ ਦਾ ਤਾਇਆ), ਅਲੀ (ਹੀਰ ਦਾ ਸਹੁਰਾ), ਸਾਹਿਬ (ਹੀਰ ਦਾ ਪਤੀ), ਰਾਮੂ ਬ੍ਰਾਹਮਣ (ਖੇੜਿਆਂ ਦਾ ਨੌਕਰ ਤੇ ਵਿਧਵਾ ਸਹਿਤੀ ਦਾ ਪ੍ਰੇਮੀ), ਯਕੂਬ (ਰਾਂਝੇ ਦਾ ਸਹੁਰਾ, ਜਿਥੇ ਪਹਿਲਾਂ ਰਾਂਝਾ ਮੰਗਿਆ ਸੀ) ਨੂਰਾ ਸੰਬਲ (ਹੀਰ ਦੇ ਮਲਾਹ ਲੁੱਡਣ ਦਾ ਪਹਿਲਾ ਮਾਲਕ), ਅਦਲੀ ਰਾਜਾ (ਕੋਟ ਕਬੂਲੇ ਦਾ ਹਾਕਮ) ਕਾਜ਼ੀ, ਨਾਹੜ ਤੇ ਸੱਯਦ, ਪੰਜ ਪੀਰ, ਸਿੱਧ ਬਗਾਤੀ (ਬਾਲ ਨਾਥ ਦੇ ਟਿੱਲੇ ਦਾ ਇਕ ਜੋਗੀ) ਇਨ੍ਹਾਂ ਤੋਂ ਬਿਨਾਂ ਚੂਚਕ ਦੇ ਪਿੰਡ ਦੇ ਕਾਜ਼ੀ, ਬ੍ਰਾਹਮਣ, ਮਸੀਤ ਵਿਚ ਰਾਂਝੇ ਨੂੰ ਮਿਲੇ ਜੱਟ ਆਦਿ ਮਰਦ ਪਾਤਰ ਹਨ।

ਪ੍ਰਮੁੱਖ ਇਸਤਰੀ ਪਾਤਰ :

ਹੀਰ (ਕਿੱਸੇ ਦੀ ਨਾਇਕਾ) ਕੁੰਦੀ (ਹੀਰ ਦੀ ਮਾਂ), ਹੱਸੀ ਹੀਰ ਦੀਆਂ 360 ਸਹੇਲੀਆਂ ਵਿਚੋਂ ਪ੍ਰਮੁੱਖ ਸਹੇਲੀ), ਝੀਉਰੀ ਤੇ ਉਸ ਦੀ ਕੁੜੀ, ਸਹਿਤੀ (ਹੀਰ ਦੀ ਨਨਾਣ), ਰਾਂਝੇ ਦੀਆਂ ਭਾਬੀਆਂ, ਨਾਹੜਾਂ ਦੀਆਂ ਕੁੜੀਆਂ, ਖੇੜਿਆਂ ਦੀਆਂ ਰੰਨਾਂ ਆਦਿ।

ਮੁਕਬਲ ਦੇ ਪਾਤਰ :

ਮੁਕਬਲ ਦੇ ਕਿੱਸੇ ਵਿਚਲੇ ਸਭ ਪਾਤਰ ਆਪਣੇ ਆਪਣੇ ਵਰਗ ਦੀ ਪ੍ਰਤਿਨਿਧਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੇ ਹਨ। ਮੁਕਬਲ ਦਾ ਹਰੇਕ ਪਾਤਰ ਆਪਣੇ ਨਿਜਤਵ ਨੂੰ ਸੰਭਾਲੀ ਬੈਠਾ ਹੈ ਅਤੇ ਟੱਸ ਤੋਂ ਮੱਸ ਨਹੀਂ ਹੁੰਦਾ। ਮੁਕਬਲ ਨੇ ਪਾਤਰ ਚਿਤ੍ਰਣ ਸਮੇਂ ਕਈ ਤਰ੍ਹਾਂ ਦੇ ਢੰਗ ਅਪਣਾਏ ਹਨ। ਪਾਤਰ ਉਸਾਰੀ ਵਿਚ ਸਵਾਦੀ ਵਾਰਤਾਲਾਪ ਵਰਣਨ ਸ਼ੈਲੀ ਅਤੇ ਮਨਬਚਨੀ ਤਕਨੀਕ ਵਰਤੀ ਹੈ ਇੰਝ ਜਾਪਦਾ ਹੈ ਕਿ ਮੁਕਬਲ ਨੇ ਹਰੇਕ ਪਾਤਰ ਦੇ ਮਨ ਵਿਚ ਬੈਠ ਕੇ ਉਸ ਦੀ ਮਨੋਬਿਰਤੀ ਨੂੰ ਖਛਾਣਿਆ ਹੈ। ਜਦੋਂ ਹੀਰ ਦੀ ਡੋਲੀ ਖੇੜੇ ਲੈ ਵਿਦਾ ਹੁੰਦੇ ਹਨ ਤਾਂ ਰਾਂਝੇ ਦੇ ਮਨ ਅੰਦਰ ਕੀ ਕੀ ਉਬਾਲ ਉੱਠਦੇ ਹਨ, ਮਿਸਾਲ ਵਜੋਂ :

ਹੱਥ ਜੋੜ ਕੇ ਬੇਨਤੀ ਕਰੇ ਰਾਂਝਾ,
ਕੇਹੀ ਕੀਤੀ ਅਸਾਡੜੇ ਨਾਲ ਰੱਬਾ।
ਬਾਰਾਂ ਵਰ੍ਹੇ ਮੈਂ ਚੂਚਕ ਦਾ ਕੰਮ ਕੀਤਾ,
ਬੁਰਾ ਹੋਇਆ ਫ਼ਕੀਰ ਦਾ ਹਾਲ ਰੱਬਾ।
ਕਟਕ ਆਇ ਪਹੁਤਾ ਏਨ੍ਹਾਂ ਖੇੜਿਆਂ ਦਾ,
ਲੁੱਟ ਲਿਆ ਨਿਮਾਣੇ ਦਾ ਮਾਲ ਰੱਬਾ।[3]

ਮੁਕਬਲ ਨੇ ਕੁੱਝ ਕੁ ਪਾਤਰਾਂ ਦਾ ਇਸਲਾਮੀਕਰਣ ਕੀਤਾ ਹੈ, ਬਾਕੀ ਪਾਤਰ ਦਮੋਦਰ ਵਾਲੇ ਹੀ ਅਪਣਾਏ ਹਨ।

ਪ੍ਰਮੁੱਖ ਮਰਦ ਪਾਤਰ :

ਧੀਦੋ ਰਾਂਝਾ (ਕਿੱਸੇ ਦਾ ਨਾਇਕ), ਮੌਜੂ (ਰਾਂਝੇ ਦਾ ਬਾਪ), ਰਾਂਝੇ ਦੇ ਭਰਾ, ਮੁੱਲਾਂ, ਚੂਚਕ (ਹੀਰ ਦਾ ਬਾਪ), ਸੁਲਤਾਨ (ਹੀਰ ਦਾ ਭਰਾ), ਲੁੱਡਣ (ਹੀਰ ਦੀ ਬੇੜੀ ਦਾ ਮਲਾਹ), ਅੱਜੂ (ਹੀਰ ਦਾ ਸਹੁਰਾ), ਸੈਦਾ (ਹੀਰ ਦਾ ਪਤੀ), ਮੁਰਾਦ ਬਲੋਚ (ਸਹਿਤੀ ਦਾ ਪ੍ਰੇਮੀ), ਕੈਦੋਂ (ਹੀਰ ਦਾ ਚਾਚਾ), ਅਦਲੀ ਰਾਜਾ, ਬਾਲ ਨਾਥ, ਗੌਸ ਮਹੀਉਂਦੀਨ (ਮੁਕਬਲ ਅਨੁਸਾਰ ਉਸ ਦਾ ਪੀਰ), ਪੰਜ ਪੀਰ ਆਦਿ।

ਪ੍ਰਮੁੱਖ ਇਸਤਰੀ ਪਾਤਰ :

ਹੀਰ (ਕਿੱਸੇ ਦੀ ਨਾਇਕਾ), ਮਲਕੀ (ਹੀਰ ਦੀ ਮਾਂ), ਹੀਰ ਦੀਆਂ ਸਹੇਲੀਆਂ, ਸਹਿਤੀ (ਹੀਰ ਦੀ ਨਨਾਣ), ਮਿੱਠੀ ਨਾਇਣ, ਰਾਂਝੇ ਦੀਆਂ ਭਾਬੀਆਂ, ਕੌਲਾਂ (ਹੀਰ ਦੇ ਸਹੁਰੇ ਦੀ ਪੋਤਰੀ), ਰੰਗਪੁਰ ਖੇੜਿਆਂ ਦੀਆਂ ਔਰਤਾ ਆਦਿ।

'ਦਮੋਦਰ' ਅਤੇ 'ਮੁਕਬਲ' ਦੀ ਪਾਤਰ ਉਸਾਰੀ ਦੀ ਤੁਲਨਾ :

ਦਮੋਦਰ ਅਤੇ ਮੁਕਬਲ ਦੋਹਾਂ ਨੇ ਪਾਤਰ ਉਸਾਰੀ ਵਿਚ ਵੱਖ ਵੱਖ ਦ੍ਰਿਸ਼ਟੀਕੋਣ ਅਪਣਾਏ ਹਨ। ਦਮੋਦਰ ਨੇ ਆਪਣੇ ਕਿੱਸੇ ਵਿਚ ਹੀਰ ਨੂੰ ਇੱਕ ਨਿੱਡਰ, ਦ੍ਰਿੜ੍ਹ-ਵਿਸ਼ਵਾਸੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੌਂਸਲੇ ਵਾਲੀ ਤੇ ਮਰਦਾਨੀ ਪੰਜਾਬੀ ਮੁਟਿਆਰ ਵਜੋਂ ਪੇਸ਼ ਕੀਤਾ ਹੈ। ਹੀਰ ਨੂਰੇ ਸੰਬਲ ਨੂੰ ਲੜਾਈ ਵਿਚ ਮਾਰ ਮੁਕਾਉਂਦੀ ਹੈ। ਹੀਰ ਦੀ ਮਰਜ਼ੀ ਤੋਂ ਬਿਨਾਂ ਪੱਤਾ ਨਹੀਂ ਹਿੱਲ ਸਕਦਾ। ਹੀਰ ਦੀਆਂ ਆਚਰਣਕ ਆਦਤਾਂ ਅਤੇ ਨੈਤਿਕ ਗੁਣ ਬੇਮਿਸਾਲ ਹਨ। ਹੀਰ ਇਕ ਪਾਸੇ ਤਲਵਾਰ ਦੀ ਧਨੀ ਹੈ ਅਤੇ ਦੂਜੇ ਹੁਸਨ ਦੀ ਰਾਣੀ ਹੈ।

ਇਧਰ ਮੁਕਬਲ ਦੇ ਕਿੱਸੇ ਵਿਚਲੀ ਹੀਰ ਸਿਰਫ਼ ਸੋਹਣੀ ਸੁਨੱਖੀ ਹੀ ਹੈ। ਹੀਰ ਇਕ ਆਦਰਸ਼ਕ ਪ੍ਰੇਮਿਕਾ ਹੈ ਜੋ ਸਿਰਫ਼ ਸੋਹਣਾ ਸੁਣੱਖਾ ਪਤੀ ਲੋਚਦੀ ਹੈ। ਮੁਕਬਲ ਦੀ ਹੀਰ ਪੜ੍ਹੀ ਲਿਖੀ ਹੈ, ਕੁਰਾਨ ਪੜ੍ਹਦੀ ਹੈ ਅਤੇ ਇਸਲਾਮੀ ਸ਼ਰ੍ਹਾ 'ਚ ਪੱਕੀ ਹੈ ਪਰ ਕਿਤੇ ਮੂੰਹ-ਫੱਟ ਵੀ ਹੈ। ਦਮੋਦਰ ਦੀ ਹੀਰ ਅਨਪੜ੍ਹ ਹੈ, ਪਰ ਮਾਂ, ਬਾਪ ਤੇ ਕਾਜ਼ੀਆਂ ਨਾਲ ਵਾਦ-ਵਿਵਾਦ ਕਰ ਸਕਦੀ ਹੈ। ਕੈਦੋਂ ਦੀ ਬੁਰੀ ਭੁਗਤ ਸੰਵਾਰਦੀ ਹੈ। ਆਪਣੇ ਇਸ਼ਕ ਵਿਚ ਸਾਬਤ ਸਬੂਤ ਹੈ। ਮੁਕਬਲ ਦੀ ਹੀਰ ਦਮੋਦਰ ਦੀ ਹੀਰ ਵਰਗੀ ਚੰਧੜਾਂ ਅਤੇ ਸੰਬਲਾਂ ਨਾਲ ਟੱਕਰ ਲੈਣ ਵਾਲੀ ਹੀਰ ਨਹੀਂ ਹੈ ਉਹ ਤਾਂ ਬੇਜਾਨ ਤੇ ਕਮਜ਼ੋਰ ਜਿਹੀ ਔਰਤ ਹੈ।

ਰਾਂਝਾ ਜੋਗੀ ਦੇ ਪਾਤਰ ਚਿਤ੍ਰਣ ਵਿਚ ਵੀ ਦਮੋਦਰ ਅਤੇ ਮੁਕਬਲ ਵਿਚ ਕਾਫ਼ੀ ਅੰਤਰ ਹੈ। ਦਮੋਦਰ ਅਨੁਸਾਰ ਰਾਂਝਾ ਇਕ ਸਿਆਣਾ, ਸੁੰਦਰ ਤੇ ਗੁਣਵਾਨ ਵਿਅਕਤੀ ਹੈ। ਰਾਂਝਾਂ ਤਾਂ ਤਰੂਈ ਹੋਈ ਮੱਝ ਦਾ ਦੁੱਧ ਪਛਾਣ ਸਕਦਾ ਹੈ। ਪਸ਼ੂਆਂ ਦੀ ਹਰ ਬੀਮਾਰੀ ਬਾਰੇ ਜਾਣਦਾ ਹੈ। ਗੱਲ ਕੀ ਕੋਈ ਪਸ਼ੂਆਂ ਦਾ ਹਕੀਮ ਲੱਗਦਾ ਹੈ ਕਿਉਂਕਿ ਉਸ ਸਮੇਂ ਦੀ ਜਾਂਗਲੀ ਸਭਿਅਤਾ ਵਿਚ ਪਸ਼ੂ ਹੀ ਵੱਡਾ ਧਨ ਸਨ ਅਤੇ ਇਨ੍ਹਾਂ ਬਾਰੇ ਜਾਣਕਾਰੀ ਰੱਖਣ ਵਾਲੇ ਦੀ ਇੱਜ਼ਤ ਹੋਣਾ ਸੁਭਾਵਿਕ ਹੀ ਸੀ। ਦਮੋਦਰ ਅਨੁਸਾਰ ਰਾਂਝੇ ਦੀ ਵੰਝਲੀ ਵਿਚ ਭਗਵਾਨ ਕ੍ਰਿਸ਼ਨ ਦੀ ਬੰਸਰੀ ਵਾਲੀ ਸ਼ਕਤੀ ਹੈ। ਰਾਂਝੇ ਦੀ ਵੰਝਲੀ ਵਿਚ ਸੋਜ ਤੇ ਦਰਦ ਨੂੰ ਸੁਣ ਕੇ ਕੁੜੀਆਂ ਬੇਸੁੱਧ ਹੋ ਜਾਂਦੀਆਂ ਹਨ। ਖ਼ਤਰਨਾਕ ਜੰਗਲੀ ਜਾਨਵਰ ਸਭ ਰਾਂਝੇ ਦੀ ਅਧੀਨਗੀ ਵਿਚ ਸਿਰ ਨਿਵਾ ਦੇਂਦੇ ਹਨ। ਮੱਝਾਂ ਵੰਝਲੀ ਦੀ ਸੁਰ ਸੁਣ ਸੁਣ ਕੇ ਇੰਜ ਨੱਠੀਆਂ ਆਉਂਦੀਆਂ ਹਨ ਜਿਵੇਂ ਕ੍ਰਿਸ਼ਨ ਮੁਰਾਰੀ ਨੇ ਬੰਸਰੀ ਦੀ ਆਵਾਜ਼ ਨਾਲ ਗੋਪੀਆਂ ਨੂੰ ਬੁਲਾਇਆ ਹੋਵੇ।

ਸੁਣ ਕਰ ਮੇਹੀ ਕੰਨ ਫੱੜਕੇ, ਨ ਵਾਤ ਕੜੋਹੀ ਪਾਈਆਂ।
ਆਖ ਦਮੋਦਰ ਕੀਕਣ ਧੀਰਨ, ਗੋਪੀਆਂ ਕਾਨ੍ਹ ਬੁਲਾਈਆਂ।[4]

ਦੂਜੇ ਪਾਸੇ ਮੁਕਬਲ ਅਨੁਸਾਰ ਰਾਂਝਾ ਇਕ ਸੁੰਦਰ ਨੌਜਵਾਨ ਹੀ ਹੈ। ਜਿਸ ਉਪਰ ਉਸ ਦੀਆਂ ਭਰਜਾਈਆਂ ਉਸ ਦੀ ਸੁੰਦਰਤਾ ਕਰਕੇ ਕੁਬਰਾਨ ਜਾਂਦੀਆਂ ਹਨ। ਮੁਕਬਲ ਨੇ ਰਾਂਝੇ ਨੂੰ ਮਕਰਾ ਜੱਟ, ਚਲਾਕ ਅਤੇ ਕੰਮ ਕੱਢੂ ਦੱਸਿਆ ਹੈ। ਇਹ ਸਲੂਕ ਜਿਹਾ ਹੈ ਅਤੇ ਕਮਜ਼ੋਰ ਵਧੇਰੇ ਹੈ। ਖੇਤੀ ਦੇ ਕੰਮ ਤੋਂ ਡਰਦਾ ਫ਼ਕਰ ਹੋ ਗਿਆ ਹੈ। ਮੰਗ ਖਾਣਾ ਪਰਵਾਨ ਕਰ ਲਿਆ ਹੈ। ਇਹ ਕਦੀ ਕਦੀ ਛਲ ਕਪਟ ਵੀ ਕਰਦਾ ਪਰ ਦਮੋਦਰ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਂਝਾ ਇਕ ਤਕੜਾ [illegible] ਲੱਗਦਾ ਹੈ ।

ਦਮੋਦਰ ਆਪਣੇ ਕਿੱਸੇ ਵਿਚ ਕੈਦੋਂ ਨੂੰ ਹੀਰ ਦਾ ਤਾਇਆ ਆਖਦਾ ਹੈ ਪਰ ਮੁਕਬਲ ਦਾ ਚਾਚਾ ਦੱਸਦਾ ਹੈ । ਦੋਹਾਂ ਕਿੱਸਿਆਂ ਵਿਚ ਕੈਦੋਂ ਖਲਨਾਇਕ ਦਾ ਕੰਮ ਕਰਦਾ ਹੈ ਅਤੇ ਦੋਖੀ ਪਾਤਰ ਸਾਬਤ ਹੁੰਦਾ ਹੈ । ਦੋਹਾਂ ਨੇ ਇਹ ਦਾ ਪਾਤਰ ਚਿਤ੍ਰਣ ਸਫ਼ਲਤਾ ਨਾਲ ਕੀਤਾ ਹੈ, ਫਿਰ ਵੀ ਦਮੋਦਰ ਦਾ ਕੈਦੋਂ ਮਜਲੂਮ ਤੇ ਮਸੂਮ ਵਿਅਕਤੀ ਹੈ । ਸਾਡੀ ਹਮਦਰਦੀ ਉਸ ਨਾਲ ਹੋ ਜਾਂਦੀ ਹੈ ਕਿਉਂਕਿ ਉਹ ਚੂਚਕ ਦੇ ਮੁਕਾਬਲੇ ਉੱਤੇ ਆਰਥਿਕ ਤੌਰ ਤੇ ਨੀਵਾਂ ਹੈ, ਪਰ ਕੈਦੋਂ ਆਪਣੇ ਘਰ ਦੀ ਇੱਜ਼ਤ ਬਚਾਉਣ ਖਾਤਰ ਹੀਰ ਕੋਲੋਂ ਮਾਰ ਵੀ ਖਾਂਦਾ ਹੈ ਅਤੇ ਆਪਣੀ ਝੁੱਗੀ ਵੀ ਸੜਵਾ ਬੈਠਦਾ ਹੈ । ਇਧਰ ਮੁਕਬਲ ਦੇ ਕਿੱਸੇ ਵਿਚਲਾ ਕੈਦੋਂ ਬੜਾ ਘਿਰਣਾਮਈ ਪਾਤਰ ਸਿੱਧ ਹੁੰਦਾ ਹੈ ।

ਹੀਰ ਦੀ ਮਾਂ ਦਮੋਦਰ ਅਨੁਸਾਰ ਕੁੰਦੀ ਤੇ ਮੁਕਬਲ ਅਨੁਸਾਰ ਮਲਕੀ ਦੇ ਪਾਤਰ ਚਿਤ੍ਰਣ ਵਿਚ ਵੀ ਢੇਰ ਸਾਰਾ ਅੰਤਰ ਹੈ । ਇਥੇ ਦਮੋਦਰ ਨੇ ਇਸ ਪਾਤਰ ਨੂੰ ਯਥਾਰਥ-ਮਈ ਢੰਗ ਨਾਲ ਚਿਤ੍ਰਿਆ ਹੈ । ਮਾਂ ਭਾਵੇਂ ਸਮਾਜਕ ਬੰਧਨਾਂ ਵਿਚ ਰਹਿ ਕੇ ਧੀ ਦਾ ਪੱਖ ਨਹੀਂ ਪੂਰ ਸਕਦੀ ਪਰ ਅੰਦਰੋਂ ਉਸ ਦੀ ਧੁਰ-ਆਤਮਾ ਤੜਪ ਰਹੀ ਹੁੰਦੀ ਹੈ ਤੇ ਉਹ ਚਾਹੁੰਦੀ ਹੈ ਕਿ ਹੀਰ ਦਾ ਨਿਕਾਹ ਰਾਂਝੇ ਨਾਲ ਹੀ ਹੋ ਜਾਵੇ । ਪਰ ਮੁਕਬਲ ਦੇ ਕਿੱਸੇ ਵਿਚ ਹੀਰ ਦੀ ਮਾਂ ਦਾ ਪਾਤਰ ਯਥਾਰਥਮਈ ਨਹੀਂ ਜਾਪਦਾ । ਕੋਈ ਵੀ ਮਾਂ, ਧੀ ਨੂੰ ਮਾਰਨ ਦੀ ਸਲਾਹ ਆਪ ਨਹੀਂ ਦੇ ਸਕਦੀ । ਮਾਵਾਂ ਧੀਆਂ ਦਾ ਰਿਸ਼ਤਾ ਹੀ ਕੁੱਝ ਇਸ ਤਰ੍ਹਾਂ ਦਾ ਹੈ ਕਿ ਧੀ ਭਾਵੇਂ ਕਿੰਨੀ ਵੀ ਬੁਰੀ ਕਿਉਂ ਨਾ ਹੋਵੇ, ਮਾਂ ਉਸ ਨੂੰ ਆਪਣੀਆਂ ਅੱਖਾਂ ਸਾਹਮਣੇ ਮਰਦੀ ਨਹੀਂ ਵੇਖ ਸਕਦੀ ।

ਸਹਿਤੀ ਦੀ ਪਾਤਰ ਉਸਾਰੀ ਵਿਚ ਵੀ ਦੋਹਾਂ ਕਿੱਸਾਕਾਰਾਂ 'ਚ ਸਹਿਮਤੀ ਘੱਟ ਹੀ ਹੈ । ਦੋਹਾਂ ਨੇ ਇਸ ਨੂੰ ਕਿੱਸੇ ਵਿਚ ਇਕ ਸਹਾਇਕ ਪਾਤਰ ਵਜੋਂ ਸਿਰਜਿਆ ਹੈ । ਦਮੋਦਰ ਦੇ ਕਿੱਸੇ ਵਿਚ ਸਹਿਤੀ ਵਿਧਵਾ ਹੈ ਜੋ ਆਪਣੇ ਪੇਕੇ ਘਰ ਹੀ ਰਹਿ ਕੇ ਆਪਣੇ ਹੀ ਨੌਕਰ ਰਾਮੂ ਬ੍ਰਾਹਮਣ ਨਾਲ ਇਸ਼ਕ ਪਈ ਕਰਦੀ ਹੈ ਪਰ ਮੁਕਬਲ ਕਿਉਂਕਿ ਇਸਲਾਮੀ ਸ਼ਰ੍ਹਾ ਦਾ ਕੱਟੜ ਅਨੁਯਾਈ ਹੈ, ਉਹ ਨਹੀਂ ਚਾਹੁੰਦਾ ਕਿ ਮੁਸਲਮਾਨ ਤੀਵੀਂ ਕਿਸੇ ਹਿੰਦੂ ਮਰਦ ਨਾਲ ਇਸ਼ਕ ਕਰੇ । ਇਸ ਲਈ ਉਹ ਮੁਰਾਦ ਬਲੋਚ ਨੂੰ ਰਾਮੂ ਬ੍ਰਾਹਮਣ ਦੀ ਥਾਂ ਉੱਤੇ ਲਿਆ ਖੜਾ ਕਰਦਾ ਹੈ ।

ਸਹਿਤੀ ਦਾ ਪਾਤਰ ਇਕ ਅਨੋਖਾ ਪਾਤਰ ਹੈ ਜਿਹੜੀ ਆਪਣੇ ਭਰਾ ਦੀ ਪਤਨੀ (ਹੀਰ) ਨੂੰ ਕਿਸੇ ਗੈਰ ਮਰਦ ਨਾਲ ਭਜਾਉਣ ਵਿਚ ਸਹਾਈ ਹੁੰਦੀ ਹੈ । ਉਹ ਆਪਣੇ ਬਾਪ ਦੇ ਘਰ ਦੀ ਇੱਜ਼ਤ ਦਾ ਖਿਆਲ ਨਹੀਂ ਰੱਖਦੀ ਪਰ ਦੂਜੇ ਪਾਸੇ ਸਹਿਤੀ ਉਨ੍ਹਾਂ ਪੰਜਾਬਣ ਕੁੜੀਆਂ ਦੀ ਪ੍ਰਤਿਨਿਧਤਾ ਕਰਦੀ ਹੈ ਜਿਹੜੀਆਂ ਇਸ਼ਕ ਤੋਂ ਸਭ ਕੁੱਝ ਵਾਰ ਦੇਂਦੀਆਂ ਹਨ । ਸਹਿਤੀ ਵੀ ਆਪਣੇ ਇਸ਼ਕ ਦੀ ਖਾਤਰ ਆਪਣੇ ਭਰਾ ਦਾ ਘਰ ਉਜਾੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇਂਦੀ ਹੈ ਅਤੇ ਆਪਣਾ ਇਸ਼ਕ ਪੱਕਾ ਕਰ ਲੈਂਦੀ ਹੈ।

ਸਹਿਤੀ ਅਤੇ ਲੁਡੱਣ ਦਾ ਪਾਤਰ ਆਪਸ ਵਿਚ ਰਲਦਾ ਮਿਲਦਾ ਹੈ, ਜੋ ਹੀਰ ਤੇ ਰਾਂਝੇ ਦੇ ਪ੍ਰੇਮ ਚੱਕਰ ਵਿਚ ਸਹਾਈ ਹੁੰਦੇ ਹਨ। ਇਕ ਪਾਸੇ ਕੈਦੋਂ ਦੋਹਾਂ ਪ੍ਰੇਮੀਆਂ ਵਿਚ ਦੀਵਾਰ ਖੜੀ ਕਰਦਾ ਹੈ ਤਾਂ ਦੂਜੇ ਪਾਸੇ ਸਹਿਤੀ ਇਸ ਦੀਵਾਰ ਨੂੰ ਤੋੜ ਦੇਂਦੀ ਹੈ। ਇਸ ਦਾ ਮਨੋਵਿਗਿਆਨਕ ਕਾਰਣ ਹੀ ਤਾਂ ਹੈ ਕਿਉਂਕਿ ਕੈਦੋਂ ਇਕ ਛੜਾ ਮਲੰਗ ਹੈ ਜਿਸ ਨੇ ਪਿਆਰ ਵਰਗੀ ਮਿੱਠੀ ਵਸਤੂ ਦਾ ਸੁਆਦ ਹੀ ਨਹੀਂ ਚੱਖਿਆ। ਦੂਜੇ ਪਾਸੇ ਸਹਿਤੀ ਇਸ ਪਿਆਰ ਕਰਕੇ ਇਸ਼ਕ 'ਚ ਰੰਗੀ ਹੈ ਅਤੇ ਪਿਆਰ ਕਰਨ ਵਾਲੇ ਉਸ ਨੂੰ ਚੰਗ ਲੱਗਦੇ ਹਨ। ਕੈਦੋਂ ਨੂੰ ਸਾਰੇ ਹੀ ਪਿਆਰ ਕਰਨ ਵਾਲੇ ਬੁਰੇ ਲੱਗਦੇ ਹਨ।

ਪਰਾ-ਸਰੀਰਕ ਅੰਸ਼ ਅਤੇ ਪਾਤਰ :

ਦਦੋਦਰ ਅਤੇ ਮੁਕਬਲ ਨੇ ਇਨ੍ਹਾਂ ਅੰਸ਼ਾਂ ਅਤੇ ਪਾਤਰਾਂ ਦਾ ਚਿਤ੍ਰਣ ਕੀਤਾ ਹੈ। ਦਮੋਦਰ ਇਹ ਪ੍ਰਭਾਵ ਮੁਕਬਲ ਦੇ ਮੁਕਾਬਲੇ ਤੇ ਘੱਟ ਕਬੂਲਤਾ ਹੈ। ਇਹ ਸੈਮਟਿਕ ਪ੍ਰਭਾਵ ਹੈ ਕਿਉਂਕਿ ਮੱਧਕਾਲੀਨ ਸਾਹਿਤ ਵਿਚ ਕਰਾਮਾਤਾਂ ਅਤੇ ਹੋਰ ਰੱਬੀ ਸ਼ਕਤੀਆਂ ਦੀ ਵਰਤੋਂ ਕਰਕੇ ਉਸ ਸਮੇਂ ਦੇ ਸਾਹਿਤਕਾਰ ਆਪਣੀ ਰਚਨਾ ਦਾ ਮਿਆਰ ਉੱਚਾ ਹੋਣਾ ਸਮਝਦੇ ਸਨ। ਹਰੇਕ ਕਿੱਸਾਕਾਰ ਨੇ ਆਪਣੀ ਰਚਨਾ ਵਿਚ ਕਰਾਮਾਤੀ ਅੰਸ਼ ਜ਼ਰੂਰ ਪਾਏ ਹਨ। ਡਾ. ਕੁਲਬੀਰ ਸਿੰਘ ਕਾਂਗ ਅਨੁਸਾਰ "ਪੰਜ ਪੀਰਾਂ ਦੀ ਮਿਥਿਹਾਸਕ ਜਾਂ ਅਰਧ-ਯਥਾਰਥਕ ਛੋਹ ਇਹ ਦੱਸਦੀ ਹੈ ਕਿ ਲੋਕਾਂ ਵਿਚ ਚਾਹੇ ਹਿੰਦੂ ਜਾਂ ਮੁਸਲਮਾਨ, ਪੰਜ ਪੀਰਾਂ ਦੀ ਮਾਨਤਾ ਸੀ। ਉਨ੍ਹਾਂ ਬਾਰੇ ਵਿਸ਼ਵਾਸ ਸੀ ਕਿ ਉਹ ਆਪਣੇ ਭਗਤਾਂ ਦੀ ਰੱਖਿਆ ਕਰਦੇ ਹਨ। ਉਹ ਰਾਂਝੇ ਨੂੰ ਭਰਾਵਾਂ, ਵਾਗੀਆਂ ਤੇ ਜਾਂਞੀਆਂ ਦੇ ਮਾਰੂ ਹਮਲੇ ਤੋਂ ਬਚਾਉਂਦੇ ਹਨ"।[8]

ਵਿਚਾਰਧਾਰਾਈ ਜੀਵਨ ਫਿਲਾਸਫ਼ੀ ਦੇ ਆਧਾਰ ਉੱਤੇ :

ਦਮੋਦਰ ਅਤੇ ਮੁਕਬਲ ਦੀ ਆਪੋ ਆਪਣੀ ਵਿਚਾਰਧਾਰਾ ਅਤੇ ਜੀਵਨ ਫਿਲਾਸਫ਼ੀ ਦਾ ਢੇਰ ਸਾਰਾ ਅੰਤਰ ਹੈ। ਦਮੋਦਰ ਜਾਤ ਦਾ ਅਰੋੜਾ ਖੱਤਰੀ ਅਤੇ ਹਿੰਦੂ ਇਤਿਹਾਸ ਮਿਥਿਹਾਸ ਦਾ ਜਾਣੂ ਹੈ। ਉਹ ਭਾਰਤੀ ਕਾਵਿ ਪਰੰਪਰਾ ਤੋਂ ਵੀ ਅਭਿੱਜ ਨਹੀਂ ਭਾਵੇਂ ਕਿ ਉਸ ਉਪਰ ਫ਼ਾਰਸੀ ਮਸਨਵੀ ਦਾ ਵੀ ਚੋਖਾ ਪ੍ਰਭਾਵ ਦਿਸਦਾ ਹੈ। ਦਮੋਦਰ ਦਾ ਸਮਾਂ ਇਤਿਹਾਸਕ ਤੌਰ 'ਤੇ ਹਿੰਦੂ-ਮੁਸਲਿਮ ਸਭਿਆਚਾਰ ਦਾ ਸੁੰਦਰ ਸੁਮੇਲ ਹੈ। ਦਮੋਦਰ ਦੇ ਸਮੇਂ ਭਾਰਤ ਦਾ ਰਾਜ ਸਿੰਘਾਸਨ ਅਕਬਰ ਮਹਾਨ ਦੇ ਹੱਥਾਂ ਵਿਚ ਸੀ। ਅਕਬਰ ਹਿੰਦੂ ਮੁਸਲਿਮ ਸਭਿਆਚਾਰ ਨੂੰ ਇਕ ਲੜੀ ਵਿਚ ਪਰੋਣਾ ਲੋਚਦਾ ਸੀ ਤਾਹੀਉਂ ਤਾਂ ਉਸ ਨੇ 'ਦੀਨੇ ਇਲਾਹੀ' ਵਰਗੀ ਨੀਮ ਧਾਰਮਿਕ ਸੰਸਥਾ ਦਾ ਸੰਗਠਨ ਕੀਤਾ ਸੀ।

ਦੂਜੇ ਪਾਸੇ ਮੁਕਬਲ ਦਾ ਸਮਾਂ ਮੁਗ਼ਲ ਰਾਜ ਦੀਆਂ ਢਹਿੰਦੀਆਂ ਕਲਾਂ ਦਾ ਸਮਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ ਜਦੋਂ ਕਿ ਉੱਤਰ ਵਿਚ ਸਿੱਖ ਧਰਮ ਅਤੇ ਦੱਖਣ ਵਿਚ ਮਰਹੱਟਾ ਸ਼ਕਤੀ ਆਪਣੇ ਸਿਖਰ ਨੂੰ ਛੂਹ ਰਹੀ ਸੀ ਫਿਰ ਵੀ ਮੁਕਬਲ ਮੁਸਲਿਮ ਘਰਾਣੇ ਵਿਚ ਪੈਦਾ ਹੋ ਕੇ ਇਸਲਾਮੀ ਸ਼ਰ੍ਹਾ ਵਿਚ ਪਾਬੰਦ ਹੈ। ਉਹ ਆਪਣੀ ਰਚਨਾ 'ਹੀਰ ਰਾਂਝਾ' ਕਿੱਸੇ ਵਿਚ ਮੁਸਲਿਮ ਸਭਿਆਚਾਰ ਨੂੰ ਪ੍ਰਗਟਾਉਣ ਵਿਚ ਵਧੇਰੇ ਰੁਚਿਤ ਰਿਹਾ।

ਕਿੱਸੇ ਦੇ ਆਰੰਭ ਨੂੰ ਹੀ ਲੈ ਲਓ, ਦਮੋਦਰ ਨੇ ਆਪਣੇ ਕਿੱਸੇ ਵਿਚ ਕੇਵਲ ਇਕ ਸਾਹਿਬ ਨੂੰ ਧਿਆਇਆ ਹੈ ਕਿਉਂਕਿ ਇੰਜ ਜਾਪਦਾ ਹੈ ਕਿ ਦਮੋਦਰ ਨਿਰਗੁਣਧਾਰਾ ਦਾ ਅਨੁਯਾਈ ਹੈ। ਦਮੋਦਰ ਨੇ ਸਾਹਿਬ ਦਾ ਨਾਂ ਲੈ ਕੇ ਕੁਦਰਤ ਦੀ ਮਹਿਮਾ ਗਾਈ ਹੈ :

ਅਵੱਲ ਨਾਮ ਸਾਹਿਬ ਦਾ ਲਈਏ, ਜਿੰਨ ਇਹ ਜਗਤ ਉਪਾਇਆ।
ਜ਼ਿਮੀ ਅਸਮਾਨ ਪਲਕ ਦੁਰੁਸੀਤੀ, ਕੁਦਰਤ ਨਾਲ ਟਿਕਾਇਆ।
ਦੌਰ, ਕਮਰ, ਖ਼ੁਰਸ਼ੈਦੋਂ ਸੀਤੇ ਕੇ ਹਰ ਜਾ ਇਕ ਸਾਇਆ।
ਨਾਉਂ ਦਮੋਦਰ ਜਾਤ ਗੁਲਾਟੀ, ਜੈਂ ਇਹ ਕਿੱਸਾ ਚਾਇਆ।[6]

ਪਰ ਮੁਕਬਲ ਆਪਣੇ ਕਿੱਸੇ ਦਾ ਆਰੰਭ ਇਸਲਾਮੀ ਸ਼ਰ੍ਹਾ ਦਾ ਧਾਰਣੀ ਹੋਣ ਕਰਕੇ, ਇਸਲਾਮੀ ਸਿੱਖਾਂ ਦਾ ਜ਼ਿਕਰ ਕਰਦਾ ਹੈ।

ਅੱਵਲ ਆਖ ਤੂੰ ਸਿਫ਼ਤ ਖ਼ੁਦਾਇ ਦੀ ਜੀ,
ਸਾਹਿਬ ਬੇਪਰਵਾਹ ਬੇਅੰਤ ਮੀਤਾ।
ਚੌਦਾਂ ਤਬਕਾਂ ਦਾ ਹੈ ਬਾਦਸ਼ਾਹ ਹੋਇਆ,
ਹਜ਼ਰਤ ਰੱਬ ਦੇ ਨਾਮ ਦਾ ਵਿਰਦ ਕੀਤਾ।
ਅਜ਼ਾਜ਼ੀਲ ਨੇ ਹੁਕਮ ਨਾ ਮੰਨਿਆ ਸੀ,
ਰੱਬ ਓਸ ਨੂੰ ਚਾਇ ਸ਼ੈਤਾਨ ਕੀਤਾ।
ਕਰ ਆਜਜ਼ੀ ਰੱਬ ਕਬੂਲ ਕਰਸੀ,
ਰੋਜ਼ ਹਸ਼ਰ ਦੇ 'ਮੁਕਬਲ' ਮੰਨ ਲੀਤਾ।[7]

ਦਮੋਦਰ ਆਪਣੇ ਕਿੱਸੇ ਦਾ ਅੰਤ ਕਰਦਾ ਹੋਇਆ ਭਾਰਤੀ ਪਰੰਪਰਾ ਉੱਤੇ ਪਹਿਰਾ ਦੇਂਦਾ ਹੈ ਅਤੇ ਕਿੱਸੇ ਨੂੰ ਸੁਖਾਂਤ ਵਿਚ ਨਿਬੇੜਦਾ ਹੈ। ਦਮੋਦਰ ਲਿਖਦਾ ਹੈ :

ਹੀਰ ਤੇ ਰਾਂਝਾ ਹੋਏ ਇਕੱਠੇ, ਝੇੜੇ ਸਭ ਚੁਕਾਏ।[8]

ਕੋਟ ਕਬੂਲੇ ਦੀ ਜਨਤਾ ਇਨ੍ਹਾਂ ਅੱਗੇ ਬੇਨਤੀ ਕਰਦੀ ਹੈ ਕਿ ਤੁਸੀਂ ਇਥੇ ਹੀ ਠਹਿਰੋ ਤੁਹਾਨੂੰ ਨਵੀਆਂ ਹਵੇਲੀਆਂ ਪਾ ਦੇਂਦੇ ਹਾਂ :

'ਜਾਲ ਇਕਾਈਂ ! ਸਾਹਿਬ ਰਾਂਝਾ !' ਰਈਯੱਤ ਪੱਲੂ ਪਾਏ,
ਨਵੇਂ ਦਲਾਨ ਪਈ ਹਾਂ ਇਥੇ, ਜੋ ਕੁਝ ਤੂੰ ਫ਼ੁਰਮਾਏਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਰਾਂਝਾ ਇਹ ਸਭ ਕੁਝ ਠੁਕਰਾਉਂਦਾ ਹੋਇਆ ਜੁਆਬ ਦੇਂਦਾ ਹੈ :

ਦੇਵਹੁ ਵਿਦਾ, ਟੁਰਾਂ ਇਥਹੁੰ, ਘਰ ਬਾਰ ਚਲੀਹਾਂ ਪਾਏ ।
ਆਖ ਦਮੋਦਰ ਮੈਂ ਅੱਖੀਂ ਡਿੱਠਾ, ਜੋ ਲੰਮੀ ਤਰਫ਼ ਸਿਧਾਏ ।[10]

ਇਸੇ ਤਰ੍ਹਾਂ ਹੀਰ ਦੀ ਕਥਾ ਸਮਾਪਤੀ ਸਮੇਂ ਵੀ ਦਮੋਦਰ ਭਾਰਤੀ ਪਰੰਪਰਾ ਵਿਚੋਂ ਹਵਾਲਾ ਦੇਂਦਾ ਹੈ ਕਿ ਹੀਰ ਤੇ ਰਾਂਝੇ ਦਾ ਇਸ਼ਕ ਤਿੰਨਾਂ ਲੋਕਾਂ ਵਿਚ ਮਸ਼ਹੂਰ ਹੋ ਗਿਆ :

ਪੂਰੀ ਭਈ ਕਥਾ ਹੀਰੇ ਦੀ, ਇਸ ਸਮੇਂ ਇਸ਼ਕ ਨਾ ਕੋਈ ।
ਜਿਉਂ ਚਾਈ, ਤਿਉਂ ਤੋੜ ਨਿਭਾਈ, ਜਾਣਤ ਹੈ ਤੂੰ ਲੋਈ ।[11]

ਇਸ ਦੇ ਉਲਟ ਦੁਖਾਂਤਕ ਰੰਗਣ, ਇਸਲਾਮੀ ਸਭਿਆਚਾਰ ਅਤੇ ਸੈਮਟਿਕ ਪ੍ਰਭਾਵ ਦੀ ਦੇਣ ਹੈ ਜੋ ਦਮੋਦਰ ਤੋਂ ਪਿਛਲੇ ਕਿੱਸਾਕਾਰਾਂ ਨੇ ਤਕਨੀਕ ਅਪਣਾਈ । ਮੁਕਬਲ ਦੇ ਕਿੱਸੇ ਦੇ ਅੰਤ ਬਾਰੇ ਵਿਦਵਾਨਾਂ ਵਿਚ ਮੱਤਭੇਦ ਹੈ ਕਿਉਂਕਿ ਮੁਕਬਲ ਦੇ ਕਿੱਸੇ ਦੇ ਅੰਤ ਬਾਰੇ ਦੋ ਨੁਸਖੇ ਮਿਲਦੇ ਹਨ ਇਕ ਵਿਚ ਹੀਰ ਅਤੇ ਰਾਂਝਾ ਅੰਤ ਵਿਚ ਮਿਲ ਪੈਂਦੇ ਹਨ ਅਤੇ ਮੱਕੇ ਦੇ ਰਾਹ ਪੈ ਜਾਂਦੇ ਹਨ ਪਰ ਦੂਸਰੇ ਨੁਸਖੇ ਅਨੁਸਾਰ ਹੀਰ ਕੇ ਰਾਂਝੇ ਨੂੰ ਅਦਲੀ ਰਾਜੇ ਨੇ ਇਕੱਠਿਆਂ ਕਰਕੇ ਵਿਦਾ ਕੀਤਾ ਅਤੇ ਹੀਰ ਨੇ ਰਾਂਝੇ ਨੂੰ ਕਿਹਾ ਕਿ ਤੂੰ ਮੈਨੂੰ ਪੇਕੇ ਛੱਡ ਕੇ ਆਪ ਤਖਤ ਹਜ਼ਾਰੇ ਜਾ ਕੇ ਜੰਞ ਲੈ ਕੇ ਵਿਆਹ ਕੇ ਲੈ ਜਾ ਕਿਉਂਕਿ ਇਸ ਵਿਚ ਦੋਹਾਂ ਘਰਾਂ ਦੀ ਇੱਜ਼ਤ ਹੈ । ਇਸ ਲਈ ਹੀਰ ਝੰਗ ਸਿਆਲੀਂ ਜਾ ਪਹੁੰਚੀ ਤੇ ਰਾਂਝਾ ਤਖਤ ਹਜ਼ਾਰੇ ਨੂੰ । ਹੀਰ ਨੂੰ ਤਾਪ ਚੜ੍ਹ ਗਿਆ ਤੇ ਇਲਾਜ ਦੇ ਬਾਵਜੂਦ ਵੀ ਜੁੰਮੇ ਵਾਲੇ ਦਿਨ ਫੌਤ ਹੋ ਗਈ । ਉਧਰ ਰਾਂਝੇ ਨੂੰ ਇਹ ਖ਼ਬਰ ਮਿਲੀ ਤਾਂ ਉਹ ਵੀ ਆਹ ਮਾਰ ਕੇ ਢਹਿ ਪਿਆ ਤੇ ਇਸ ਤਰ੍ਹਾਂ ਕਹਾਣੀ ਦਾ ਅੰਤ ਘੋਰ ਦੁਖਾਂਤ ਹੋ ਨਿਬੜਿਆ ।

ਛੰਦ ਪ੍ਰਬੰਧ :

ਕਿੱਸਾਕਾਰਾਂ ਨੇ ਛੰਦ ਪ੍ਰਬੰਧ ਵਿਚ ਵੀ ਇਕ ਨਿਸ਼ਚਿਤ ਵਿਧੀ ਨੂੰ ਅਪਣਾਇਆ ਭਾਵੇਂ ਪੁਰਾਤਨ ਭਾਰਤੀ ਪਰੰਪਰਾ ਅਨੁਸਾਰ ਬ੍ਰਿਹਾ ਤੇ ਵਿਜੋਗ ਦੀ ਕਵਿਤਾ ਲਈ ਦੋਹਿਰਾ ਤੇ ਚੌਪਈ ਦੀ ਵਰਤੋਂ ਹੁੰਦੀ ਸੀ ਪਰ ਇਨ੍ਹਾਂ ਕਿੱਸਾਕਾਰਾਂ ਨੇ ਦਵੱਯਾ ਤੇ ਬੈਂਤ ਦੀ ਵਰਤੋਂ ਨੂੰ ਪਹਿਲ ਦਿਤੀ । 'ਦਵੱਯਾ' ਨਾਂ ਤੋਂ ਦੋ ਤੁਕਾਂ ਵਾਲਾ ਛੰਦ ਪ੍ਰਤੀਤ ਹੁੰਦਾ ਹੈ ਪਰ ਸ਼ੁਰੂ ਵਿਚ ਵਿਸ਼ੇਸ਼ ਤੌਰ ਤੇ ਦਮੋਦਰ ਦੀ ਰਚਨਾ ਵਿਚ ਇਹ ਚਾਰ ਤੁਕਾਂ ਵਾਲਾ ਬੰਦ ਹੀ ਹੈ ।[12] ਦਵੱਯਾ ਚਾਰ ਤੁੱਕਾਂ ਵਾਲਾ ਮਾਤ੍ਰਿਕ ਛੰਦ ਹੈ । ਹਰ ਤੁਕ ਵਿਚ 28 ਮਾਤ੍ਰਾਂ ਹੁੰਦੀਆਂ ਹਨ ਪਹਿਲਾ ਬਿਸਰਾਮ 16 ਮਾਤ੍ਰਾਂ ਉੱਤੇ ਅਤੇ ਦੂਜਾ 12 ਮਾਤ੍ਰਾਂ ਤੇ ਹੁੰਦਾ ਹੈ । ਦਮੋਦਰ ਨੇ ਆਪਣੇ ਕਿੱਸੇ ਵਿਚ ਦਵੱਯਾ ਛੰਦ ਨੂੰ ਪੂਰਿਆਂ ਨਿਯਮਾਂ ਅਧੀਨ ਨਹੀਂ ਸਗੋਂ ਤੋੜ ਮਰੋੜ ਕੇ ਵਰਤਿਆ ਹੈ । ਦਮੋਦਰ ਦੀਆਂ ਬੰਦਾਂ ਵਿਚ ਕਈ ਵਾਰੀ ਗਿਣਤੀ ਪੰਜ ਤੇ ਛੇ ਸਤਰਾਂ ਤਕ ਵੀ ਜਾ ਪੁੱਜਦੀ ਹੈ । ਮਾਤ੍ਰਾਵਾਂ ਦੀ ਵੀ ਗਿਣਤੀ ਵੱਧ ਜਾਂਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜੇ ਪਾਸੇ ਮੁਕਬਲ ਨੇ ਆਪਣੇ ਕਿੱਸੇ ਵਿਚ ਬੈਂਤ ਦੀ ਵਰਤੋਂ ਕੀਤੀ ਹੈ। ਮੁਕਬਲ ਦੇ ਸਮੇਂ ਬੈਤ ਛੰਦ ਦੀ ਵੀ ਨੂੰਹ ਬੱਝ ਚੁੱਕੀ ਸੀ ਪਰ ਮੁਕਬਲ ਨੇ ਚਾਰ ਤੁਕੀਆ ਬੈਂਤ ਅਪਣਾਇਆ ਹੈ। ਬੈਂਤ ਛੰਦ ਫ਼ਾਰਸੀ ਤੋਂ ਪੰਜਾਬੀ ਸਾਹਿਤ ਵਿਚ ਆਇਆ ਹੈ। ਇਹ ਦੋ ਤੁੱਕਾਂ ਦਾ ਛੰਦ ਹੈ ਤੇ ਲੰਮੇਰੀ ਰਚਨਾ ਲਈ ਅਤਿ ਲਾਭਦਾਇਕ ਹੈ। ਹਰ ਬੈਂਤ ਦਾ ਕਾਫ਼ੀਆ ਅਥਵਾ ਤੁਕਾਂਤ ਮੇਲ ਖਾਂਦਾ ਹੈ। ਪੰਜਾਬੀ ਵਿਚ ਸਭ ਤੋਂ ਪੁਰਾਤਨ ਰੂਪ 20/21 ਮਾਤ੍ਰਾਂ ਦਾ ਮਿਲਦਾ ਹੈ ਜੋ ਨਸੀਹਤਨਾਮੇ ਵਿਚ ਦਰਜ ਹੈ ਜਿਵੇਂ :

ਲਾਨ੍ਹਤ ਹੈ ਤੈਕੂ ਤੇ ਤੈਂਡੀ ਕਮਾਈ,
ਦਗੇਬਾਜ਼ੀ ਕਰਕੇ ਦੁਨੀ ਲੁੱਟ ਖਾਈ।
ਦਮੜਾ ਤਿਸੀ ਕਾ ਜੋ ਖਰਚੇ ਅਰ ਖਾਏ,
ਦੇਵੇ ਦਿਵਾਏ ਜੋ ਰਾਹਿ ਖ਼ੁਦਾਇ।[13]

ਬੈਂਤ ਅਰਬੀ ਸ਼ਬਦ 'ਬੈਂਤ' ਤੋਂ ਵੱਟ ਕੇ ਬਣਿਆ ਹੈ ਜਿਸ ਦੇ ਸ਼ਬਦੀ ਅਰਥ ਦਰਵਾਜ਼ਾ ਜਾਂ ਘਰ ਹੁੰਦੇ ਹਨ। ਸਾਹਿਤਕ ਪਰਿਭਾਸ਼ਾ ਵਿਚ ਬੈਂਤ ਇਕ ਜਾਂ ਦੋ ਤੁਕਾਂ ਵਾਲੇ ਅਜਿਹੇ ਸ਼ੇਅਰ (ਅੰਗਰੇਜ਼ੀ ਕਪਲੈਟ) ਲਈ ਵਰਤਿਆ ਗਿਆ। ਜਿਸ ਦਾ ਤੁਕਾਂਤ (ਕਾਫ਼ੀਆ) ਆਪਸ ਵਿਚ ਮਿਲਦਾ ਹੋਵੇ। ਇਹ ਬੈਂਤ ਆਪਣੇ ਆਪ ਵਿਚ ਇਕ ਸੰਪੂਰਨ ਇਕਾਈ ਹੈ, ਮਾਨੋ ਦੋ ਤੁੱਕਾਂ ਦਾ ਇਕ ਬੰਦ ਸੀ।[14]

ਇਸ ਲਈ ਮੁਕਬਲ ਦਾ ਬੈਂਤ ਛੰਦ ਵਰਤਣਾ ਉਸ ਉੱਤੇ ਇਸਲਾਮੀ ਸਾਹਿਤ ਦਾ ਪ੍ਰਭਾਵ ਹੀ ਸੀ। ਮੁਕਬਲ ਨੇ ਇਸ ਛੰਦ ਨੂੰ ਮਕਬੂਲ ਕੀਤਾ ਜਿਸ ਵਿਚ ਪਿਛੋਂ ਆ ਕੇ ਵਾਰਿਸ ਸ਼ਾਹ ਨੇ ਰਸ ਭਰ ਦਿੱਤਾ। ਇਸ ਤਰ੍ਹਾਂ ਬੈਂਤ ਛੰਦ ਨੇ ਹਰੇਕ ਪੰਜਾਬੀ ਦੇ ਹਿਰਦੇ ਨੂੰ ਹਲੂਣਾ ਮਾਰਨ ਦੀ ਸ਼ਕਤੀ ਹਾਸਿਲ ਕੀਤੀ। ਡਾ. ਪਰਮਿੰਦਰ ਸਿੰਘ ਅਨੁਸਾਰ, "ਇੰਜ ਪਰਤੀਤ ਹੁੰਦਾ ਹੈ ਕਿ ਇਹ (ਬੈਂਤ) 'ਕਸੀਦਾ' ਤੇ 'ਮਸਨਵੀ' ਦੋਹਾਂ ਦੇ ਮੇਲ ਤੋਂ ਹੋਂਦ ਵਿਚ ਆਇਆ ਅਤੇ ਮੁਸਲਮਾਨ ਕਵੀਆਂ ਨੇ ਇਸ ਨੂੰ ਪਰਵਾਨ ਚੜ੍ਹਾਇਆ। ਪਿੱਛੋਂ ਹਿੰਦੂ ਕਵੀਆਂ ਨੇ ਵੀ ਬਾਕੀ ਭਾਰਤੀ ਛੰਦਾਂ ਦੇ ਨਾਲ ਨਾਲ ਇਸ ਨੂੰ ਵਰਤਣਾ ਸ਼ੁਰੂ ਕਰ ਦਿੱਤਾ।[15]

ਇਸ਼ਕ ਦਾ ਸੰਕਲਪ :

ਇਸ਼ਕ ਸਮੁੱਚੇ ਕਿੱਸਾ ਕਾਵਿ ਦਾ ਪ੍ਰਧਾਨ ਤੱਤ ਹੈ। ਦਮੋਦਰ ਅਤੇ ਮੁਕਬਲ ਦੋਹਾਂ ਆਪੋ ਆਪਣੇ ਕਿੱਸੇ ਵਿਚ ਇਸ਼ਕ ਦੇ ਸੰਕਲਪ ਨੂੰ ਬਿਆਨਿਆ ਹੈ। ਦਮੋਦਰ ਕਿਉਂਕਿ ਇਕ ਹਿੰਦੂ ਕਿੱਸਾਕਾਰ ਹੈ ਇਸ ਲਈ ਉਸ ਦੇ ਕਿੱਸੇ ਵਿਚ ਥਾਂ ਪਰ ਥਾਂ ਹਿੰਦੂ ਮਿਥਿਹਾਸਕ ਤੇ ਇਤਿਹਾਸਕ ਇਸ਼ਕ ਦੇ ਹਵਾਲੇ ਮਿਲਦੇ ਹਨ। ਦਮੋਦਰ ਨੇ ਹੀਰ ਦੀਆਂ 360 ਸਹੇਲੀਆਂ ਦਾ ਸੰਕੇਤ ਕਾਨ੍ਹ ਦੀਆਂ 360 ਗੋਪੀਆਂ ਵਜੋਂ ਹੀ ਲਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਰਤ ਜਮਾਲ ਸੁਣੇ ਜੇ ਕੋਈ, ਸਾਈ ਆਤਣ ਆਈ।
ਤ੍ਰੈ ਸੈ ਸਠ ਸਹੇਲੀ ਜੋੜੀ, ਜੇਹੜੀ ਜੇਹੜੀ ਭਾਈ।[16]

ਜਦੋਂ ਹੀਰ ਤੇ ਨੂਰੇ ਸੰਬਲ ਦੀ ਲੜਾਈ ਹੁੰਦੀ ਹੈ ਤਾਂ ਦਮੋਦਰ ਹੀਰ ਨੂੰ ਚੰਡੀ ਦੇਵੀ ਵਾਂਗ ਲੜਦਿਆਂ ਬਹਾਦਰ ਦੱਸਦਾ ਹੈ। ਲੜਾਈ ਦੇ ਮੈਦਾਨ ਵਿਚ ਲਹੂ ਡੁੱਲ੍ਹ ਰਿਹਾ ਹੈ ਅਤੇ ਹਿੰਦੂ ਮਿੱਥ ਅਨੁਸਾਰ ਜੋਗਣੀਆਂ ਰੱਤ ਪੀਣ ਲਈ ਆਉਂਦੀਆਂ ਹਨ :

ਜੋਗਣੀਆਂ ਰੱਤ ਪੀਵਣ ਆਈਆਂ,
ਸੀਸ ਧੜਾਂ ਤੇ ਨਾਹੀ।
ਆਖ ਦਮੋਦਰ ਲਾਲ ਜ਼ਿਮੀ ਸਭ,
ਅਲਤਾ ਜਿਵੇਂ ਵਿਵਾਹੀ।[17]

ਜੋਗਣੀਆਂ ਬਾਰੇ 'ਮਹਾਨ ਕੋਸ਼' ਵਿਚ ਵੀ ਜ਼ਿਕਰ ਹੈ। ਜੋਗਨਿ ਦੁਰਗਾ ਦੇਵੀ ਦੀ ਅੜਦਲ ਵਿਚ ਰਹਿਣ ਵਾਲੀ ਘੋਰ ਦੇਵੀ ਜੋ ਜੰਗ ਵਿਚ ਯੋਧਿਆਂ ਦਾ ਲਹੂ ਪੀਂਦੀ ਹੈ।[18]

ਦਮੋਦਰ ਕਿਉਂਕਿ ਹਿੰਦੂ ਕਿੱਸਾਕਾਰ ਹੋਣ ਦੇ ਨਾਤੇ ਆਪਣੇ ਕਿੱਸੇ ਵਿਚ ਭਾਰਤੀ ਪ੍ਰੀਤ-ਪਰੰਪਰਾ ਨੂੰ ਬਿਆਨਦਾ ਹੈ। ਉਸ ਉਪਰ ਸੂਫ਼ੀਮਤ ਦਾ ਪ੍ਰਭਾਵ ਵੀ ਸੀ। ਭਾਰਤੀ ਪ੍ਰੀਤ ਸਰੀਰਕ ਪ੍ਰੀਤ ਨਹੀਂ ਸਗੋਂ ਆਤਮਕ ਪ੍ਰੀਤ ਹੈ। ਇਸ ਲਈ ਦਮੋਦਰ ਨੇ ਕਿੱਸੇ ਦੇ ਆਰੰਭ ਵਿਚ ਪੰਜ ਪੀਰਾਂ ਦੀ ਬਖ਼ਸ਼ਿਸ਼ ਨਾਲ ਹੀਰ ਤੇ ਰਾਂਝਾ ਇਕ ਦੂਜੇ ਦੇ ਹੋ ਜਾਂਦੇ ਦੱਸੇ ਹਨ। ਦਮੋਦਰ ਅਨੁਸਾਰ ਹੀਰ ਤੇ ਰਾਂਝਾ ਦੀ ਪ੍ਰੀਤ ਰਾਮ ਸੀਤਾ ਅਤੇ ਰਾਧਾ ਕ੍ਰਿਸ਼ਨ ਵਰਗੀ ਪ੍ਰੀਤ ਹੈ :

ਜੇਹੀ ਪ੍ਰੀਤ ਦਸਰਥ ਸੁਤ ਨੰਦਨ, ਦੂਜੀ ਸੀਤਾ ਆਹੀ।
ਜੇਹੀ ਪ੍ਰੀਤ ਨੰਦ ਕੇ ਨੰਦਨ, ਅਰ ਬ੍ਰਿਖਭਾਨ ਕੀ ਜਾਈ।
ਹੁਣ ਤੈਂਡੀ ਮੈਂਡੀ ਪ੍ਰੀਤ ਅਜੇਹੀ, ਜਾਣੇ ਸਭ ਲੁਕਾਈ।
ਆਖ ਦਮੋਦਰ ਸੁਣ ਮੀਆਂ ਰਾਂਝਾ, ਤੂੰ ਮੈਂਡਾ ਸਿਰ ਸਾਈਂ।[19]

ਇਥੇ ਦਮੋਦਰ ਦੇ ਕਿੱਸੇ ਵਿਚਲਾ ਇਸ਼ਕ ਦਾ ਸੰਕਲਪ ਭਾਰਤੀ ਪਰੰਪਰਾ ਸੂਫ਼ੀਮਤ ਅਤੇ ਇਸਲਾਮੀ ਇਸ਼ਕ ਦਾ ਧਾਰਣੀ ਹੈ। ਪ੍ਰਿੰ. ਗੁਰਦਿੱਤ ਸਿੰਘ ਪ੍ਰੇਮੀ ਅਨੁਸਾਰ, "ਸੰਸਾਰੀ ਪਿਆਰ ਵਿਚ ਪਰਮਾਰਥ ਦੀਆਂ ਗੱਲਾਂ ਕਰ ਜਾਣ ਵਾਲਾ ਦਮੋਦਰ ਇਸ ਖੇਤਰ ਦਾ ਮੋਢੀ ਅਤੇ ਅੱਜ ਤਕ ਸ਼੍ਰੋਮਣੀ ਕਿੱਸਾਕਾਰ ਹੈ। ਉਸ ਦਾ ਉਲੀਕਿਆ ਹੀਰ ਰਾਂਝੇ ਦਾ ਪਿਆਰ ਨਿਰਸੰਦੇਹ ਅਦੁਤੀ ਬੇਮਿਸਾਲ ਹੈ"।[20]

ਮੁਕਬਲ ਨੇ ਆਪਣੇ ਕਿੱਸੇ ਵਿਚ ਇਸ਼ਕ ਨੂੰ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਪੇਸ਼ ਕੀਤਾ ਹੈ :

ਇਸ਼ਕ ਹੱਕ ਨੂੰ ਆਣ ਮਿਲਾਂਵਦਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸ ਇਸ਼ਕ ਦੇ ਵਾਰਨ ਜਾਈਏ ਜੀ ।
ਕੁੱਠੇ ਇਸ਼ਕ ਦੇ ਨੂੰ ਨਹੀਂ ਮੌਤ ਮੂਲੋਂ,
ਤੇਗ ਇਸ਼ਕ ਦੀ ਮੂੰਹੋਂ ਮੂੰਹ ਖ਼ਾਈਏ ਜੀ ।[21]

ਆਸ਼ਕ ਤੇ ਮਾਸ਼ੂਕ ਜਦੋਂ ਮਿਲਦੇ ਹਨ ਤਾਂ "ਚਾਰੇ ਨੈਣ ਗਡਾਵਡ ਹੋਏ ਵਿਚ ਵਿਚੋਲਾ ਕੇਹਾ" ਵਾਲੀ ਗੱਲ ਹੁੰਦੀ ਹੈ । ਇਸ਼ਕ ਦੇ ਨਾਲ ਨਾਲ ਹੁਸਨ ਦਾ ਜ਼ਿਕਰ ਵੀ ਜਰੂਰੀ ਹੈ । ਹੁਸਨ ਦਾ ਇਸ਼ਕ ਉਪਰ ਵਾਰ ਹੁੰਦਾ ਵੇਖੋ :

ਪਲਕਾਂ ਹੀਰ ਦੀਆਂ ਤੀਰ ਕਮਾਨ ਅਬਰੂ,
ਸੀਨੇ ਰਾਂਝੇ ਦੇ ਕੱਸ ਕੇ ਮਾਰਦੀ ਹੈ ।
ਅੱਖਾਂ ਹੀਰ ਦੀਆਂ ਤੇਜ ਕਟਾਰੀਆਂ ਨੇ,
ਨਾਲ ਰਮਜਾਂ ਦੇ ਖ਼ੂਨ ਗੁਜਾਰਦੀ ਹੈ ।[22]

ਇਸ਼ਕ ਦੇ ਰਾਹ ਵਿਚ ਸਖਤ ਕਠਨਾਈਆਂ ਪੇਸ਼ ਆਉਂਦੀਆਂ ਹਨ । ਇਸ਼ਕ ਬਲੀ-ਦਾਨ ਮੰਗਦਾ ਹੈ । ਆਸ਼ਕ ਇਹ ਬਲੀਦਾਨ ਹੱਸ ਕੇ ਦੇ ਦੇਂਦਾ ਹੈ । ਇਸ਼ਕ ਵਿਚ ਏਨੇ ਦੁਖ ਆਉਂਦੇ ਹਨ ਜਿਨ੍ਹਾਂ ਦਾ ਨਿਪਟਾਰਾ ਮੌਤ ਨਾਲ ਹੀ ਹੁੰਦਾ ਹੈ :

ਭੜਕੇ ਇਸ਼ਕ ਦੀ ਭਾਅ ਪਤੰਗ ਵਾਂਗੂ,
ਮੂਲ ਜਲਦਿਆਂ ਅੰਗ ਨਾ ਮੋੜੀਏ ਜੀ ।
ਭੁਜ ਮਰਨ ਕਬੂਲ ਹੈ ਆਸ਼ਕਾਂ ਨੂੰ,
ਨੇਹੁ ਲਾਇ ਕੇ ਮੂਲ ਨਾ ਤੋੜੀਏ ਜੀ ।[23]

ਇਹ ਇਸ਼ਕ ਛੁਪਾਇਆ ਛੁਪ ਵੀ ਨਹੀਂ ਸਕਦਾ :

ਇਸ਼ਕ ਮੁਸ਼ਕ ਛੁਪਾਇਆਂ ਨਹੀਂ ਛੁਪਦੇ,
ਅੱਗ ਨਹੀਂ ਛੁਪਦੀ ਜਿਵੇਂ ਵਿਚ ਝਲਾਂ ।[24]

ਹੀਰ ਮੁਕਬਲ ਵਿਚ ਇਸ਼ਕ ਦਾ ਸੰਕਲਪ ਸੱਚੇ ਸੁੱਚੇ ਪਿਆਰ ਦਾ ਪ੍ਰਤੀਕ ਹੈ । ਮੁਕਬਲ ਅਨੁਸਾਰ ਇਹ ਇਸ਼ਕ ਨੈਣਾਂ ਦਾ ਪਿਆਰ ਹੈ, ਅਧਿਆਤਮਕ ਪਿਆਰ ਹੈ, ਸਰੀਰਕ ਪਿਆਰ ਨਹੀਂ । ਇਹ ਤਾਂ ਆਤਮਾ ਤੇ ਪਰਮਾਤਮਾਂ ਦਾ ਪਵਿੱਤਰ ਰਿਸ਼ਤਾ ਹੈ । ਮੁਕਬਲ ਨੇ ਸੂਫ਼ੀਆਂ ਵਾਂਗ ਇਸ਼ਕ ਮਿਜਾਜ਼ੀ ਤੇ ਇਸ਼ਕ ਹਕੀਕੀ ਦੋਹਾਂ ਮੰਜ਼ਲਾਂ ਨੂੰ ਆਪਣੇ ਕਿੱਸੇ ਵਿਚ ਬਿਆਨਿਆ ਹੈ । ਮੁਕਬਲ ਦੇ ਕਿੱਸੇ ਵਿਚ ਅਰਸ਼ੀ ਤੇ ਫਰਸ਼ੀ ਇਸ਼ਕ ਦੇ ਸਾਖਸ਼ਾਤ ਦਰਸ਼ਨ ਹੁੰਦੇ ਹਨ ।

ਸਮਾਜਕ ਯਥਾਰਥ ਚਿਤ੍ਰਣ ਦੇ ਆਧਾਰ ਉੱਤੇ :

ਸਾਹਿਤ ਦਾ ਸੋਮਾ ਸਮਾਜਕ ਜ਼ਿੰਦਗੀ ਹੈ । ਸਾਹਿਤ ਸਮਾਜ ਵਿਚੋਂ ਉਪਜਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਇਸ ਜ਼ਿੰਦਗੀ ਨੂੰ ਨਿਖਾਰ ਕੇ ਪੇਸ਼ ਕਰਦਾ ਹੈ ਕਿਉਂਕਿ ਸਾਹਿਤ ਸਮਾਜ ਦਾ ਦਰਪਣ ਜੁ ਹੋਇਆ। ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਤੋਂ ਮੁਨਕਰ ਨਹੀਂ ਹੋਇਆ ਜਾ ਸ਼ਕਦਾ। ਸਾਹਿਤ ਸਮਾਜ ਦੀ ਅਭਿਵਿਅਕਤੀ ਹੈ। ਸਾਹਿਤ ਵਿਚ ਯਥਾਰਥ ਦਾ ਅਰਥ ਹੈ— ਸਮੱਸਿਆਵਾਂ, ਪਾਤਰਾਂ, ਘਟਨਾਵਾਂ ਆਦਿ ਦਾ ਵਾਸਤਵਿਕ ਰੂਪ ਪੇਸ਼ ਕਰਨਾ। ਯਥਾਰਥ ਕਈ ਤਰ੍ਹਾਂ ਨਾਲ ਪੇਸ਼ ਹੋ ਸ਼ਕਦਾ ਹੈ। ਡਾ. ਰੋਸ਼ਨ ਲਾਲ ਆਹੂਜਾ ਅਨੁਸਾਰ "ਯਥਾਰਥ ਦੇ ਇਕ ਤੋਂ ਵੱਧ ਪੱਖ ਹਨ। ਇਕ, ਕੁਦਰਤ ਨੂੰ ਯਥਾ-ਤਥਾ ਪੇਸ਼ ਕਰਨਾ। ਦੂਜਾ, ਮਾਨਵ ਦੇ ਮਨ ਨੂੰ ਯਥਾ-ਤਥਾ ਬਿਆਨ ਕਰਨਾ। ਤੀਜਾ, ਸਮਾਜਕ ਸਥਿਤੀ ਨੂੰ ਵੀ ਯਥਾ-ਤਥਾ ਚਿਤਰਨਾ ਹੈ ਭਾਵੇਂ ਉਹ ਰਾਜਸੀ ਹੋਵੇ, ਭਾਵੇਂ ਧਾਰਮਿਕ। ਚੌਥਾ, ਸਮਾਜਕ ਸਥਿਤੀ ਵਿਚ ਸਮਾਜਕ, ਆਰਥਿਕ ਜਾਂ ਰਾਜਸੀ ਸ਼ਕਤੀਆਂ ਦੀਆਂ ਗਤੀਆਂ ਨੂੰ ਪ੍ਰਤੀਨਿਧ ਕਰਨਾ ਹੈ। ਪੰਜਵਾਂ, ਚੇਤਨ ਇਤਿਹਾਸਕ ਗਤੀਆਂ ਨੂੰ ਘੋਲ ਲਈ ਤੱਤਪਰ ਜਾਂ ਘੋਲ ਕਰਦੀਆਂ ਵਿਖਾਣਾ ਹੈ"।[25]

ਅਸਲੀ ਤੇ ਨਕਲੀ, ਸੱਚ ਤੇ ਝੂਠ ਦੀ ਪਛਾਣ ਕਰਨਾ ਹੀ ਸਾਹਿਤਕ ਯਥਾਰਥ ਦਾ ਮਨੋਰਥ ਹੈ। ਸਮਾਜਕ ਯਥਾਰਥ ਦਾ ਜਨਮ ਮਾਰਕਸਵਾਦੀ ਵਿਚਾਰਧਾਰਾ ਦੇ ਉਭਾਰ ਨਾਲ ਹੋਇਆ ਹੈ। ਮਾਰਕਸ ਦੇ ਆਰਥਿਕ ਰਾਜਸੀ ਵਿਚਾਰਾਂ ਅਨੁਸਾਰ ਮਨੁੱਖੀ ਇਤਿਹਾਸ ਵਰਗ-ਸੰਘਰਸ਼ ਦਾ ਇਤਿਹਾਸ ਹੈ। ਆਦਿ ਕਾਲ ਤੋਂ ਹੀ ਮਨੁੱਖੀ ਸਮਾਜ ਲੋਟੂ ਤੇ ਲੁਟੇ ਜਾਣ ਵਾਲੇ ਵਰਗਾਂ ਵਿਚ ਵੰਡਿਆ ਰਿਹਾ ਹੈ। ਇਨ੍ਹਾਂ ਦੋਹਾਂ ਵਰਗਾਂ ਦੇ ਹਿਤ ਆਪਸ 'ਚ ਟਕਰਾਂਦੇ ਰਹੇ ਹਨ।

ਸਮਾਜਕ ਯਥਾਰਥ ਆਪਣੇ ਆਪ ਵਿਚ ਇਕ ਇਨਕਲਾਬੀ ਸਿਧਾਂਤ ਹੈ। ਜੇਕਰ ਸਾਹਿਤਕਾਰ ਸਹੀ ਨਜ਼ਰੀਆ ਧਾਰਣ ਕਰ ਲੈਣ ਤਾਂ ਸਾਹਿਤ ਰਾਹੀਂ ਸਹੀ ਸਮਾਜਕ ਜ਼ਿੰਦਗੀ ਦੇ ਮਨੋਰਥ ਤੇ ਉਸ ਪ੍ਰਤੀ ਕਰਤਵਾਂ ਨੂੰ ਦਰਸਾਇਆ ਜਾ ਸਕਦਾ ਹੈ। ਸਾਹਿਤ ਵਿਚ ਯਥਾਰਥ ਬਾਰੇ ਡਾ. ਗੁਰਚਰਨ ਸਿੰਘ ਲਿਖਦੇ ਹਨ, ਸਾਹਿਤ ਅਸਲੀਅਤ ਸੰਬੰਧੀ ਲੋਕਾਂ ਦੇ ਹਾਵ ਭਾਵ, ਵਿਚਾਰ ਤੇ ਸੂਝ ਨੂੰ ਬਦਲਦਾ ਹੈ। ਅਸਲੀਅਤ ਵਿਚ ਮਨੁੱਖ ਦੀ ਸਮਾਜਕ ਅਸਲੀਅਤ ਵੀ ਆ ਜਾਂਦੀ ਹੈ।[26] ਸਾਹਿਤ ਸਦਾ ਮਹਾਨ ਉਹੀ ਹੁੰਦਾ ਹੈ ਜੋ ਇਤਿਹਾਸਕ ਤੌਰ ਤੇ ਆਪਣੇ ਸਮੇਂ ਦੇ ਸਮਾਜ ਵਿਚ ਵਾਪਰਦੀਆਂ ਵਿਰੋਧੀ ਸ਼ਕਤੀਆਂ ਦਾ ਟਾਕਰਾ ਹੂ-ਬ-ਹੂ ਪੇਸ਼ ਕਰੇ, ਨਵੀਆਂ ਤੇ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਆਪਸ ਵਿਚ ਗੁੱਥਮ-ਗੁੱਥਾ ਘੁਲਦਾ ਦਿਖਾਵੇ ਅਤੇ ਆਉਣ ਵਾਲੇ ਸੱਚ ਦੀ ਪ੍ਰਤੀਨਿਧਤਾ ਕਰੇ।

ਦੋਹਾਂ ਵਿਚ ਤੁਲਨਾ :

ਹੁਣ ਦਮੋਦਰ ਤੇ ਮੁਕਬਲ ਦੇ ਕਿੱਸਿਆਂ ਵਿਚੋਂ ਸਮਾਜਕ ਯਥਾਰਥ ਦੀ ਤੁਲਨਾ ਕਰਨੀ ਹੈ ਕਿਉਂਕਿ ਦੋਵੇਂ ਵੱਖ ਵੱਖ ਸਮੇਂ, ਸਥਾਨ ਤੇ ਵਾਤਾਵਰਣ ਵਿਚ ਪਲੇ ਹਨ। ਇਨ੍ਹਾਂ ਦੀਆਂ ਰਚਨਾਵਾਂ ਵਿਚ ਇਸ਼ਕ ਉੱਤੇ ਪਾਬੰਦੀਆਂ ਦਰਸਾਈਆਂ ਗਈਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂਕਿ ਇਸ਼ਕ ਕਰਨਾ ਉਸ ਸਮੇਂ ਦੇ ਜਾਗੀਰਦਾਰੀ ਸਮਾਜ ਵਿਚ ਮਨ੍ਹਾ ਸੀ। ਇਨ੍ਹਾਂ ਕਿੱਸਾਕਾਰਾਂ ਨੇ ਇਸ਼ਕ ਵਿਚ ਕੁੱਠਿਆਂ ਆਸ਼ਕਾਂ ਤੇ ਮਾਸ਼ੂਕਾਂ ਦੀਆਂ ਪ੍ਰੇਮ-ਕਹਾਣੀਆਂ ਨੂੰ ਪੇਸ਼ ਕੀਤਾ ਹੈ। ਦਮੋਦਰ ਤੇ ਮੁਕਬਲ ਦੋਹਾਂ ਨੇ ਸਮੇਂ ਦੇ ਸਮਾਜਕ ਯਥਾਰਥ ਦੀ ਗੱਲ ਕੀਤੀ ਹੈ। ਪ੍ਰੋ. ਮਨਜੀਤ ਕੌਰ ਦਾ ਕਥਨ ਹੈ "ਸਾਰੇ ਕਿੱਸਾਕਾਰਾਂ ਵਿਚ ਇਸ਼ਕ ਦਾ. ਇਹ ਜਜ਼ਬਾ ਠਾਠਾਂ ਮਾਰ ਰਿਹਾ ਹੈ। ਇਸ਼ਕ ਪੀਤ ਜੋ ਕਿ ਪਹਿਲਾਂ ਸਮਾਜਕ ਤੌਰ ਉਤੇ ਅਵੱਰਜਿਤ ਸੀ, ਹੌਲੀ ਹੌਲੀ ਰਮਾਂਚਿਕ ਕਵੀਆਂ ਨੇ ਇਸ ਨੂੰ ਸਾਹਿਤਕ ਵਿਸ਼ਾ ਬਣਾਇਆ ਅਤੇ ਇਸ ਨੂੰ ਸਮਾਜਕ ਯਥਾਰਥ ਦੇ ਤੌਰ ਤੇ ਪ੍ਰਵਾਨ ਹੋਣ ਲਈ ਕਰਾਂਤੀਕਾਰੀ ਕਦਮ ਉਠਾਇਆ"।[27] ਕਿਉਂਕਿ ਇਸ਼ਕ ਕਰਨਾ ਉਸ ਸਮੇਂ ਵਿਵਰਜਿਤ ਸੀ। ਇਸ ਲਈ ਇਸਤ੍ਰੀ ਦੀ ਦਸ਼ਾ ਵੀ ਚੰਗੀ ਨਹੀਂ ਸੀ ਹੋ ਸਕਦੀ। ਦਮੋਦਰ ਦੇ ਕਿੱਸੇ ਅਨੁਸਾਰ ਉਸ ਸਮੇਂ ਇਸਤ੍ਰੀ ਦੀ ਹਾਲਤ ਤਰਸਯੋਗ ਸੀ। ਜਾਗੀਰਦਾਰੀ ਸਮਾਜ ਵਿਚ ਇਸਤ੍ਰੀ ਨੂੰ ਵੀ ਪੈਦਾਵਾਰੀ ਵਸਤ ਸਮਝਿਆ ਜਾਂਦਾ ਸੀ। ਕੁਆਰੀ ਲੜਕੀ ਨੂੰ ਥੋੜ੍ਹੀ ਬਹੁਤੀ ਆਜ਼ਾਦੀ ਸੀ ਪਰ ਵਿਆਹ ਹੁੰਦਿਆਂ ਸਾਰ ਉਹ ਸਹੁਰੇ ਘਰ ਦੀ ਚਾਰ ਦੀਵਾਰੀ ਦੀ ਉਮਰ ਭਰ ਦੀ ਕੈਦਣ ਬਣ ਜਾਂਦੀ ਸੀ। ਵਿਆਹ ਹੋਣ ਸਮੇਂ ਵੀ ਲੜਕੀ ਦੀ ਮਰਜ਼ੀ ਨਹੀਂ ਸੀ ਪੁੱਛੀ ਜਾਂਦੀ, ਸਗੋਂ ਜਿਥੇ ਮਾਪੇ ਚਾਹੁਣ, ਲੜਕੀ ਨੂੰ ਮੱਝ ਗਾਂ ਵੇਚਣ ਵਾਂਗ, ਤੋਰ ਦਿੱਤਾ ਜਾਂਦਾ ਸੀ। ਜਦੋਂ ਹੀਰ ਅਤੇ ਚਾਕ ਦੇ ਪਿਆਰ ਦੀ ਕਹਾਣੀ ਦਾ ਜੱਗ ਨੂੰ ਪਤਾ ਲੱਗ ਜਾਂਦਾ ਹੈ ਤਾਂ ਕੈਦੋਂ ਹੀਰ ਦਾ ਤਾਇਆ ਜਾਂ ਚਾਚਾ ਸਾਰੇ ਪਰਿਵਾਰ ਨੂੰ ਪੁਕਾਰ ਪੁਕਾਰ ਕੇ ਆਖਦਾ ਹੈ :

> ਸੁਣਹੁ ਸਿਆਲੋ ! ਧੀਆਂ ਵਾਲੋ ! ਧੀਆਂ ਮੂਲ ਨਾ ਰੱਖੋ।
> ਹਿੱਕੇ ਤਾਂ ਧੀਆਂ ਨਈਂ ਲੁੜ੍ਹਾਹੋ, ਹਿੱਕੇ ਸਿਰ ਕਰਿਆਹੇ ਵਖੋ।
> ਹਿੱਕ ਹਿੱਕ ਵੰਡੀ ਆਵੰਦੀ ਨਾਹੇ, ਅੰਗਲ ਭਰ ਭਰ ਚਖੋ।
> ਤੁਸੀਂ ਖਾਂਦੇ ਹੋ ਢੋਡਾ ਥਾਪੀ, ਚਾਕ ਖਾਦੇ ਇਹ ਵਥੋ।[28]

ਸੁਖਪਾਲ ਵੀਰ ਸਿੰਘ ਹਸਰਤ ਵੀ ਉਸ ਸਮੇਂ ਦੀ ਸਮਾਜਕ ਹਾਲਤ ਦਾ ਯਥਾਰਥ-ਵਾਦੀ ਚਿਤ੍ਰਣ ਕਰਦਾ ਲਿਖਦਾ ਹੈ, 'ਦਰਅਸਲ ਅਜਿਹੀਆਂ ਕੀਮਤਾਂ ਨੂੰ ਪਾਲਣ ਵਾਲਾ ਉਸ ਸਮੇਂ ਦਾ ਰਜਵਾੜਾ ਸਮਾਜ ਸੀ ਜਿਸ ਵਿਚ ਇਕ ਰਾਜਾ ਜਾਂ ਜਾਗੀਰਦਾਰ ਤਾਂ ਦਿਨ ਦਿਹਾੜੇ ਸੈਂਕੜੇ ਇਸਤਰੀਆਂ ਨਾਲ ਰੰਗ ਰਲੀਆਂ ਮਾਣ ਸਕਦਾ ਸੀ ਪਰ ਇਕ ਆਸ਼ਕ ਨੂੰ ਉਹ ਇਸਤਰੀ ਪ੍ਰਾਪਤ ਨਹੀਂ ਸੀ ਹੋ ਸਕਦੀ ਜਿਸ ਨੂੰ ਕਿ ਉਹ ਤਨੋਂ ਮਨੋਂ ਚਾਹੁੰਦਾ ਹੋਵੇ"।[29]

ਦਮੋਦਰ ਦੇ ਕਿੱਸੇ ਵਿਚ ਨੌਜਵਾਨ ਲੜਕੇ ਲੜਕੀਆਂ ਸਮਾਜਕ ਬੰਧਨਾਂ ਵਿਚ ਰਹਿ ਕੇ ਵਿਆਹ ਕਰਨ ਲਈ ਤਿਆਰ ਨਹੀਂ, ਉਹ ਆਪਣੀ ਮਨਪਸੰਦ ਇੱਛਾ ਪੂਰੀ ਕਰਨੀ ਚਾਹੁੰਦੇ ਹਨ। ਸਿੱਟੇ ਵਜੋਂ ਜਾਗੀਰਦਾਰੀ ਸਮਾਜ ਨਾਲ ਟੱਕਰ ਲੱਗ ਜਾਂਦੀ ਹੈ ਅਤੇ ਅੰਤ ਵਿਚ ਆਸ਼ਕ ਆਪਣੀ ਮੰਜ਼ਲ ਪ੍ਰਾਪਤ ਕਰਦੇ ਹਨ, ਚਾਹੇ ਉਨ੍ਹਾਂ ਨੂੰ ਮੌਤ ਵੀ ਕਿਉਂ ਨਾ ਵਿਹਾਜਣੀ ਪਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਮੋਦਰ ਦੇ ਸਮੇਂ ਸਮਾਜ ਆਰਥਿਕ ਪੱਖ ਦੋ ਵਰਗਾਂ ਵਿਚ ਵੰਡਿਆ ਹੋਇਆ ਸੀ। ਇਕ ਪਾਸੇ 'ਭੁਈਂ ਨਈਂ ਦੇ ਸਾਈਂ' ਵੱਡੇ ਵੱਡੇ ਰਾਠ ਸਨ. ਜਿਨ੍ਹਾਂ ਦੇ ਘਰ ਸਭ ਖੁਸ਼ੀਆਂ ਤੇ ਬਰਕਤਾਂ ਸਨ। ਦੂਜੇ ਪਾਸੇ ਚਾਕ, ਗਰੀਬ, ਕਮੀ-ਕਮੀਣ ਤੇ ਖੇਤਾਂ ਵਿਚ ਹੱਡ ਭੰਨਣ ਵਾਲੇ ਮਿਹਨਤਕਸ਼ ਲੋਕ ਸਨ। ਤਾਹੀਉਂ ਤਾਂ ਹੀਰ ਦਾ ਬਾਪ ਚੂਚਕ ਧੀਦੋ ਚਾਕ (ਰਾਂਝੇ) ਨਾਲ ਆਪਣੀ ਧੀ ਦਾ ਵਿਆਹ ਨਹੀਂ ਕਰਨਾ ਚਾਹੁੰਦਾ। ਉਸ ਵਿਚ ਆਪਣੀ ਜਾਤੀ ਹੈਂਕੜ ਤੇ ਅਮੀਰੀ ਦਾ ਗਰੂਰ ਸੀ ਜੋ ਕਿ ਉਸ ਸਮੇਂ ਦਾ ਸਮਾਜਕ ਯਥਾਰਥ ਹੀ ਤਾਂ ਹੈ।

ਦਮੋਦਰ ਅਨੁਸਾਰ ਉਸ ਸਮੇਂ ਸੰਯੁਕਤ ਪਰਿਵਾਰ ਹੁੰਦੇ ਸਨ। ਦੇਵਰ ਭਾਬੀਆਂ ਦੇ ਹਾਸੇ ਰੋਸੇ, ਨਨਾਣ-ਭਰਜਾਈ ਦੀਆਂ ਆਪਸੀ ਗੁੱਝੀਆਂ ਗੱਲਾਂ ਰਮਜ਼ਾਂ, ਨੂੰਹ ਸੱਸਾਂ ਦੇ ਸੰਬੰਧ, ਭਰਾ ਭਰਾਵਾਂ ਵਿਚ ਜਾਇਦਾਦ ਤੋਂ ਲੜਾਈਆਂ ਆਦਿ ਉਸ ਸਮੇਂ ਦੇ ਸਮਾਜ ਦਾ ਯਥਾਰਥਕ ਚਿਤ੍ਰਣ ਹੈ। ਦਮੋਦਰ ਅਨੁਸਾਰ ਉਸ ਸਮੇਂ ਦੇ ਲੋਕ ਅਨਪੜ੍ਹ ਅੰਧ-ਵਿਸ਼ਵਾਸੀ ਸਨ ਜੋ ਭੂਤ ਪਰੇਤਾਂ ਦੀ ਹੋਂਦ ਨੂੰ ਮੰਨਦੇ ਹੋਏ ਪੀਰਾਂ ਫ਼ਕੀਰਾਂ ਤੇ ਜੋਗੀਆਂ ਦੀ ਲੁੱਟ ਦਾ ਸ਼ਿਕਾਰ ਸਨ। ਪਿੰਡਾਂ ਵਿਚ ਚੋਰ ਡਾਕੂ, ਸੰਤਾਂ, ਪੀਰਾਂ, ਜੋਗੀਆਂ ਦੇ ਭੇਸ ਵਿਚ ਥਾਂ ਪਰ ਥਾਂ ਤੁਰਦੇ ਫਿਰਦੇ ਨਜ਼ਰ ਆਉਂਦੇ ਹਨ ਜੋ ਕਿ ਉਸ ਸਮੇਂ ਦੇ ਸਮਾਜਕ ਯਥਾਰਥ ਨੂੰ ਉਜਾਗਰ ਕਰਦੇ ਹਨ।

ਮੁਕਬਲ ਨੇ ਵੀ ਆਪਣੇ ਕਿੱਸੇ ਵਿਚ ਉਸ ਸਮੇਂ ਦੇ ਸਮਾਜ ਦੀ ਤਸਵੀਰ ਨੂੰ ਪੇਸ਼ ਕਰਕੇ ਸਮਾਜਕ ਯਥਾਰਥ ਚਿਤ੍ਰਣ ਦਾ ਉਪਰਾਲਾ ਕੀਤਾ ਹੈ ਪਰੰਤੂ ਮੁਕਬਲ ਕੋਲ ਦਮੋਦਰ ਜਿੰਨੀ ਪ੍ਰਤਿਭਾ ਨਹੀਂ ਹੈ। ਮੁਕਬਲ ਦੇ ਸਮੇਂ ਲੋਕਾਂ ਦਾ ਵਿਸ਼ਵਾਸ ਧਰਮ ਵਿਚ ਵਧੇਰੇ ਹੀ ਜਾਪਦਾ ਹੈ। ਇਸ਼ਕ ਨੂੰ ਵੀ ਧਾਰਮਿਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਣ ਲੱਗ ਪਿਆ। ਜਿਥੇ ਇਸ਼ਕ ਨੂੰ ਧਾਰਮਿਕ ਉੱਚਤਾ ਪ੍ਰਾਪਤ ਸੀ, ਉਥੇ ਆਸ਼ਕਾਂ ਨੂੰ ਵੀ ਸਤਿਕਾਰ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਣ ਲੱਗ ਪਿਆ। ਮੁਕਬਲ ਅਨੁਸਾਰ ਮਸੀਤਾਂ ਦੇ ਮੁੱਲਾਂ ਤੇ ਕਾਜ਼ੀਆਂ, ਬ੍ਰਾਹਮਣਾਂ, ਜੋਗੀਆਂ, ਪੀਰਾਂ ਆਦਿ ਦਾ ਵੀ ਸਤਿਕਾਰ ਕੀਤਾ ਜਾਂਦਾ ਸੀ। ਲੋਕ ਪੀਰਾਂ ਫ਼ਕੀਰਾਂ ਨੂੰ ਇਸਲਾਮੀ ਪ੍ਰਭਾਵ ਅਧੀਨ ਅਰਸ਼ੀ ਰਹਿਮਤਾਂ ਬਖਸ਼ਣ ਵਾਲੇ ਸਮਝਿਆ ਜਾਂਦਾ ਸੀ। ਮੁਕਬਲ ਦੇ ਕਿੱਸੇ ਵਿਚ ਇਸਤਰੀ ਦੀ ਸਮਾਜ ਵਿਚ ਕਦਰ ਬਹੁਤ ਘੱਟ ਸੀ। ਔਰਤ ਨਾਲ ਬੇਇਨਸਾਫ਼ੀ ਥਾਂ ਪਰ ਥਾਂ ਹੁੰਦੀ ਹੈ। ਔਰਤ ਦੀ ਭੰਡੀ ਕਰਨ ਵਿਚ ਮੁਕਬਲ ਪਿੱਛੇ ਨਹੀਂ ਰਹਿੰਦਾ। ਮਿਸਾਲ ਵਜੋਂ :

ਰਾਂਝਾ ਆਖਦਾ ਰੰਨਾਂ ਤੋਂ ਨਫ਼ਾ ਨਾਹੀਂ,
ਰੰਨਾਂ ਨਾਲ ਕਿਉਂ ਦੋਸਤੀ ਲਾਈਏ ਜੀ।[30]

ਜਾਂ

ਰੱਬ ਲਿਖਿਆ ਵਿਚ ਕੁਰਾਨ ਦੇ ਜੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਰੰਨਾਂ ਦੇ ਮਕਰ ਦਾ ਮੇਚ ਬੰਨਾ ।
ਦਿਨੇ 'ਮੁਕਬਲਾ' ਡਰਨ ਬਲਾਈਆਂ ਤੋਂ,
ਰਾਤੀਂ ਚੀਰ ਕੇ ਨਦੀ ਤਰ ਜਾਣ ਰੰਨਾਂ ।[31]

ਮੁਕਬਲ ਦੇ ਕਿੱਸੇ ਵਿਚ ਲੋਕਾਂ ਦਾ ਆਚਰਣਕ ਤੇ ਸਦਾਚਾਰਕ ਜੀਵਨ ਦੀ ਝਲਕਦਾ ਹੈ ਜਿਵੇਂ :

ਜਿਨ੍ਹਾਂ ਬੇਟੀਆਂ ਘਰੀਂ ਕੁਵਾਰੀਆਂ ਨੇ,
ਪੈਰ ਤਿਨ੍ਹਾਂ ਦੇ ਮੂਲ ਨਾ ਪਾਈਏ ਜੀ ।[32]

ਮੁਕਬਲ ਦੇ ਕਿੱਸਿਆਂ ਵਿਚ ਧੀਆਂ ਮਾਰਨ ਬਾਰੇ ਜ਼ਿਕਰ ਆਉਂਦਾ ਹੈ । ਮੱਧਕਾਲੀ ਕਿੱਸਿਆਂ ਵਿਚ ਜੇਕਰ ਕੋਈ ਲੜਕੀ ਆਪਣੀ ਮਰਜ਼ੀ ਨਾਲ ਵਿਆਹ ਬਾਰੇ ਸੋਚਦੀ ਸੀ ਤਾਂ ਉਸ ਨੂੰ ਖ਼ਤਮ ਕਰਨ ਦੀਆਂ ਸਲਾਹਾਂ ਸ਼ੁਰੂ ਹੋ ਜਾਂਦੀਆਂ ਸਨ, ਜਿਵੇਂ :

ਧੀਆਂ ਹੋਰਨਾਂ ਦੇ ਸਾੜੇ ਧਾੜ ਜੰਮੀ,
ਨੱਢੀ ਕਿਸੇ ਥੋਂ ਸਹਿਮ ਨਾ ਖਾਂਵਦੀ ਹੈ ।
ਥਾਇੰ ਮਾਰੀਏ 'ਮੁਕਬਲਾ' ਹੀਰ ਤਾਈਂ,
ਨਾਹੀਂ ਡਾਢੜੀ ਲੀਕ ਲਗਾਂਵਦੀ ਹੈ ।[33]

ਮੁਕਬਲ ਅਨੁਸਾਰ ਹੀਰ ਦੇ ਮਾਪਿਆਂ ਨੇ ਹੀਰ ਨੂੰ ਜ਼ਬਰਦਸਤੀ ਉਸ ਦੀ ਮਰਜ਼ੀ ਦੇ ਉਲਟ ਖੇੜਿਆਂ ਨਾਲ ਵਿਆਹ ਦੇਣ ਦੀ ਸੋਚੀ, ਜਿਵੇਂ :

ਜ਼ੋਰਾਵਰੀ ਬਹਾਲ ਕੇ ਹੀਰ ਤਾਈਂ,
ਮੱਲ ਵੱਟਣਾ ਤੇਲ ਚੜਾਇਓ ਨੇ ।
ਜ਼ਾਰੀ ਰੋਂਵਦੀ ਵੱਸ ਨਾ ਚੱਲਦਾ ਹੈ,
ਅਣਪੁੱਛਿਆ ਸ਼ਗਨ ਮਨਾਇਓ ਨੇ ।[34]

ਮੁਕਬਲ ਅਨੁਸਾਰ ਉਸ ਸਮੇਂ ਜੱਦੀ ਜਾਇਦਾਦ ਵੰਡਣ ਸਮੇਂ ਭਰਾਵਾਂ ਵਿਚ ਲੜਾਈ ਹੋ ਜਾਣੀ ਮੁਭਾਵਕ ਸੀ ਕਿਉਂਕਿ ਕਿਰਸਾਣੀ ਜੀਵਨ ਵਿਚ ਜ਼ਮੀਨ ਦੀ ਕਦਰ ਬਹੁਤ ਸੀ । ਅਜਿਹੀ ਵੰਡ ਸਮੇਂ ਮਾਮਲਾ ਪੰਚਾਇਤ ਕੋਲ ਵੀ ਜਾ ਅਪੜਦਾ ਸੀ । ਪੰਚ ਵੱਢੀ ਖਾ ਕੇ ਅਨਿਆਂ ਵੀ ਕਰਦੇ ਸਨ । ਜਿਵੇਂ ਰਾਂਝੇ ਨਾਲ ਜ਼ਮੀਨ ਦੀ ਵੰਡ ਸਮੇਂ ਹੁੰਦਾ ਹੈ :

ਮਿਲਕ ਆਪਣੇ ਬਾਪ ਦੀ ਵੰਡਣੇ ਨੂੰ,
ਪੇਂਚ ਸੱਦ ਕੇ ਭਾਈਆਂ ਨੇ ਕੱਛ ਪਾਈ ।
ਜਿਥੇ ਦੱਭ ਸਰੱਕੜਾ ਮੱਲਿਆ ਸੀ,
ਸੋਈ ਜ਼ਿਮੀ ਰੰਝੇਟੇ ਦੀ ਵੰਡ ਆਈ ।[35]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਤਰ੍ਹਾਂ ਉਸ ਸਮੇਂ ਕਾਜ਼ੀ, ਪੈਂਚ, ਲੁਡਣ ਮਲਾਹ ਵਰਗੇ ਵੀ ਰਿਸ਼ਵਤ ਖੋਰੀ ਦੀ ਬੀਮਾਰੀ ਦਾ ਸ਼ਿਕਾਰ ਸਨ ਜੋ ਕਿ ਉਸ ਸਮੇਂ ਦਾ ਸਮਾਜਕ ਯਥਾਰਥ ਹੀ ਤਾਂ ਹੈ।

ਮੁਕਬਲ ਦਾ ਕਿੱਸਾ ਭਾਵੇਂ ਦਮੋਦਰ ਦੇ ਕਿੱਸੇ ਦੇ ਮੁਕਾਬਲੇ ਆਕਾਰ ਵਿਚ ਛੋਟਾ ਹੀ ਹੈ ਪਰ ਫ਼ਿਰ ਵੀ ਉਸ ਨੇ ਆਪਣੇ ਸਮੇਂ ਦੇ ਸਮਾਜਕ ਯਥਾਰਥ ਨੂੰ ਸੰਕੋਚਮਈ ਸ਼ੈਲੀ ਵਿਚ ਪੇਸ਼ ਕੀਤਾ ਹੈ। ਹੀਰ ਰਾਂਝੇ ਦੀ ਕਹਾਣੀ ਨੂੰ ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ ਤੱਥ ਤੇ ਮਿਥ ਦਾ ਸੰਜੋਗ ਦਸਦੇ ਹੋਏ ਲਿਖਦੇ ਹਨ, ਹੀਰ ਰਾਂਝੇ ਦੀ ਦੰਤ ਕਥਾ ਦੇ ਪਾਤਰ ਕਦੇ ਹੱਡ ਮਾਸ ਵਿਚ ਹੋਏ ਹੋਣ ਜਾਂ ਉਨ੍ਹਾਂ ਵਿਚੋਂ ਕੁਝ ਲੋਕ-ਕਲਪਨਾ ਵਿਚੋਂ ਉਭਰੇ ਹੋਣ ਤੇ ਕੁਝ ਵਾਸਤਵਿਕ ਹੋਣ, ਇਸ ਨਾਲ ਇਸ ਕਥਾ ਦੀ ਮਹੱਤਤਾ ਵਿਚ ਫਰਕ ਨਹੀਂ ਪੈਂਦਾ। ਇਸ ਕਥਾ ਵਿਚ ਸਮੇਂ ਦੇ ਸੱਚ ਨੂੰ ਜਿਸ ਜਲੌ ਵਿਚ ਪੇਸ਼ ਕੀਤਾ ਗਿਆ ਹੈ, ਉਸ ਦੀ ਦੱਖ ਹੀ ਪਾਤਰਾਂ ਨੂੰ ਗੌਰਵ ਬਖਸ਼ਦੀ ਹੈ ..ਇਸ ਕਥਾ ਦਾ ਹਰੇਕ ਪਾਤਰ, ਘਟਨਾ ਜਾਂ ਵਸਤੂ ਸਾਡੇ ਕਿਸੇ ਸਭਿਆਚਾਰਕ ਸੱਚ ਦਾ ਪ੍ਰਤੀਕ ਹੈ, ਜਿਸ ਕਰਕੇ ਇਸ ਵਿਚ ਸਮੇਂ ਦੀ ਚੇਤਨਾ ਅਨੁਕੂਲ ਆਤਮਿਕ ਵਿਕਾਸ ਹੁੰਦਾ ਰਹੇਗਾ। ਇਹ ਕਥਾ ਨਵੇਂ ਨਵੇਂ ਅਰਥਾਂ ਤੇ ਲੋਕ-ਬੋਧਾਂ ਕਾਰਣ ਨਿੱਤ ਨਵੀਂ ਰਹੇਗੀ। ਇਸ ਵਿਚਲੀ ਸਰਬ ਵਿਆਪਕ ਮੁੱਲਾਂ ਦੀ ਗਹਿਰਾਈ ਹਰ ਯੁਗ ਵਿਚ ਵਿਦਵਾਨ ਨੂੰ ਵੰਗਾਰਦੀ ਰਹੇਗੀ।[36] ਅਗੇ ਫਿਰ ਲਿਖਿਆ ਹੈ ਕਿ ਹੀਰ ਰਾਂਝੇ ਦੀ ਕਥਾ ਮੱਧਕਾਲੀ ਪੰਜਾਬੀ ਸਭਿਆਚਾਰ ਦੀ ਆਪਣੀ ਪੂਰੀ ਗਹਿਰਾਈ ਅਤੇ ਬਹੁਬਿਧਤਾ ਨਾਲ ਪ੍ਰਤੀਨਿਧਤਾ ਕਰਦੀ ਹੈ ਅਤੇ ਇਹ ਮੱਧਕਾਲ ਵਿਚ ਪ੍ਰਚਲਿਤ ਅਨੇਕ ਕਥਾਨਿਕ ਰੂੜ੍ਹੀਆਂ ਦਾ ਸਹਿਜ ਸੰਜੋਗ ਹੈ। ਜਿਸ ਰੂਪ ਵਿਚ ਹੀਰ ਰਾਂਝੇ ਦੀ ਕਥਾ ਪ੍ਰਚਲਿਤ ਹੈ, ਉਸ ਵਿਚ ਬਹੁਤ ਸਾਰੀਆਂ ਕਲਪਿਤ ਤੇ ਮਿਥਕ ਰੂੜ੍ਹੀਆਂ ਅਭੇਦ ਹੋਈਆਂ ਪਈਆਂ ਹਨ ਪਰ ਸਮੇਂ ਦੇ ਸੱਚ ਨੂੰ ਜਲੌ ਵਿਚ ਪੇਸ਼ ਕਰਨ ਕਰਕੇ ਇਹ ਕਥਾ ਸਦਾ ਯਥਾਰਥ ਦਾ ਪ੍ਰਭਾਵ ਪਾਉਂਦੀ ਰਹੇਗੀ"।[37]

ਹੀਰ 'ਦਮੋਦਰ' ਅਤੇ ਹੀਰ 'ਮੁਕਬਲ' ਦੇ ਤੁਲਨਾਤਮਕ ਸਭਿਆਚਾਰਕ ਅਧਿਐਨ ਤੋਂ ਪਤਾ ਲਗਦਾ ਹੈ ਕਿ ਦਮੋਦਰ ਪੰਜਾਬੀ ਹੀਰ ਸਾਹਿਤ ਦਾ ਮੋਢੀ ਕਿੱਸਾਕਾਰ ਹੈ ਜਿਸ ਨੇ ਹਿੰਦੂ ਹੋਣ ਕਰਕੇ ਭਾਰਤੀ ਕਥਾ ਕਾਵਿ ਅਨੁਸਾਰ ਹੀਰ ਦਾ ਕਿੱਸਾ ਆਰੰਭ ਕਰਨ ਲਗਿਆਂ ਇਕ ਪਰਮਾਤਮਾ ਨੂੰ ਧਿਆਇਆ ਹੈ। ਇਕ ਪਰਮਾਤਮਾ ਦਾ ਪ੍ਰਭਾਵ ਉਸ ਸਮੇਂ ਸਿੱਖ ਮਤ ਦੇ ਪਰਚਾਰ ਦਾ ਪ੍ਰਭਾਵ ਵੀ ਲੱਗਦਾ ਹੈ। ਕਈ ਵਿਦਵਾਨਾਂ ਅਨੁਸਾਰ ਦਮੋਦਰ ਸਿੱਖ ਘਰ ਦਾ ਸ਼ਰਧਾਲੂ ਸੀ। ਦਮੋਦਰ ਨੇ ਕਿੱਸੇ ਵਿਚਲੇ ਪਾਤਰ, ਕਹਾਣੀ, ਵਿਚਾਰ-ਧਾਰਾਈ ਜੀਵਨ ਫਿਲਾਸਫ਼ੀ ਆਦਿ ਚਿਤ੍ਰਣ ਸਮੇਂ ਹਿੰਦੂ ਮਿਥ ਦੇ ਹਵਾਲੇ ਥਾਂ ਪਰ ਥਾਂ ਦਿਤੇ ਹਨ। ਦਮੋਦਰ ਨੇ ਪਹਿਲੀ ਵਾਰ ਹੀਰ ਕੋਲੋਂ ਸਮਾਜਕ ਬੰਧਨਾਂ ਵਿਰੁੱਧ ਆਵਾਜ਼ ਉਠਾਈ ਹੈ। ਉਸ ਨੇ ਪਿਆਰ ਵਰਗੀ ਮਿੱਠੀ ਸ਼ੈ ਨੂੰ ਸਮਾਜਕ ਬੰਧਨਾਂ ਤੋਂ ਸ਼ਕਤੀਸ਼ਾਲੀ ਦਰਸਾਇਆ ਹੈ। ਉਸ ਨੇ ਹੀਰ ਨੂੰ ਰਾਜ਼ਪੂਤੀ ਦੰਤ ਕਥਾ ਅਨੁਸਾਰ ਰਾਣੀ ਪਦਮਾਵਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਤੁਲਨਾਇਆ ਹੈ। ਕ੍ਰਿਸ਼ਨ ਮਹਾਰਾਜ ਦੀ ਬੰਸਰੀ ਵਾਲਾ ਪ੍ਰਭਾਵ ਰਾਂਝੇ ਦੀ ਵੰਝਲੀ ਵਿਚ ਪੇਸ਼ ਕੀਤਾ ਹੈ। ਰਾਂਝੇ ਦਾ ਜੋਗੀ ਬਣਨਾ ਦਮੋਦਰ ਉੱਤੇ ਜੋਗ ਮਤ ਦਾ ਪ੍ਰਭਾਵ ਪ੍ਰਤੱਖ ਹੈ। ਕਿੱਸੇ ਦਾ ਅੰਤ ਵੀ ਸੁਖਾਂਤ ਵਿਚ ਕੀਤਾ ਹੈ ਜੋ ਕਿ ਭਾਰਤੀ ਸਾਹਿਤ ਦਾ ਵਿਸ਼ੇਸ਼ ਗੁਣ ਹੈ।

ਦਮੋਦਰ ਤੋਂ ਪਿਛੋਂ ਮੁਕਬਲ ਦੀ ਵਾਰੀ ਆਉਂਦੀ ਹੈ। ਮੁਕਬਲ ਨੇ ਆਪਣੇ ਕਿੱਸੇ ਦਾ ਆਰੰਭ ਇਸਲਾਮੀ ਮਿਥ ਅਨੁਸਾਰ ਕੀਤਾ। ਮੁਕਬਲ ਨੇ ਕਹਾਣੀ ਨੂੰ ਇਸਲਾਮੀ ਸ਼ਰ੍ਹਾ ਦੇ ਅਧੀਨ ਰੱਖਿਆ ਅਤੇ ਪਾਤਰਾਂ ਦਾ ਇਸਲਾਮੀਕਰਣ ਕੀਤਾ। ਅੰਤ ਵਿਚ ਮੁਕਬਲ ਨੇ ਕਿੱਸੇ ਨੂੰ ਦੁਖਾਂਤ ਵਿਚ ਸਮਾਪਤ ਕੀਤਾ। ਮੁਕਬਲ ਨੇ ਵੀ ਆਪਣੇ ਕਿੱਸੇ ਵਿਚ ਸਮਾਜ ਦੀ ਤਸਵੀਰ ਨੂੰ ਬਿਆਨਿਆ ਪਰ ਮੁਕਬਲ ਦਮੋਦਰ ਦਾ ਮੁਕਾਬਲਾ ਨਹੀਂ ਕਰ ਸਕਿਆ। ਮੁਕਬਲ ਨੇ ਰਾਂਝੇ ਦੇ ਪਾਤਰ ਚਿਤ੍ਰਣ ਸਮੇਂ ਉਸ ਦੇ ਗੁਣਾਂ ਨੂੰ ਉਭਾਰਨ ਦਾ ਯਤਨ ਹੀ ਨਹੀਂ ਕੀਤਾ। ਮੁਕਬਲ ਨੇ ਕਿੱਸੇ ਵਿਚ ਇਸਤਰੀ ਦੀ ਭੰਡੀ ਵੀ ਕੀਤੀ ਹੈ ਕਿਉਂਕਿ ਇਸਲਾਮ ਵਿਚ ਇਸਤ੍ਰੀ ਨੂੰ ਉਹ ਆਜ਼ਾਦੀ ਨਹੀਂ ਜੋ ਹਿੰਦੂ ਸਮਾਜ ਵਿਚ ਹੈ। ਦਮੋਦਰ ਨੇ ਆਪਣੇ ਕਿੱਸੇ ਵਿਚ ਕਿਤੇ ਵੀ ਇਸਤਰੀ ਦੀ ਭੰਡੀ ਨਹੀਂ ਕੀਤੀ। ਇਹ ਦਮੋਦਰ ਦੀ ਵਿਸ਼ੇਸ਼ਤਾ ਹੈ। ਮੁਕਬਲ ਦੇ ਕਿੱਸੇ ਵਿਚ ਦਮੋਦਰ ਦੇ ਕਿੱਸੇ ਨਾਲੋਂ ਫ਼ਾਰਸੀ ਰੰਗਤ ਵਧੇਰੇ ਹੈ ਕਿਉ ਕਿ ਫ਼ਾਰਸੀ ਰਾਜ ਭਾਸ਼ਾ ਸੀ। ਦੂਜਾ ਮੁਕਬਲ ਇਕ ਮੁਸਲਮਾਨ ਕਵੀ ਸੀ। ਇਸ ਗੱਲ ਦੀ ਪੁਸਟੀ ਡਾ. ਸਵਰਨ ਸਿੰਘ ਕਰਦਿਆਂ ਲਿਖਦੇ ਹਨ, ''ਭਾਰਤ ਉਪਰ ਮੁਸਲਮਾਨੀ ਰਾਜ ਲੰਮੇ ਸਮੇਂ ਤੋਂ ਸਥਾਪਿਤ ਹੋ ਚੁੱਕਾ ਸੀ ਤੇ ਲੱਖਾਂ ਲੋਕਾਂ ਨੇ ਇਸ ਧਰਮ ਨੂੰ ਧਾਰਨ ਕਰ ਲਿਆ ਸੀ। ਫ਼ਾਰਸੀ ਰਾਜ ਭਾਸਾ ਨਾਲ ਅਰਬੀ ਧਾਰਮਿਕ ਭਾਸ਼ਾ ਦੇ ਤੌਰ ਤੇ ਵਰਤੋਂ ਵਿਚ ਆ ਰਹੀ ਸੀ। ਇਸ ਤਰ੍ਹਾਂ ਇਸਲਾਮੀ ਧਰਮ ਅਤੇ ਸਾਹਿਤ ਨੇ ਭਾਰਤੀ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ। ਫਲਸਰੂਪ ਇਸਲਾਮੀ ਇਤਿਹਾਸ, ਮਿਥਿਹਾਸ, ਯੂਨਾਨ, ਅਸਰਾਈਲ ਦੀਆਂ ਪਰੰਪਰਾਵਾਂ ਤੇ ਹਵਾਲੇ ਮੱਧਕਾਲੀ ਕਿੱਸਿਆਂ ਵਿਚ ਆਮ ਮਿਲਦੇ ਹਨ''।[38]

ਹਵਾਲੇ ਤੇ ਟਿੱਪਣੀਆਂ

1. ਪ੍ਰਿੰ. ਗੁਰਦਿੱਤ ਸਿੰਘ ਪ੍ਰੇਮੀ (ਸੰਪਾ.) 'ਦਮੋਦਰ ਰਚਨਾਵਲੀ', ਪੰਨਾ 261.
2. 'ਮੁਕਬਲ' (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਪੰਨਾ 72.
3. 'ਮੁਕਬਲ' (ਸੰਪਾ.) ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 38.
4. 'ਦਮੋਦਰ ਰਚਨਾਵਲੀ', (ਸੰਪਾ.) ਪ੍ਰਿੰ. ਗੁਰਦਿੱਤ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. 'ਦਮੋਦਰ ਇਕ ਸਾਹਿਤਕ ਮੁਲਾਂਕਣ', ਪੰਨਾ 121.
6. 'ਦਮੋਦਰ ਰਚਨਾਵਲੀ', ਪੰਨਾ 32.
7. 'ਮੁਕਬਲ' (ਸੰਪਾ.) ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 1.
8. 'ਦਮੋਦਰ ਰਚਨਾਵਲੀ', ਪੰਨਾ 260.
9. ਉਹੀ, ਪੰਨਾ 261.
10. ਉਹੀ।
11. ਉਹੀ।
12. ਡਾ. ਪਰਮਿੰਦਰ ਸਿੰਘ, 'ਹੀਰ ਦਮੋਦਰ', ਪੰਨਾ 219.
13. 'ਪੰਜਾਬੀ ਸਾਹਿਤ ਕੋਸ਼', ਪੰਨਾ 383.
14. ਡਾ. ਦੀਵਾਨ ਸਿੰਘ (ਸੰਪਾ.) 'ਕਿੱਸਾ ਸੋਹਣੀ ਮਹੀਂਵਾਲ', ਪੰਨਾ 34.
15. 'ਹੀਰ ਦਮੋਦਰ', ਪੰਨਾ 219.
16. 'ਦਮੋਦਰ ਰਚਨਾਵਲੀ', ਪੰਨਾ 40.
17. ਉਹੀ, ਪੰਨਾ 48.
18. ਪੰਨਾ 535.
19. 'ਦਮੋਦਰ ਰਚਨਾਵਲੀ', ਪੰਨਾ 187.
20. 'ਦਮੋਦਰ', ਪੰਨਾ 36.
21. 'ਮੁਕਬਲ', ਪੰਨਾ 1.
22. ਉਹੀ, ਪੰਨਾ 66.
23. ਉਹੀ, ਪੰਨਾ 1.
24. ਉਹੀ, ਪੰਨਾ 14.
25. 'ਆਧੁਨਿਕ ਸਹਜ ਸ਼ਾਸਤਰ', ਪੰਨਾ 113.
26. 'ਸਾਹਿਤ ਸਿਧਾਂਤ ਤੇ ਸਮੱਸਿਆ', ਪੰਨਾ 24.
27. 'ਹੀਰ ਵਾਰਿਸ ਵਿਚ ਯਥਾਰਥਵਾਦ', ਪੰਨਾ 24.
28. 'ਦਮੋਦਰ ਰਚਨਾਵਲੀ', ਪੰਨਾ 110.
29. 'ਪੰਜਾਬੀ ਦੁਨੀਆ', ਫਰਵਰੀ 1960, ਪੰਨਾ 33.
30. 'ਮੁਕਬਲ', ਪੰਨਾ 13.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

31. ਉਹੀ, ਪੰਨਾ 16.

32. ਉਹੀ, ਪੰਨਾ 19.

33. ਉਹੀ, ਪੰਨਾ 30.

34. ਉਹੀ. ਪੰਨਾ 28.

35. ਉਹੀ, ਪੰਨਾ 2.

36. 'ਪਰੰਪਰਾ', ਪੰਨਾ 600.

37. ਉਹੀ, ਪੰਨਾ 602.

38. 'ਕਿੱਸਾ ਕਾਵਿ ਵਿਚ ਸਮਾਜ ਅਤੇ ਸਭਿਆਚਾਰ', ਪੰਨੇ 179–80.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਸ਼ਕਰਸ਼

ਸਭਿਆਚਾਰ ਕਿਸੇ ਕੌਮ ਦੀ ਜੀਊਂਦੀ ਜਾਗਦੀ ਤਸਵੀਰ ਹੁੰਦੀ ਹੈ। ਇਸ ਵਿਚ ਉਸ ਕੌਮ ਦੀ ਭਾਸ਼ਾ ਤੇ ਬੋਲੀ, ਜੀਵਨ ਦੀਆਂ ਕਦਰਾਂ ਕੀਮਤਾਂ, ਰੀਤਾਂ-ਰਿਵਾਜ, ਧਾਰਮਿਕ ਰੁਚੀਆਂ ਤੇ ਮਿਥਿਹਾਸ, ਰਹਿਣ-ਸਹਿਣ, ਪਹਿਰਾਵਾ ਤੇ ਹਾਰ ਸ਼ਿੰਗਾਰ, ਨੈਤਿਕ ਤੇ ਕਾਨੂੰਨੀ ਨਿਯਮ ਆਦਿ ਸਭ ਆ ਜਾਂਦੇ ਹਨ। ਸਭ ਕੌਮਾਂ ਦੇ ਆਪੋ ਆਪਣੇ ਸਭਿਆਚਾਰ ਹੁੰਦੇ ਹਨ। ਵੱਖ ਵੱਖ ਕੌਮਾਂ ਤੇ ਵੱਖ ਵੱਖ ਦੇਸ਼ ਵੱਖਰੀਆਂ ਵੱਖਰੀਆਂ ਵਸਤੂਆਂ ਨੂੰ ਉੱਤਮ ਮੰਨਦੇ ਹਨ ਤਾਹੀਉਂ ਤਾਂ ਸੰਸਾਰ ਵਿਚ ਵੱਖ ਵੱਖ ਸਭਿਆਚਾਰ ਹਨ। ਇਨ੍ਹਾਂ ਸਭਿਆਚਾਰਾਂ ਦੀ ਇਕ ਦੂਜੇ ਨਾਲ ਮਿਲਣੀ ਤੇ ਟੱਕਰ ਵੀ ਹੁੰਦੀ ਹੈ। ਇਨ੍ਹਾਂ ਦਾ ਆਪਸੀ ਸੰਬੰਧ ਵੀ ਬਣਦਾ ਹੈ। ਇਹ ਇਕ ਦੂਜੇ ਕੋਲੋਂ ਕੁੱਝ ਅਪਣਾਉਂਦੇ ਵੀ ਹਨ ਅਤੇ ਕੁੱਝ ਦੇਂਦੇ ਵੀ। ਇਸ ਪ੍ਰਕ੍ਰਿਆ ਨੂੰ ਸਭਿਆਚਾਰੀਕਰਣ ਆਖਦੇ ਹਨ। ਸਭਿਆਚਾਰਾਂ ਦੇ ਮੇਲ ਨਾਲ ਉਪ ਸਭਿਆਚਾਰ ਵੀ ਹੋਂਦ ਵਿਚ ਆਉਂਦੇ ਹਨ।

ਸਭਿਆਚਾਰ ਨੂੰ ਅਸੀਂ ਉਸ ਸਮੇਂ ਦੇ ਸਾਹਿਤ ਵਿਚੋਂ ਵੇਖ ਸਕਦੇ ਹਾਂ। ਸਾਹਿਤ ਲਿਖਤੀ ਤੇ ਮੌਖਿਕ ਦੋ ਤਰ੍ਹਾਂ ਦਾ ਹੁੰਦਾ ਹੈ। ਮੌਖਿਕ ਸਾਹਿਤ ਨੂੰ ਆਮ ਤੌਰ ਤੇ ਲੋਕ ਸਾਹਿਤ ਆਖਿਆ ਜਾਂਦਾ ਹੈ। ਸਾਹਿਤ ਤੇ ਸਭਿਆਚਾਰ ਦਾ ਆਪਸੀ ਰਿਸ਼ਤਾ ਅਨਿੱਖੜ ਹੈ ਦੋਵੇਂ ਇਕ ਦੂਜੇ ਤੋਂ ਬਿਨਾ ਅਧੂਰੇ ਹਨ। ਸਭਿਆਚਾਰ ਆਮ ਤੌਰ ਤੇ ਲੋਕ ਸਾਹਿਤ ਵਿਚੋਂ ਵਧੇਰੇ ਨਿਰਖਿਆ ਪਰਖਿਆ ਜਾ ਸਕਦਾ ਹੈ। ਲੋਕ ਸਾਹਿਤ ਵਿਚੋਂ ਅਸੀਂ ਆਪਣੇ ਇਤਿਹਾਸ ਤੇ ਮਿਥਿਹਾਸ ਦੇ ਦਰਸ਼ਨ ਕਰ ਸਕਦੇ ਹਾਂ। ਲੋਕ ਸਾਹਿਤ ਵਿਚ ਲੋਕਾਂ ਦੀ ਆਤਮਾ ਜੀਊ ਰਹੀ ਹੁੰਦੀ ਹੈ ਇਸੇ ਲਈ ਕੋਈ ਵੀ ਸਾਹਿਤਕਾਰ ਆਪਣੇ ਲੋਕ ਸਾਹਿਤ ਤੇ ਲੋਕ ਧਾਰਾ ਤੋਂ ਬਾਹਰ ਹੋ ਕੇ ਸਫ਼ਲ ਰਚਨਾ ਨਹੀਂ ਕਰ ਸਕਦਾ।

ਪੰਜਾਬੀ ਕਿੱਸਾ-ਜਗਤ ਵਿਚ ਜਿੰਨੇ ਵੀ ਕਿੱਸਾਕਾਰ ਹੋਏ ਹਨ ਉਨ੍ਹਾਂ ਨੇ ਲੋਕ ਸਾਹਿਤ ਦੀਆਂ ਪਰੰਪਰਾਵਾਂ ਨੂੰ ਕਬੂਲਿਆ ਹੈ। ਪੰਜਾਬੀ ਕਿੱਸਾਕਾਰਾਂ ਨੇ ਲੋਕ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਦੰਤ-ਕਥਾਵਾਂ ਅਤੇ ਮਿਥਾਂ ਨੂੰ ਲੋਕਾਂ ਦੇ ਮੂੰਹੋਂ ਸੁਣ ਕੇ ਆਪਣੀ ਰਚਨਾਤਮਕ ਸੂਝ ਰਾਹੀਂ ਕਾਵਿ-ਬੱਧ ਕੀਤਾ ਹੈ। ਇਸੇ ਲਈ ਪੰਜਾਬੀ ਲੋਕ ਮਨ ਨੇ ਕਿੱਸਿਆਂ ਨੂੰ ਪ੍ਰਵਾਨਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਕੇ ਹਰਮਨ ਪਿਆਰੇ ਬਣਾਇਆ ਹੈ। ਪੰਜਾਬੀ ਕਿੱਸਾ ਲੋਕ ਸਾਹਿਤ ਦਾ ਰਿਣੀ ਹੈ ਕਿਉਂਕਿ ਬਹੁਤੇ ਕਿੱਸਾਕਾਰਾਂ ਨੇ ਆਪਣੇ ਕਿੱਸੇ ਦੀ ਕਥਾ ਨੂੰ ਲੋਕਾਂ ਮੂੰਹੋਂ ਸੁਣ ਕੇ ਆਪਣੀ ਸ਼ੈਲੀ ਵਿਚ ਰੰਗੀਜ਼ ਕੇ ਲੋਕ ਸਮੂਹ ਨੂੰ ਅਰਪਿਤ ਕੀਤਾ ਹੈ। ਦਮੋਦਰ ਅਤੇ ਮੁਕਬਲ ਦੋਹਾਂ ਨੇ ਹੀ ਆਪੋ ਆਪਣੇ ਕਿੱਸਿਆਂ ਨੂੰ ਲੋਕ ਸਾਹਿਤ ਦਿਆਂ ਤੱਤਾਂ ਨਾਲ ਭਰਪੂਰ ਰੱਖਿਆ ਹੈ। ਹੀਰ ਰਾਂਝੇ ਦੀ ਕਹਾਣੀ ਜੋ ਹੀਰ ਸਾਹਿਤ ਦੇ ਮੁੱਢਲੇ ਕਿੱਸਾਕਾਰ ਦਮੋਦਰ ਤੋਂ ਲਗਪਗ ਡੇਢ ਸੌ ਸਾਲ ਪਹਿਲਾਂ ਦੀ ਵਾਪਰੀ ਹੈ, ਵਿਚ ਲੋਕ ਕਥਾਵਾਂ, ਦੰਤ ਕਥਾਵਾਂ ਅਤੇ ਪਰਾਸਰੀਰਕ ਅੰਸ਼ਾਂ ਦਾ ਮਿਸ਼ਰਣ ਹੋਣ ਕਰਕੇ ਲੋਕ ਸਾਹਿਤ ਦੀ ਰਿਣੀ ਹੈ।

ਪੰਜਾਬੀ ਕਿੱਸਿਆਂ ਵਿਚ ਖਾਸ ਕਰਕੇ ਹੀਰ ਦਮੋਦਰ ਅਤੇ ਹੀਰ ਮੁਕਬਲ ਵਿਚਲੇ ਪਾਤਰ, ਸਥਾਨਿਕ ਚਿੱਤਰ, ਰਸਮੋ-ਰਿਵਾਜ, ਨਾਂ ਥਾਂ ਅਤੇ ਉਪ-ਭਾਸ਼ਾ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਦੋਹਾਂ ਕਿੱਸਿਆਂ ਵਿਚ ਹੀਰ, ਰਾਂਝਾ, ਮਲਕੀ ਜਾਂ ਕੂੰਦੀ, ਚੂਚਕ, ਅਲੀ ਖੇੜਾ, ਸਹਿਬਾ ਜਾਂ ਸੈਦਾ ਖੇੜਾ, ਮੌਜਮ ਜਾਂ ਮੌਜੂ, ਜੋਗੀ ਪੀਰ, ਅਦਲੀ ਰਾਜਾ, ਕਾਜੀ, ਚੁਗਲ ਖੋਰ ਤੇ ਸ਼ੈਤਾਨ ਕੈਦੋਂ, ਲੁਡੱਣ, ਹੱਸੀ ਹੀਰ ਦੀ ਸਹੇਲੀ, ਸਹਿਤੀ, ਮਿੱਠੀ ਨਾਇਣ, ਮੁੱਲਾਂ, ਬ੍ਰਾਹਮਣ, ਡੂਮ, ਮੀਰਾਸੀ ਤੇ ਝੀਊਰ ਆਦਿ ਸਭ ਆਪੋ ਆਪਣੇ ਸਮਾਜਕ ਵਰਗਾਂ ਦੇ ਪ੍ਰਤਿਨਿਧ ਪਾਤਰ ਹਨ। ਦਮੋਦਰ ਅਤੇ ਮੁਕਬਲ ਨੇ ਆਪੋ ਆਪਣੇ ਕਿੱਸਿਆਂ ਵਿਚ ਸਮਾਜਕ ਚਿਤ੍ਰਣ ਬੜੀ ਸੂਝ ਬੂਝ ਨਾਲ ਯਥਾਰਥਕ ਢੰਗ ਨਾਲ ਪੇਸ਼ ਕੀਤਾ ਹੈ। ਇਨ੍ਹਾਂ ਵਿਚ ਸਥਾਨਿਕ ਚਿਤ੍ਰਣ ਤੇ ਵਾਤਾਵਰਣ ਦਾ ਪ੍ਰਯੋਗ ਵੀ ਯਥਾਰਥਕਤਾ ਦਾ ਧਾਰਨੀ ਹੈ। ਜਿਵੇਂ ਜੰਗਲਾਂ ਜੂਹਾਂ ਤੇ ਬੇਲਿਆਂ ਵਿਚ ਪਸ਼ੂਆਂ ਦੇ ਵੱਗ ਚਰਦੇ ਫਿਰਦੇ ਹਨ, ਘੋੜੇ ਘੋੜੀਆਂ ਦੀ ਵਰਤੋਂ ਲੜਾਈ ਅਤੇ ਹੋਰ ਕੰਮਾਂ ਲਈ ਹੁੰਦੀ ਹੈ, ਵੰਝਲੀ ਵਜਾਉਂਦਾ ਧੀਦੋ ਰਾਂਝਾ ਹੀਰ ਪਿੱਛੇ ਕਦੀ ਚਾਕ ਬਣਦਾ ਹੈ, ਕਦੀ ਭੇਜ ਬਦਲ ਕੇ ਜੋਗੀ ਬਣਦਾ ਹੈ, ਇਸ਼ਕ ਵਿਚ ਹਉਕੇ ਤੇ ਹੰਝੂ, ਪਿਆਰ ਵਿਚ ਬੇਬਸੀ, ਵਿਛੋੜੇ ਦੀਆਂ ਹੂਕਾਂ, ਪਿਆਰ ਦੀਆਂ ਕੂਕਾਂ ਆਦਿ ਸਭ ਯਥਾਰਥ ਦੇ ਸੰਕਲਪ ਨੂੰ ਉਘਾੜਦੀਆਂ ਹਨ।

ਦਮੋਦਰ ਨੇ ਆਪਣੇ ਕਿੱਸੇ ਦੀ ਨਾਇਕਾ ਹੀਰ ਤੋਂ ਜਾਗੀਰਦਾਰੂ ਸਮਾਜ ਵਿਰੁੱਧ ਬਗਾਵਤ ਕਰਵਾ ਕੇ ਅਬਲਾ ਔਰਤ ਦੀ ਵਕਾਲਤ ਕੀਤੀ ਹੈ। ਮੁਕਬਲ ਨੇ ਆਤਮਿਕ ਦ੍ਰਿਸ਼ਟੀਕੋਣ ਥੱਲੇ ਲੁਕਾ ਕੇ ਹੀਰ ਦੇ ਦਿਲ ਦੀ ਭੜਾਸ ਦਾ ਲਿਸ਼ਕਾਰਾ ਪੁਆਇਆ ਹੈ। ਦਮੋਦਰ ਅਤੇ ਮੁਕਬਲ ਦੋਹਾਂ ਨੇ ਆਪਣੇ ਕਿੱਸਿਆਂ ਵਿਚ ਯਥਾਰਥਕ ਰੰਗਣ ਨੂੰ ਪੇਸ਼ ਕੀਤਾ ਹੈ ਭਾਵੇਂ ਕਿ ਇਨ੍ਹਾਂ ਕਿੱਸਿਆਂ ਵਿਚ ਰੁਮਾਂਚਿਕ ਅਤੇ ਆਦਰਸ਼ਵਾਦੀ ਤੱਤ, ਕਰਾਮਾਤਾਂ ਅਤੇ ਪਰਾਸਰੀਰਕ ਅੰਸ਼ ਵੀ ਮੌਜੂਦ ਹਨ।

ਦਮੋਦਰ ਅਤੇ ਮੁਕਬਲ ਦੋਹਾਂ ਨੇ ਆਪਣੀਆਂ ਰਚਨਾਵਾਂ ਵਿਚ ਪੰਜਾਬੀ ਸਭਿਆਚਾਰਕ ਅੰਸ਼ਾਂ ਨੂੰ ਪ੍ਰਤਿਬਿੰਬਿਤ ਕੀਤਾ ਹੈ। ਦਮੋਦਰ ਨੇ ਕਿੱਸੇ ਦੀ ਕਹਾਣੀ ਨੂੰ ਵਧੇਰੇ ਹਿੰਦੂ ਮਿਥਿਹਾਸ ਤੇ ਭਾਰਤੀ ਪਰੰਪਰਾ ਦੇ ਨੇੜੇ ਰੱਖਿਆ ਹੈ। ਉਸ ਨੇ ਕਿੱਸੇ ਵਿਚ ਹੀਰ ਦੀਆਂ 360 ਸਹੇਲੀਆਂ ਭਗਵਾਨ ਕ੍ਰਿਸ਼ਨ ਦੀਆਂ 360 ਗੋਪੀਆਂ ਦੇ ਪ੍ਰਤੀਕ ਵਜੋਂ ਦਰਸਾਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਜਿਵੇਂ ਭਗਵਾਨ ਕ੍ਰਿਸ਼ਨ ਦੀ ਬੰਸਰੀ ਦੀ ਸੁਰ ਸੁਣ ਕੇ ਗੋਪੀਆਂ ਤੇ ਗਊਆਂ ਉਸ ਦੇ ਦੁਆਲੇ ਇਕੱਠੀਆਂ ਹੋ ਜਾਂਦੀਆਂ, ਠੀਕ ਉਸੇ ਤਰ੍ਹਾਂ ਹੀ ਰਾਂਝੇ ਦੀ ਵੰਝਲੀ ਦੀ ਸੁਰ ਸੁਣ ਕੇ ਹੀਰ, ਹੀਰ ਦੀਆਂ ਸਹੇਲੀਆਂ ਅਤੇ ਹੋਰ ਪਸ਼ੂ ਪੰਛੀ ਮੰਤਰ ਮੁਗਧ ਹੋ ਜਾਂਦੇ।

ਦਮੋਦਰ ਨੇ ਹੀਰ ਰਾਂਝੇ ਦੀ ਪ੍ਰੀਤ ਨੂੰ ਰਾਮ ਤੇ ਸੀਤਾ, ਰਾਧਾ ਤੇ ਕ੍ਰਿਸ਼ਨ ਦੀ ਪ੍ਰੀਤ ਨਾਲ ਤੁਲਨਾਇਆ ਹੈ। ਦਮੋਦਰ ਨੇ ਹੀਰ ਨੂੰ ਭਾਰਤੀ ਨਾਰੀ ਦਾ ਸਰੂਪ ਦਿੱਤਾ ਹੈ ਜਿਵੇਂ ਭਾਰਤੀ ਨਾਰੀ ਆਪਣੇ ਪਤੀ ਨੂੰ ਹੀ ਪਰਮੇਸ਼ਰ ਸਮਝਦੀ ਹੈ ਅਤੇ ਪਰਾਏ ਮਰਦ ਦੀ ਛੋਹ ਤੋਂ ਡਰਦੀ ਹੈ। ਦਮੋਦਰ ਦੀ ਹੀਰ ਨੂਰੇ ਸੰਬਲ ਨਾਲ ਲੜਾਈ ਕਰਦੀ ਹੋਈ ਚੰਡੀ ਦੇਵੀ ਵਰਗੀ ਭਾਸਦੀ ਹੈ। ਹੀਰ ਰਾਜਪੂਤ ਰਾਣੀ ਪਦਮਾਵਤੀ ਵਰਗੀ ਵੀ ਲੱਗਦੀ ਹੈ ਜਿਸ ਵਿਚ ਇਸ਼ਕ ਤੇ ਬਹਾਦਰੀ ਦਾ ਸੁਮੇਲ ਸੀ। ਇਹ ਬਹਾਦਰੀ ਦਾ ਅੰਸ਼ ਪੰਜਾਬੀਆਂ ਦੀ ਰਗ ਰਗ ਵਿਚ ਸਮਾਇਆ ਸੋਇਆ ਹੈ ਕਿਉਂਕਿ "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾ" ਅਨੁਸਾਰ ਇਹ ਲੋਕ ਕਿਸੇ ਪ੍ਰਾਪਤੀ ਲਈ ਲੜਨਾ ਮਰਨਾ ਆਪਣਾ ਧਰਮ ਸਮਝਦੇ ਹਨ। ਪਰ ਦੂਜੇ ਪਾਸੇ ਮੁਕਬਲ ਦੀ ਹੀਰ ਤਾਂ ਆਦਰਸ਼ਵਾਦੀ ਨਾਇਕਾ ਹੈ ਜੋ ਦਮੋਦਰ ਦੀ ਹੀਰ ਦੇ ਮੁਕਾਬਲੇ ਤੇ ਕਮਜ਼ੋਰ ਅਤੇ ਨਿਰਬਲ ਹੈ ਕਿਉਂਕਿ ਇਸਲਾਮੀ ਸ਼ਰ੍ਹਾ ਵਿਚ ਇਸਤਰੀ ਨੂੰ ਉਹ ਸਥਾਨ ਪ੍ਰਾਪਤ ਨਹੀਂ ਜੋ ਹਿੰਦੂ ਪਰੰਪਰਾਵਾ ਵਿਚ ਹੈ।

ਦਮੋਦਰ ਨੇ ਰਸਮਾਂ ਰਿਵਾਜਾਂ ਵਿਚ ਵੀ ਹਿੰਦੂਆਨਾ ਰਸਮਾਂ ਨੂੰ ਹੀ ਵਧੇਰੇ ਪੇਸ਼ ਕੀਤਾ ਹੈ ਕਿਉਂਕਿ ਉਸ ਸਮੇਂ ਹਿੰਦੂ ਲੋਕ ਨਵੇਂ ਨਵੇਂ ਮੁਸਲਮਾਨ ਬਣੇ ਸਨ। ਇਸੇ ਕਰਕੇ ਨਵ-ਮੁਸਲਿਮ ਘਰਾਣਿਆਂ ਵਿਚ ਬ੍ਰਾਹਮਣਾਂ ਦੀ ਕਦਰ ਸੀ ਪਰ ਮੁਕਬਲ ਦੇ ਕਿੱਸੇ ਵਿਚ ਬ੍ਰਾਹਮਣਾਂ ਕੋਲ ਸਿਰਫ ਲਾਗੀਪੁਣਾ ਹੀ ਰਹਿ ਗਿਆ। ਮੁਕਬਲ ਨੂੰ ਤਾਂ ਹੀਰ ਦੀ ਨਨਾਣ ਸਹਿਤੀ ਦਾ ਪ੍ਰੇਮੀ ਰਾਮੂ ਬ੍ਰਾਹਮਣ, ਜਾਤੀ ਹੈਂਕੜ ਕਰਕੇ ਚੁੱਭਦਾ ਹੈ। ਉਹ ਨਹੀਂ ਚਾਹੁੰਦਾ ਕਿ ਇਕ ਮੁਸਲਮਾਨ ਔਰਤ ਕਿਸੇ ਬ੍ਰਾਹਮਣ ਨਾਲ ਇਸ਼ਕ ਕਰੇ। ਇਸੇ ਲਈ ਉਹ ਰਾਮੂ ਬ੍ਰਾਹਮਣ ਦੀ ਜਗ੍ਹਾ ਉੱਤੇ ਮੁਰਾਦ ਬਲੋਚ ਨੂੰ ਲਿਆ ਖੜਾ ਕਰਦਾ ਹੈ। ਦਮੋਦਰ ਨੇ ਆਪਣੇ ਪਾਤਰਾਂ ਦੇ ਨਾਂ ਹਿੰਦੂਆਨਾ ਰੱਖੇ ਹਨ ਪਰ ਮੁਕਬਲ ਨੇ ਪਾਤਰਾਂ ਦਾ ਇਸਲਾਮੀ-ਕਰਣ ਕਰ ਦਿੱਤਾ ਹੈ, ਇਥੇ ਉਸ ਦੀ ਇਸਲਾਮੀ ਸ਼ਰ੍ਹਾ ਵਿਚ ਕੱਟੜਤਾ ਸਾਫ਼ ਨਜ਼ਰ ਆਉਂਦੀ ਹੈ।

ਦਮੋਦਰ ਕਿੱਸੇ ਦਾ ਆਰੰਭ ਭਾਰਤੀ ਪਰੰਪਰਾ ਅਨੁਸਾਰ ਇਕ ਪਰਮਾਤਮਾ ਦੀ ਹੋਂਦ ਨੂੰ ਧਿਆਨ ਵਿਚ ਰੱਖ ਕੇ ਕਰਦਾ ਹੈ ਜਿਸ ਨੇ ਇਹ ਸਾਰੀ ਸ੍ਰਿਸ਼ਟੀ ਸਾਜੀ ਹੈ। ਦਮੋਦਰ ਪਰਮਾਤਮਾ ਲਈ ਸਾਂਝਾ ਸ਼ਬਦ 'ਸਾਹਿਬ' ਲਿਖਦਾ ਹੈ। ਦਮੋਦਰ ਉਪਰ ਸਿੱਖ ਮਤ ਦਾ ਪ੍ਰਭਾਵ ਵੀ ਜਾਪਦਾ ਹੈ। ਜਦੋਂ ਹੀਰ ਕੋਟ ਕਬੂਲੇ ਦੇ ਕਾਜ਼ੀ ਨੂੰ ਆਪਣੀ ਰਾਂਝੇ ਨਾਲ ਪ੍ਰੀਤ ਨੂੰ ਜੁਗਾਂ-ਜੁਗਾਂਤਰਾਂ ਤੋਂ ਹੋਈ ਦਰਸਾਉਂਦੀ ਹੈ ਤਾਂ ਦਮੋਦਰ ਉਪਰ ਵੇਦਾਂਤ ਦਾ ਪ੍ਰਭਾਵ ਵੀ ਪ੍ਰਤੱਖ ਦਿਸਦਾ ਹੈ। ਇਥੇ ਦਮੋਦਰ ਪੁਰਾਤਨ ਹਿੰਦੂ ਦਰਸ਼ਨ ਦਾ ਵਿਦਵਾਨ ਜਾਪਦਾ ਹੈ। ਪਰ ਮੁਕਬਲ ਜੋ ਇਸਲਾਮੀ ਸ਼ਰ੍ਹਾ ਦਾ ਪਾਬੰਦ ਹੈ, ਉਸ ਨੂੰ ਰੂਹਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਨਰ ਮਿਲਨ ਵਿਚ ਵਿਸ਼ਵਾਸ ਨਹੀਂ ਹੈ। ਦਮੋਦਰ ਨੇ ਕਿੱਸੇ ਦਾ ਅੰਤ ਵੀ ਸੁਖਾਂਤ ਵਿਚ ਕਰਕੇ ਭਾਰਤੀ ਕਥਾ-ਕਾਵਿ ਦੇ ਪ੍ਰਭਾਵ ਨੂੰ ਕਬੂਲਿਆ ਹੈ। ਪਰ ਮੁਕਬਲ ਨੇ ਆਪਣੇ ਕਿੱਸੇ ਦਾ ਦੁਖਾਂਤਕ ਰੰਗਣ ਨਾਲ ਅੰਤ ਕਰਕੇ ਫ਼ਾਰਸੀ ਮਸਨਵੀ ਦੇ ਪ੍ਰਭਾਵ ਨੂੰ ਅਪਣਾਇਆ ਹੈ।

ਦਮੋਦਰ ਨੇ ਆਪਣੇ ਕਿੱਸੇ ਵਿਚ 'ਦਵੱਯਾ' ਛੰਦ ਵਰਤਿਆ ਜੋ ਭਾਰਤੀ ਛੰਦ-ਪ੍ਰਬੰਧ ਵਿਚੋਂ ਲਿਆ ਗਿਆ ਹੈ ਪਰ ਦੂਜੇ ਪਾਸੇ ਮੁਕਬਲ ਨੇ ਆਪਣੇ ਕਿੱਸੇ ਵਿਚ 'ਬੈਂਤ' ਛੰਦ ਦੀ ਵਰਤੋਂ ਕੀਤੀ ਜੋ ਕਿ ਫ਼ਾਰਸੀ ਸਾਹਿਤ ਵਿਚੋਂ ਪੰਜਾਬੀ ਵਿਚ ਆਇਆ ਅਤੇ ਜਿਸ ਨੂੰ ਬਾਅਦ ਵਿਚ ਭਾਰਤੀ ਹਿੰਦੂ ਸਿੱਖ ਕਵੀਆਂ ਨੇ ਵੀ ਅਪਣਾ ਲਿਆ। ਦਮੋਦਰ ਅਤੇ ਮੁਕਬਲ ਦੋਹਾਂ ਨੇ ਆਪਣੇ ਕਿੱਸੇ ਵਿਚ ਇਸ਼ਕ ਦੇ ਸੰਕਲਪ ਨੂੰ ਬਿਆਨਿਆ ਹੈ। ਦਮੋਦਰ ਨੇ ਭਾਰਤੀ ਪਰੰਪਰਾ ਅਨੁਸਾਰ ਹੀਰ-ਰਾਂਝੇ ਦੇ ਇਸ਼ਕ ਨੂੰ ਪੇਸ਼ ਕੀਤਾ ਹੈ। ਦਮੋਦਰ ਨੇ ਸੰਸਾਰੀ ਪ੍ਰੇਮ ਵਿਚ ਪ੍ਰਮਾਰਥ ਦੀਆਂ ਗੱਲਾਂ ਕੀਤੀਆਂ ਹਨ ਪਰ ਮੁਕਬਲ ਨੇ ਇਸ਼ਕ ਨੂੰ ਇਸਲਾਮੀ ਪਰੰਪਰਾ ਅਨੁਸਾਰ ਅਤੇ ਸੂਫ਼ੀਆਨਾ ਰੰਗ ਵਿਚ ਪੇਸ਼ ਕੀਤਾ ਹੈ। ਮੁਕਬਲ ਨੇ ਇਸ਼ਕ ਮਿਜਾਜ਼ੀ ਤੇ ਇਸ਼ਕ ਹਕੀਕੀ ਦੋਹਾਂ ਮੰਜ਼ਲਾਂ ਨੂੰ ਆਪਣੇ ਕਿੱਸੇ ਵਿਚ ਵਰਨਣ ਕੀਤਾ ਹੈ।

ਸਮੁੱਚੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਦਮੋਦਰ ਪੰਜਾਬੀ ਕਿੱਸਾ ਕਾਵਿ ਦਾ ਮੁੱਢਲਾ ਕਿੱਸਾਕਾਰ ਹੈ ਜਿਸ ਨੇ ਆਪਣੇ ਕਿੱਸੇ ਵਿਚ ਹਿੰਦੂ ਪਰੰਪਰਾ ਤੇ ਮਿਥਿਹਾਸ, ਸੂਫ਼ੀ ਮਤ, ਸਿੱਖ ਮਤ ਅਤੇ ਜੋਗ ਮਤ ਦੇ ਪ੍ਰਭਾਵ ਦੇ ਨਾਲ ਨਾਲ ਫ਼ਾਰਸੀ ਮਸਨਵੀ ਤੋਂ ਵੀ ਪ੍ਰੇਰਨਾ ਲਈ ਹੈ। ਦਮੋਦਰ ਇਕ ਪੜ੍ਹਿਆ ਲਿਖਿਆ ਵਿਦਵਾਨ ਲੱਗਦਾ ਹੈ। ਦਮੋਦਰ ਨੇ ਆਪਣੇ ਕਿੱਸੇ ਵਿਚ ਔਰਤ ਜਾਤ ਨੂੰ ਮਰਦਾਂ ਵਾਂਗ ਲੜਦਿਆਂ ਵਿਖਾਇਆ ਹੈ। ਹੀਰ ਨੂੰ ਸੁੰਦਰਤਾ ਦੀ ਮਾਰਕ ਹੋਣ ਦੇ ਨਾਲ ਤਲਵਾਰ ਦੀ ਧਨੀ ਵੀ ਵਿਖਾਇਆ ਹੈ। ਹੀਰ ਦੇ ਸਾਹਮਣੇ ਸਮਾਜਕ ਬੰਧਨ ਅੜ ਨਹੀਂ ਸਕੇ। ਕੀ ਮਾਪੇ, ਕੀ ਸਹੁਰੇ, ਕੀ ਕਾਜ਼ੀ, ਕੀ ਅਦਲੀ ਰਾਜਾ, ਕੀ ਨੂਰੇ ਸੰਬਲ ਵਰਗੇ ਹੈਂਕੜਬਾਜ਼ ਆਦਿ ਸਭ ਨੂੰ ਹੀਰ ਨੇ ਆਪਣੀ ਇੱਛਾ ਦੇ ਵਿਰੁੱਧ ਖਲੋਣ ਨਹੀਂ ਦਿੱਤਾ। ਦਮੋਦਰ ਦੀ ਹੀਰ ਵਿਚੋਂ ਸਮੁੱਚੀ ਪੰਜਾਬਣ ਮੁਟਿਆਰ ਝਲਕਦੀ ਹੈ। ਦੂਜੇ ਪਾਸੇ ਮੁਕਬਲ ਨੇ ਵੀ ਪੰਜਾਬੀ ਸਭਿਆਚਾਰ ਨੂੰ ਆਪਣੇ ਕਿੱਸੇ ਵਿਚ ਪ੍ਰਤਿਬਿੰਬਿਤ ਕੀਤਾ ਹੈ ਪਰ ਉਸ ਨੇ ਦਮੋਦਰ ਨਾਲੋਂ ਫ਼ਰਕ ਰੱਖਦਿਆਂ ਪਾਤਰਾਂ ਦਾ ਇਸਲਾਮੀਕਰਣ ਕੀਤਾ ਹੈ। ਮੁਕਬਲ ਦੇ ਕਿੱਸੇ ਵਿਚ ਵਧੇਰੇ ਪ੍ਰਭਾਵ ਇਸਲਾਮੀ ਨਾਵਾਂ, ਇਤਿਹਾਸਕ ਤੇ ਮਿਥਿਕ ਕਥਾਵਾਂ ਦਾ ਹੈ ਜਿਵੇਂ ਚੌਦਾਂ ਤਬਕ, ਹਜ਼ਰਤ ਸਾਹਿਬ, ਅਜ਼ਾਜ਼ੀਲ, ਸ਼ੈਤਾਨ, ਰੋਜ਼ ਹਸ਼ਰ, ਅਬੂ ਬਕਰ, ਉਮਰ ਉਸਮਾਨ ਅਲੀ, ਪੰਜ ਪੀਰ, ਬੀਬੀ ਰਾਬਿਆ, ਸ਼ੇਖ ਸੱਨ੍ਹਾ ਆਦਿ। ਮੁਕਬਲ ਨੇ ਹਿੰਦੂ ਪਰੰਪਰਾ, ਮਿਥਾਂ ਅਤੇ ਇਤਿਹਾਸਕ ਹਵਾਲਿਆਂ ਦਾ ਵੀ ਜ਼ਿਕਰ ਕੀਤਾ ਹੈ ਪਰ ਦਮੋਦਰ ਜਿੰਨਾ ਨਹੀਂ। ਮੁਕਬਲ ਨੇ ਕਿੱਸੇ ਦਾ ਅੰਤ ਦੁਖਾਂਤ ਵਿਚ ਕੀਤਾ ਹੈ ਜੋ ਕਿ ਇਸਲਾਮੀ ਸਭਿਆਚਾਰ ਅਤੇ ਸੈਮਟਿਕ ਪ੍ਰਭਾਵ ਦੀ ਦੇਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਇਹ ਪਰੰਪਰਾ ਮਗਰਲੇ ਕਿੱਸਾਕਾਰਾਂ ਨੇ ਅਪਣਾ ਲਈ ਅਤੇ ਪੰਜਾਬੀ ਵਿਚਲੇ ਬਹੁਤੇ ਕਿੱਸੇ ਦੁਖਾਂਤ ਵਿਚ ਰਚੇ ਜਾਣ ਲੱਗ ਪਏ। ਮੁਕਦੀ ਗੱਲ ਇਹ ਹੈ ਕਿ ਦਮੋਦਰ ਅਤੇ ਮੁਕਬਲ ਦੋਹਾਂ ਕਿੱਸਾਕਾਰਾਂ ਨੇ ਕਰਮਵਾਰ ਹਿੰਦੂ ਪਰੰਪਰਾਵਾਂ ਅਤੇ ਇਸਲਾਮੀ ਪਰੰਪਰਾਵਾਂ ਨੂੰ ਆਪਣਿਆਂ ਕਿੱਸਿਆਂ ਵਿਚ ਵਰਨਣ ਕੀਤਾ ਹੈ। ਇਸਲਾਮ ਤੇ ਹਿੰਦੂ ਧਰਮ ਦੋਹਾਂ ਦੇ ਸਭਿਆਚਾਰਾਂ ਨੇ ਰਲ ਕੇ ਇਕ ਦੂਜੇ ਉੱਤੇ ਪ੍ਰਭਾਵ ਵੀ ਪਾਇਆ ਅਤੇ ਇਕ ਦੂਜੇ ਤੋਂ ਕੁੱਝ ਲਿਆ ਵੀ। ਦੋਵੇਂ ਰਲ ਕੇ ਸਮੁੱਚੇ ਪੰਜਾਬੀ ਸਭਿਆਚਾਰ ਨੂੰ ਉਜਾਗਰ ਕਰਦੇ ਹਨ। ਦਮੋਦਰ ਦਾ ਕਿੱਸਾ ਜਿਥੇ ਨਿਰੰਤਰ ਮੁਸਲਮਾਨੀ ਰੰਗ ਵਿਚ ਰੰਗੇ ਜਾ ਰਹੇ ਪੰਜਾਬੀ ਸਭਿਆਚਾਰ ਦੀ ਗੱਲ ਕਰਦਾ ਹੈ ਉਥੇ ਮੁਕਬਲ ਦਾ ਕਿੱਸਾ ਮੁਸਲਮਾਨੀ ਰੰਗ ਵਿਚ ਰੰਗੀ ਜੇ ਪੰਜਾਬੀ ਸਭਿਆਚਾਰ ਵਿਚਲੇ ਹਿੰਦਵੀਂ ਰੰਗ ਦੀ ਭਾਅ ਮਾਰਦਾ ਹੈ। ਦੋਹਾਂ ਕਿੱਸਿਆਂ ਵਿਚ ਵਿਚਾਰਧਾਰਕ ਤੇ ਸਭਿਆਚਾਰਕ ਵੱਖਰਤਾਵਾਂ ਹੋਣ ਦੇ ਬਾਵਜੂਦ ਇਕ ਸਾਂਝੇ ਪੰਜਾਬੀ ਸਭਿਆਚਾਰ ਤੇ ਪੰਜਾਬੀਅਤ ਦੇ ਝਲਕਾਰੇ ਦਿੱਸਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ ਸੂਚੀ

ਪੰਜਾਬੀ :

ਅਸ਼ੋਕ, ਸ਼ਮਸ਼ੇਰ ਸਿੰਘ, 'ਪੰਜਾਬੀ ਜੀਵਨ ਤੇ ਸੰਸਕ੍ਰਿਤੀ', ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, ਪਹਿਲਾ ਸੰਸਕਰਣ, 1965.

———, 'ਮੁਕਬਲ' (ਸੰਪ.) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪਹਿਲਾ ਸੰਸਕਰਣ, 1961.

———, 'ਹੀਰ ਵਾਰਿਸ' (ਸੰਪ.) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1976.

ਸਵਰਨ ਸਿੰਘ (ਡਾ.) 'ਕਿੱਸਾ ਕਾਵਿ ਵਿਚ ਸਮਾਜ ਤੇ ਸਭਿਆਚਾਰ', ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲਾ ਸੰਸਕਰਣ, 1981.

ਸਵਿੰਦਰਜੀਤ ਕੌਰ, 'ਸਮਾਜ ਵਿਗਿਆਨ ਨਾਲ ਜਾਣ ਪਛਾਣ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲਾ ਸੰਸਕਰਣ, 1971.

ਸੀਤਲ, ਜੀਤ ਸਿੰਘ (ਡਾ.) 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੈਪਸੂ ਬੁਕ ਡੀਪੂ, ਪਟਿਆਲਾ, ਪਹਿਲਾ ਸੰਸਕਰਣ, 1974.

ਸ਼ਾਨ, ਹਰਨਾਮ ਸਿੰਘ (ਡਾ.) 'ਕਿੱਸਾ ਕਾਵਿ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪਹਿਲਾ ਸੰਸਕਰਣ, ਮਿਤੀਹੀਣ ।

ਹਰਿਭਜਨ ਸਿੰਘ (ਡਾ.) 'ਕਿੱਸਾ ਪੰਜਾਬ'. ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1973.

ਕਸੇਲ, ਕਿਰਪਾਲ ਸਿੰਘ (ਡਾ.), 'ਪੰਜਾਬੀ ਸਾਹਿਤ ਦਾ ਇਤਿਹਾਸ' (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਕਿੰਗਜ਼ਲੇ ਡੇਵਿਸ, 'ਮਨੁੱਖੀ ਸਮਾਜ', (ਅਨੁ.) ਡਾ. ਪ੍ਰਕਾਸ਼ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲਾ ਸੰਸਕਰਣ, 1971.

ਕੋਹਲੀ, ਸੁਰਿੰਦਰ ਸਿੰਘ (ਡਾ.) 'ਪੰਜਾਬੀ ਸਾਹਿਤ ਦਾ ਇਤਿਹਾਸ', (1700 ਈ. ਤਕ) ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਂਗ, ਕੁਲਬੀਰ ਸਿੰਘ (ਡਾ.) 'ਦਮੋਦਰ ਇਕ ਸਾਹਿਤਕ ਮੁਲਾਂਕਣ', ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲਾ ਸੰਸਕਰਣ, 1975.

ਗੁਰਚਰਨ ਸਿੰਘ (ਡਾ.), 'ਕਿੱਸਾ ਕਾਵਿ', ਭਾਸ਼ਾ ਵਿਭਾਗ, ਪੰਜਾਬ ਪਟਿਆਲਾ, ਪਹਿਲਾ ਸੰਸਕਰਣ, ਮਿਤੀਹੀਣ।

———, 'ਸਾਹਿਤ ਸਿਧਾਂਤ ਤੇ ਸਮੱਸਿਆ', ਮਦਨ ਪਬਲਿਸ਼ਰਜ਼, ਪਟਿਆਲਾ, 1971.

ਗਿਲ, ਗੁਰਦੇਵ ਸਿੰਘ (ਪ੍ਰੋ.) 'ਹੀਰ ਕਾਵਿ ਪਰੰਪਰਾ ਤੇ ਹੀਰ ਮੁਕਬਲ', ਲਾਹੌਰ ਬੁਕ ਸ਼ਾਪ, ਲੁਧਿਆਣਾ, ਪਹਿਲਾ ਸੰਸਕਰਣ, 1977.

ਜੱਗੀ, ਰਤਨ ਸਿੰਘ (ਡਾ.) 'ਪੰਜਾਬੀ ਸਾਹਿਤ ਦਾ ਇਤਿਹਾਸ' (ਭਾਗ ਦੂਜਾ) ਪੰਜਾਬੀ ਯੂਨੀਰਰਸਿਟੀ, ਪਟਿਆਲਾ, 1976.

ਤਾਰਨ ਸਿੰਘ (ਡਾ.), 'ਪੰਜਾਬੀ ਸਾਹਿਤ ਤੇ ਸਾਹਿਤਕਾਰ', ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲਾ ਸੰਸਕਰਣ, 1963.

ਦੀਵਾਨ ਸਿੰਘ ਤੇ ਰੋਸ਼ਨ ਲਾਲ ਆਹੂਜਾ (ਸੰਪ.), 'ਸੱਸੀ ਪੁੰਨੂੰ ਹਾਸ਼ਮ', ਨਿਊ ਬੁੱਕ ਕੰਪਨੀ, ਜਲੰਧਰ, ਪੰਜਵਾਂ ਸੰਸਕਰਣ, 1975.

———, 'ਕਿੱਸਾ ਸੋਹਣੀ ਮਹੀਂਵਾਲ', ਕ੍ਰਿਸ਼ਨਾ ਬ੍ਰਦਰਜ਼, ਅੰਮ੍ਰਿਤਸਰ, ਦੂਜਾ ਸੰਸਕਰਣ 1967.

ਨਾਭਾ, ਕਾਨ੍ਹ ਸਿੰਘ (ਭਾਈ), 'ਗੁਰਸ਼ਬਦ ਰਤਨਾਕਾਰ ਮਹਾਨ ਕੋਸ਼', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥਾ ਸੰਸਕਰਣ, 1981.

ਪਦਮ ਪਿਆਰਾ ਸਿੰਘ (ਪ੍ਰੋ.), 'ਪੰਜਾਬੀ ਆਲੋਚਨਾ ਇਕ ਪਰਿਚਯ', (ਸੰਪ.) ਰਵਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜਾ ਸੰਸਕਰਣ, 1973.

ਪਰਮਿੰਦਰ ਸਿੰਘ (ਡਾ,), 'ਹੀਰ ਦਮੋਦਰ ਇਕ ਆਲੋਚਨਾਤਮਿਕ ਅਧਿਐਨ', ਪੈਪਸੂ ਬੁਕ ਡੀਪੂ, ਪਟਿਆਲਾ, 1979.

ਪ੍ਰੇਮੀ, ਗੁਰਦਿੱਤ ਸਿੰਘ (ਪ੍ਰਿੰ.), 'ਦਮੋਦਰ ਰਚਨਾਵਲੀ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪਹਿਲਾ ਸੰਸਕਰਣ, 1978.

———, 'ਦਮੋਦਰ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲਾ ਸੰਸਕਰਣ, 1977.

ਪ੍ਰੀਤਮ ਸਿੰਘ (ਪ੍ਰੋ.), 'ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸ਼ੀ ਪ੍ਰਭਾਵ', ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1978.

'ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਕੋਸ਼', (ਸੰਪ. ਗੁਰਦਿੱਤ ਸਿੰਘ ਪ੍ਰੇਮੀ ਤੇ ਹੋਰ ਲੇਖਕ), ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਬੇਦੀ, ਸੋਹਿੰਦਰ ਸਿੰਘ (ਡਾ.), 'ਪੰਜਾਬ ਦੀ ਲੋਕਧਾਰਾ', ਨੈਸ਼ਨਲ ਬੁੱਕ ਟਰਸਟ, ਇੰਡੀਆ, ਨਵੀਂ ਦਿੱਲੀ, 1973.

———, 'ਪੰਜਾਬ ਦਾ ਲੋਕ ਸਾਹਿਤ', ਨਵਯੁੱਗ ਪਬਲਿਸ਼ਰਜ਼, ਦਿੱਲੀ, ਪਹਿਲਾ ਸੰਸਕਰਣ, 1978.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

———, 'ਲੋਕ ਧਾਰਾ ਅਤੇ ਸਾਹਿਤ', ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟਰੀ-ਅਲ ਸੋਸਾਇਟੀ ਲਿ., ਨਵੀਂ ਦਿੱਲੀ, 1977.

ਮਨਜੀਤ ਕੌਰ (ਪ੍ਰੋ.), 'ਹੀਰ ਵਾਰਿਸ ਵਿਚ ਯਥਾਰਥਵਾਦ', ਲਾਹੌਰ ਬੁਕ ਸ਼ਾਪ, ਲੁਧਿਆਣਾ, ਮਿਤੀਹੀਣ।

ਹਿੰਦੀ :

ਉਪਾਧਿਆਇ, ਭਵਗਤ ਸ਼ਰਣ, 'ਸੰਸਕ੍ਰਿਤਕ ਭਾਰਤ', ਰਾਜਪਾਲ ਐਂਡ ਸਨਜ਼, ਦਿੱਲੀ, 1955.

———, 'ਭਾਰਤੀ ਸੰਸਕ੍ਰਿਤੀ ਕੇ ਸਰੋਤ', ਪੀਪਲਜ਼ ਪਬਲਿਸ਼ਿੰਗ ਹਾਊਸ, ਪ੍ਰਾਈਵੇਟ ਲਿ., ਨਵੀਂ ਦਿੱਲੀ-55, ਮਿਤੀਹੀਣ।

ਅਗਰਵਾਲ, ਵਾਸਦੇਵ ਸ਼ਰਣ, 'ਸੰਸਕ੍ਰਿਤੀ ਔਰ ਕਲਾ', ਸਾਹਿਤਯ ਭਵਨ, ਲਿ., ਇਲਾਹਾ-ਬਾਦ, 1952.

'ਹਜ਼ਾਰੀ ਪ੍ਰਸ਼ਾਦ ਦਿਵੇਦੀ ਗ੍ਰੰਥਾਵਲੀ', ਜਿਲਦ 9, ਰਾਜਕਮਲ, ਪ੍ਰਕਾਸ਼ਨ, ਪ੍ਰਾਈਵੇਟ ਲਿ. ਨਵੀਂ, ਦਿੱਲੀ, ਪਹਿਲਾ ਸੰਸਕਰਣ, 1981.

ਦੇਵ ਰਾਜ. 'ਸੰਸਕ੍ਰਿਤੀ ਕਾ ਦਾਰਸ਼ਨਿਕ ਵਿਵੇਚਨ', ਪ੍ਰਕਾਸ਼ਨ ਬਿਊਰੋ, ਸੂਚਨਾ ਵਿਭਾਗ, ਉੱਤਰ ਪ੍ਰਦੇਸ਼, ਲਖਨਊ, 1957.

English :

Clark Wissler, 'Man and Culture', Thomas V. Crowell Co., New York, 1923,

Cuber John, 'Sociology', Vision, London, 1964,

'Encyclopaedia of Social Sciences', (ed.) Boas, The Macmillan Co and The Free Press, 1954.

'International Encyclopaedia of Social Sciences', Vol. I, The Macmillan Co., and the free Press, 1968.

'Introduction to Cultural Anthropology (ed.) James A. Clifton Houghton Mifflin Co , Boston, 1968.

Kroeber, 'Anthropology', Oxford & IBH Pudlishing Co., Calcutta, 1923.

Kroeber & Kluckhohn, 'Culture : A Critical Review of Conce-pts and Deffinitions', Mass, Camb. 1952.

Tylor, E.B , 'Primitive Culture', Vol. I, John Murray, London, 1920.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੋਜ ਪਤ੍ਰਿਕਾਵਾਂ ਅਤੇ ਰਸਾਲੇ :

'ਸ਼ੀਰਾਜ਼ਾ', ਅਕੈਡਮੀ ਆਫ਼ ਆਰਟ, ਕਲਚਰ ਐਂਡ ਲੇਂਗਵੇਜਿਜ਼, ਜੰਮੂ, ਜਨਵਰੀ-ਫਰਵਰੀ, 1980.

———, ਮਈ, ਜੂਨ, 1980.

'ਖੋਜ ਦਰਪਣ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ, 1980.

———, ਜਨਵਰੀ 1981.

'ਖੋਜ ਪਤ੍ਰਿਕਾ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

'ਪਰੰਪਰਾ', ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ, ਦਸੰਬਰ, 1980.

'ਪੰਜਾਬੀ ਦੁਨੀਆ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਾਰਚ, 1951.

———, ਫਰਵਰੀ, 1960.

———, ਅਗਸਤ 1976.

8303

ਗੁਰੂਕੁਲ ਕਾਂਗੜੀ ਵਿਸ਼ਵ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

Accession 30/5/93

Class on

Cat on

Tag etc.

Checked

Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar